# ਬਾਰਹਮਾਹਾ
# ਮਹੀਨਾ ਕੱਤਕ

ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਅਤੇ ਰਾਗ ਮਾਝ ਵਿਚ ਰਚੇ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ ਵਿਚੋਂ ਕੱਤਕ ਦੇ ਮਹੀਨੇ ਦਾ ਪਾਠ ਅਤੇ ਸਰਲ ਵਿਆਖਿਆ।

***ਤੁਖਾਰੀ ਛੰਤ ਮਹਲਾ ੧ ਬਾਰਹਮਾਹਾ***

*ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥*
*ਦੀਪਕੁ ਸਹਜਿ ਬਲੈ ਤਤਿ ਜਲਾਇਆ॥*
*ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥*
*ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥*
*ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥*
*ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥* *ਪੰਨਾ - 1109*

ਕੱਤਕ ਦੇ ਮਹੀਨੇ ਵਿਚ ਜਿਵੇਂ ਕਿਰਸਾਨ ਮੁੰਜੀ (ਝੋਨਾ), ਮਕਈ ਆਦਿਕ ਸਾਵਣੀ ਦੀ ਫਸਲ ਕੱਟ ਕੇ ਘਰ ਲਿਆਉਂਦਾ ਹੈ, ਤਿਵੇਂ ਹੀ ਅਸੀਂ ਸਾਰੇ ਮਨੁੱਖ ਕੀਤੇ ਕਰਮਾਂ ਦੇ ਫਲ, ਇਕੱਠੇ ਕੀਤੇ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਕਰਦੇ ਹਾਂ (ਕਿਰਤੁ ਪਇਆ)। ਅਸੀਂ ਸਭ ਜੀਵ ਮਨ ਰਾਹੀਂ, ਬਚਨਾਂ ਰਾਹੀਂ ਅਤੇ ਕਰਮਾਂ ਰਾਹੀਂ ਕਈ ਜਨਮਾਂ ਤੋਂ ਕਰਮ ਕਰਦੇ ਆ ਰਹੇ ਹਾਂ, ਪ੍ਰਮਾਤਮਾ ਦੇ ਹੁਕਮ ਅਨੁਸਾਰ, ਉਸ ਦੇ ਨਿਯਮਾਂ (ਖੁਸ਼ੀ) ਅਨੁਸਾਰ (ਪ੍ਰਭ ਭਾਇਆ) ਹਰੇਕ ਕਰਮ ਦਾ ਪ੍ਰਤੀਕਰਮ ਹੋ ਰਿਹਾ ਹੈ। ਕਈ ਜਨਮਾਂ ਤੋਂ ਅਸੀਂ ਇਹ ਕਿਰਿਆ ਕਰਦੇ ਆ ਰਹੇ ਹਾਂ ਅਤੇ ਉਨ੍ਹਾਂ ਦੇ ਪ੍ਰਤੀਕਰ,ਮ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਕਰ ਰਹੇ ਹਾਂ, ਸੰਸਕਾਰ ਸਾਨੂੰ ਅਗਲੇ ਕਰਮਾਂ ਲਈ ਪ੍ਰੇਰਤ ਕਰਦੇ ਹਨ। ਇਹ ਚੱਕਰ ਚਲਦਾ ਰਹਿੰਦਾ ਹੈ। ਗੁਰੂ ਕ੍ਰਿਪਾ ਨਾਲ ਹੀ ਇਹ ਦੋਸ਼-ਚੱਕਰ ਟੁੱਟ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*
*ਪੰਨਾ - 268*

ਜਿਹੜਾ ਮਨੁੱਖ ਗੁਰੂ ਕ੍ਰਿਪਾ ਦਾ ਪਾਤਰ ਬਣ ਜਾਂਦਾ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਆ ਜਾਂਦੀ ਹੈ, ਉਸ ਦੇ ਹਿਰਦੇ ਵਿਚ ਆਤਮਕ ਚਾਨਣ ਬਖਸ਼ਣ ਵਾਲਾ ਦੀਵਾ ਜਗ ਪੈਂਦਾ ਹੈ। ਗੁਰੂ ਨੇ ਆਤਮਕ ਤੱਤ ਦੀ ਸੋਝੀ ਬਖਸ਼ੀ, ਪ੍ਰਭੂ ਪਛਾਣ ਬਖਸ਼ਿਸ਼ ਕੀਤੀ ਅਤੇ ਅੰਦਰ ਚਾਨਣ ਹੋ ਗਿਆ, ਬੁਝਿਆ ਦੀਵਾ ਜਗ ਪਿਆ (ਦੀਪਕੁ ਸਹਿਜ ਬਲੈ ਤਤਿ ਜਲਾਇਆ॥) ਅਜਿਹੀ ਅਵਸਥਾ ਵਿਚ ਜੀਵ ਇਸਤ੍ਰੀ ਨੂੰ ਪ੍ਰਭੂ-ਪਤੀ ਦਾ ਮਿਲਾਪ ਪ੍ਰਾਪਤ ਹੋ ਗਿਆ (ਧਨ ਪਿਰ ਮੇਲੋ), ਹਿਰਦਾ ਰਸ ਭਰਪੂਰ ਹੋ ਗਿਆ, ਆਤਮਕ ਅਨੰਦ ਵਿਚ ਖਿੜ ਗਿਆ। ਜਿਵੇਂ ਤੇਲ ਮਿਲਣ ਤੇ ਦੀਵੇ ਦੀ ਰੌਸ਼ਨੀ ਵਧ ਜਾਂਦੀ ਹੈ, ਤਿਵੇਂ ਜੀਵ ਉਤਸ਼ਾਹ ਭਰਪੂਰ ਹੋ ਕੇ ਆਤਮਕ ਅਨੰਦ ਮਾਣਦਾ ਹੈ, ਵਿਗਸਦਾ ਹੈ (ਧਨ ਓਮਾਹੈ ਸਰਸੀ)।

ਜਿਸ ਜੀਵ ਇਸਤ੍ਰੀ ਨੂੰ ਵਿਕਾਰਾਂ ਨੇ ਘੇਰਿਆ ਹੋਇਆ ਹੈ, ਵਿਕਾਰਾਂ ਨੇ ਮਾਰ ਮੁਕਾਇਆ ਹੈ, ਉਹ ਤਾਂ ਮੁਰਦਾ ਸਰੀਰ ਹੈ, ਉਹ ਆਤਮਕ ਤੌਰ ਤੇ ਮਰ ਚੁੱਕੀ ਹੈ (ਅਵਗਣ ਮਾਰੀ ਮਰੈ) ਉਹ ਜ਼ਿੰਦਗੀ ਦੇ ਰਹੱਸ ਨੂੰ ਜਾਣ ਨਹੀਂ ਸਕਦੀ, ਆਤਮਕ ਸੂਝ ਤੋਂ ਕੋਰੀ ਹੁੰਦੀ ਹੈ (ਨ ਸੀਝੈ), ਪਰ ਇਸ ਦੇ ਵਿਪਰੀਤ ਜਿਸ ਜੀਵ ਇਸਤ੍ਰੀ ਨੇ ਪ੍ਰਭੂ ਦੀ ਕ੍ਰਿਪਾ ਸਦਕਾ, ਉਤਮ ਸੰਸਕਾਰਾਂ ਸਦਕਾ, ਪ੍ਰਭੂ ਦੇ ਗੁਣਾਂ ਦੀ ਸਿਫਤ ਸਾਲਾਹ ਰਾਹੀਂ ਵਿਕਾਰਾਂ ਨੂੰ ਮਾਰ ਲਿਆ ਹੈ, ਉਹ ਵਿਕਾਰਾਂ ਤੋਂ ਬਚ ਨਿਕਲਦੀ ਹੈ ਤੇ ਪ੍ਰਭੂ ਮਿਲਾਪ ਦੇ ਯੋਗ ਹੋ ਜਾਂਦੀ ਹੈ (ਗੁਣਿ ਮਾਰੀ ਤਾ ਮਰਸੀ)।

ਗੁਰੂ ਜੀ ਫੁਰਮਾਨ ਕਰਦੇ ਹਨ ਜਿਨ੍ਹਾਂ ਜੀਵਾਂ ਉਪਰ ਕ੍ਰਿਪਾ ਕਰਕੇ ਪ੍ਰਭੂ ਆਪਣੇ ਨਾਮ ਦੀ ਬਖਸ਼ਿਸ਼ ਕਰਦਾ ਹੈ, ਆਪਣੀ ਭਗਤੀ ਦਿੰਦਾ ਹੈ, ਉਹ ਵਿਕਾਰਾਂ ਵਲ ਨਹੀਂ ਭਟਕਦੇ, ਸਗੋਂ ਹਿਰਦੇ ਰੂਪੀ ਨਿਜ ਘਰ ਵਿਚ ਟਿਕੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਅੰਦਰ ਸਦਾ ਹੀ ਪ੍ਰਭੂ ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ (ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ)। ਉਹ ਸਦਾ ਇਹੀ ਜੋਦੜੀ ਕਰਦੇ ਹਨ ਕਿ ਸੱਚੇ ਪਾਤਸ਼ਾਹ, ਸਾਨੂੰ ਆਪਣਾ ਦੀਦਾਰ ਬਖਸ਼ਸ਼ ਕਰ, ਆਪਣਾ ਮਿਲਾਪ ਬਖਸ਼, ਸਾਨੂੰ ਆ ਮਿਲ (ਮਿਲਹੁ), ਸਾਡੇ ਅੰਦਰੋਂ ਵਿਛੋੜਾ ਪਾਣ ਵਾਲੇ ਦਰਵਾਜ਼ੇ ਦੇ ਕਿਵਾੜ ਖੋਲ੍ਹ ਦਿਉ (ਕਪਟ ਦਰ ਖੋਲਹੁ)। ਤੈਥੋਂ ਹੋਇਆ ਵਿਛੋੜਾ ਬਰਦਾਸ਼ਤ ਤੋਂ ਬਾਹਰ ਹੈ। ਇਕ ਘੜੀ ਦਾ ਵਿਛੋੜਾ ਛੇ ਮਹੀਨੇ ਦਾ ਵਿਛੋੜਾ, ਜਾਪਦਾ ਹੈ (ਏਕ ਘੜੀ ਖਟੁ ਮਾਸਾ)। ਜਾਗਰੂਪ ਇਨਸਾਨ ਪ੍ਰਮਾਤਮਾ ਦੀ ਯਾਦ ਤੋਂ ਇਕ ਘੜੀ ਦਾ ਵਿਛੋੜਾ ਵੀ ਸਹਾਰ ਨਹੀਂ ਸਕਦਾ -

*ਆਖਾ ਜੀਵਾ ਵਿਸਰੈ ਮਰਿ ਜਾਉ॥* *ਪੰਨਾ - 9*

**ਬਾਰਹਮਾਹਾ ਮਾਂਝ ਮਹਲਾ ੫ ਘਰੁ ੪**

***ਕਤਿਕਿ***

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।।*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।।*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।।*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ*

*ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥*
*ਪੰਨਾ - 135*

ਕੱਤਕ ਮਹੀਨੇ ਵਿਚ ਗਰਮੀ ਦਾ ਜ਼ੋਰ ਘਟ ਜਾਂਦਾ ਹੈ, ਰੁੱਤ ਸੁਹਾਵਣੀ ਹੋ ਜਾਂਦੀ ਹੈ। ਪ੍ਰਭੂ ਮਿਲਾਪ ਲਈ ਬੜਾ ਚੰਗਾ ਸੁਖਾਵਾਂ ਸਮਾਂ ਹੈ ਪਰ ਜੇ ਕੱਤਕ ਦੀ ਸੋਹਣੀ ਸੁਹਾਵਣੀ ਰੁੱਤੇ ਵੀ ਪ੍ਰਭੂ ਪਤੀ ਦਾ ਮਿਲਾਪ ਨਸੀਬ ਨਾ ਹੋਵੇ ਤਾਂ ਇਸ ਵਿਚ ਕਿਸੇ ਦਾ ਕੀ ਦੋਸ਼? ਇਸ ਰੁੱਤੇ ਪ੍ਰਭੂ ਪਤੀ ਤੋਂ ਵਿਛੋੜਾ ਆਪਣੇ ਕੀਤੇ ਕਰਮਾਂ ਦਾ ਸਿੱਟਾ ਹੈ, ਕਿਸੇ ਹੋਰ ਦੇ ਮੱਥੇ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ। ਇਹ ਤਾਂ ਦੈਵੀ-ਨਿਯਮ ਹੈ ਕਿ ਪ੍ਰਮੇਸ਼ੂਰ ਦੀ ਯਾਦ ਨੂੰ ਵਿਸਰਿਆਂ ਦੁਨਿਆਵੀ ਦੁਖ ਕਲੇਸ਼ ਆ ਘੇਰਦੇ ਹਨ। ਪ੍ਰਭੂ ਦਾ ਸਿਮਰਨ, ਉਸ ਦੀ ਯਾਦ, ਉਸ ਨਾਲ ਜੁੜਨਾ, ਸੁਖਾਂ ਦੇ ਸੋਮੇ ਨਾਲ ਜੁੜਨਾ ਹੈ, ਉਸ ਨੂੰ ਭੁੱਲਣਾ, ਨਾਮ ਨੂੰ ਵਿਸਰਨਾ, ਸੰਸਾਰਕ ਵੈਰ ਵਿਰੋਧਾਂ ਵਿਚ ਘਿਰ ਜਾਣਾ ਹੈ ਜਿਸ ਤੋਂ ਦੁਖ ਹੀ ਦੁਖ ਮਿਲਦੇ ਹਨ। (ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ)› ਇਸ ਤਰ੍ਹਾਂ ਜਿਹੜੇ ਸੰਸਾਰਕ ਜੀਵ ਪ੍ਰਭੂ ਨੂੰ ਭੁੱਲ ਕੇ ਕੇਵਲ ਸੰਸਾਰਕ ਧੰਦਿਆਂ ਵਿਚ ਹੀ ਲੱਗੇ ਰਹਿੰਦੇ ਹਨ, ਪ੍ਰਭੂ ਵਲੋਂ ਮੂੰਹ ਮੋੜੀ ਰਖਦੇ ਹਨ, ਉਹ ਐਸੇ ਸੰਸਕਾਰ ਇਕੱਠੇ ਕਰ ਲੈਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਕਈ ਜਨਮਾਂ ਦਾ ਲੰਮਾ ਵਿਛੋੜਾ ਪੈ ਜਾਂਦਾ ਹੈ। ਸੰਸਕਾਰ ਉਨ੍ਹਾਂ ਨੂੰ ਪ੍ਰਭੂ ਨਾਮ ਵਲ ਪ੍ਰੇਰਤ ਹੀ ਨਹੀਂ ਹੋਣ ਦਿੰਦੇ (ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ)›

ਜਿਹੜੇ ਸੰਸਾਰਕ ਲੋਕ ਪ੍ਰਭੂ ਨੂੰ ਭੁਲਾ ਕੇ ਮੌਜ ਮੇਲੇ ਵਿਚ ਪਏ ਰਹਿੰਦੇ ਹਨ, ਉਨ੍ਹਾਂ ਨੂੰ ਜੀਵਨ ਦੇ ਸਫਰ ਦੇ ਅੰਤ ਸਮੇਂ ਘੋਰ ਪਛਤਾਵਾ ਹੁੰਦਾ ਹੈ। ਜਿਨ੍ਹਾਂ ਮਾਇਆ ਦੇ ਭੋਗਾਂ ਵਿਚ ਗਲਤਾਨ ਹੋ ਕੇ ਪ੍ਰਭੂ ਨੂੰ ਭੁਲਾ ਦਿਤਾ ਸੀ, ਉਹ ਹੁਣ ਇਕ ਪਲ ਵਿਚ ਕੌੜੇ ਦੁਖਦਾਈ ਪ੍ਰਤੀਤ ਹੋਣ ਲਗ ਪੈਂਦੇ ਹਨ (ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ)। ਇਸ ਸਮੇਂ, ਪਛਤਾਵੇ ਦੀ ਦੁਖੀ ਹਾਲਤ ਵਿਚ, ਕਿਸੇ ਸਾਕ ਸਬੰਧੀ ਰਿਸ਼ਤੇਦਾਰ ਦੋਸਤ ਮਿਤ੍ਰ ਪਾਸ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਦੁਖ ਦਾ ਕਾਰਨ ਕੋਈ ਨਹੀਂ ਜਾਣਦਾ। ਦੁਖਾਂ ਦਾ ਕਾਰਨ ਤਾਂ ਪ੍ਰਭੂ ਨੂੰ ਵਿਸਾਰਨਾ ਹੈ, ਪ੍ਰਭੂ ਤੋਂ ਵਿਛੋੜਾ ਹੈ ਅਤੇ ਵਿਛੋੜੇ ਨੂੰ ਦੂਰ ਕਰਨ ਲਈ ਕੋਈ ਦੁਨਿਆਵੀ ਮਨੁੱਖ ਵਿਚੋਲਾਪਨ ਨਹੀਂ ਕਰ ਸਕਦਾ। ਦੁਖੀ ਜੀਵ ਦੀ ਆਪਣੀ ਵੀ ਕੋਈ ਪੇਸ਼ ਨਹੀਂ ਜਾਂਦੀ, ਪਿਛਲੇ ਕੀਤੇ ਕਰਮਾਂ ਅਨੁਸਾਰ ਸੰਸਕਾਰ ਬਣ ਜਾਂਦੇ ਹਨ ਅਤੇ ਧੁਰੋਂ ਹੀ ਉਨ੍ਹਾਂ ਕਰਮਾਂ ਅਤੇ ਸੰਸਕਾਰਾਂ ਅਨੁਸਾਰ ਲੇਖਾਂ ਦੀ ਬਿਧ ਆ ਬਣਦੀ ਹੈ ਅਤੇ ਮਨੁੱਖ ਉਸ ਅਨੁਸਾਰ ਕਿਰਿਆਸ਼ੀਲ ਹੁੰਦਾ ਹੈ (ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ)। ਇਨ੍ਹਾਂ ਸੰਸਕਾਰਾਂ ਤੋਂ ਛੁਟਕਾਰਾ ਪਾਉਣ ਦਾ ਇਕੋ ਰਾਹ ਹੈ - ਪ੍ਰਭੂ ਦੀ ਬਖਸ਼ਿਸ਼, ਉਸ ਦੀ ਰਹਿਮਤ। ਜੇ ਚੰਗੇ ਭਾਗਾਂ ਨੂੰ ਪ੍ਰਭੂ ਕ੍ਰਿਪਾ ਹੋ ਜਾਵੇ, ਪ੍ਰਭੂ ਆਪ ਨਦਰ ਕਰਕੇ ਆ ਮਿਲੇ, ਤਾਂ ਵਿਛੋੜਾ ਦੂਰ ਹੋ ਜਾਂਦਾ ਹੈ ਤੇ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁਖ ਵੀ ਮਿਟ ਜਾਂਦੇ ਹਨ, (ਵਡਭਾਗੀ ਮੇਰਾ ਪ੍ਰਭੁ ਮਿਲੈ ਤਾ ਉਤਰਹਿ ਸਭਿ ਬਿਓਗ)।

ਇਸ ਤਰ੍ਹਾਂ ਮਾਰਗ ਦਰਸ਼ਨ ਕਰਦੇ ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਬੰਦੀਮੋਚ ਪ੍ਰਭੂ! ਮਾਇਆ ਦੇ ਬੰਧਨਾਂ ਤੋਂ ਮੁਕਤ ਕਰਨ ਵਾਲੇ ਮੇਰੇ ਮਾਲਕ! ਸਾਨੂੰ ਵੀ ਮਾਇਆ ਦੇ ਮੋਹ ਤੋਂ ਬਚਾ ਲੈ। ਮਨੁੱਖ ਆਪਣੇ ਬਲਬੋਤੇ ਤੇ ਨਾ ਮਾਇਆ ਦੇ ਬੰਧਨਾਂ ਤੋਂ, ਨਾ ਹੀ ਸੰਸਕਾਰਾਂ ਤੋਂ ਮੁਕਤ ਹੋ ਸਕਦਾ ਹੈ। ਇਹ ਗੁਰੂ ਕ੍ਰਿਪਾ ਸਦਕਾ ਹੀ ਸੰਭਵ ਹੈ (ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ)।

ਅੰਤ ਵਿਚ ਗੁਰੂ ਮਹਾਰਾਜ ਕੱਤਕ ਦੀ ਸੁਹਾਵਣੀ ਰੁੱਤ ਵਿਚ ਗੁਰੂ ਪਿਆਰਿਆਂ, ਭਗਤਾਂ, ਸਾਧ ਜਨਾਂ ਦੀ ਸੰਗਤ ਲੋਚਦੇ ਹਨ, ਜਿਸ ਸੰਗਤ ਸਦਕਾ ਵਿਛੋੜੇ ਵਾਲੇ ਸਾਰੇ ਫਿਕਰ-ਅੰਦੇਸ਼ੇ ਦੁਖ ਦੂਰ ਹੋ ਜਾਂਦੇ ਹਨ। ਕੱਤਕ ਦਾ ਮਹੀਨਾ ਭਗਤੀ, ਨਾਮ-ਸਿਮਰਨ ਲਈ ਬੜਾ ਹੀ ਸੁਹਾਵਣਾ ਮਿੱਠੀ ਰੁਤ ਵਾਲਾ ਸਮਾਂ ਹੈ।

## ਪੁਸਤਕ 'ਹੋਵੈ ਅਨੰਦ ਘਣਾ' ਵਿਚ ਕੱਤਕ ਮਹੀਨੇ ਸਬੰਧੀ ਮਹਾਂਪੁਰਸ਼ਾਂ ਵਲੋਂ ਪ੍ਰਾਪਤ ਹੋਏ ਪ੍ਰਵਚਨ

ਭਾਰਤ ਇਕ ਖੇਤੀਬਾੜੀ ਪ੍ਰਧਾਨ ਦੇਸ਼ ਹੈ ਜਿਸ ਵਿਚ ਛੇ ਰੁੱਤਾਂ ਵਾਰੀ-ਵਾਰੀ ਅਟੱਲ ਹੁਕਮ ਅਨੁਸਾਰ ਆਉਂਦੀਆਂ ਹਨ ਅਤੇ ਆਪਣਾ ਸਮਾਂ ਪੂਰਾ ਕਰਕੇ ਚਲੀਆਂ ਜਾਂਦੀਆਂ ਹਨ। ਚੰਗਾ ਕਿਸਾਨ ਇਨ੍ਹਾਂ ਰੁੱਤਾਂ ਦੇ ਗੁਹਜ ਭੇਦਾਂ ਨੂੰ ਜਾਣਦਾ ਹੈ ਅਤੇ ਸਮੇਂ-ਸਮੇਂ ਤਿਆਰੀ ਵਿਚ ਰਹਿੰਦਾ ਹੈ ਕਿ ਕਿਹੜੀ ਫਸਲ ਬੀਜੀ ਜਾਵੇ, ਕਦੋਂ ਇਸ ਦਾ ਭਰਪੂਰ ਝਾੜ ਮਿਲੇਗਾ। ਇਸੇ ਤਰ੍ਹਾਂ ਨਾਲ ਜੀਵਨ ਦੇ ਅੰਦਰ ਭਾਵਾਂ ਦੇ ਗੇੜ ਚਲਦੇ ਰਹਿੰਦੇ ਹਨ। ਜੇਠ, ਹਾੜ੍ਹ ਵਿਚ ਤਪਸ਼ ਹੋਇਆ ਕਰਦੀ ਹੈ, ਸਾਵਣ ਵਰਖਾ ਦੀ ਰੁੱਤ ਹੈ। ਭਾਦਰੋਂ ਸਖਤ ਗਰਮੀਆਂ ਪਾ ਕੇ ਫਸਲਾਂ ਨੂੰ ਵਧਣ, ਮੌਲਣ ਦਾ ਮੌਕਾ ਪ੍ਰਦਾਨ ਕਰਦਾ ਹੈ। ਅੱਸੂ ਵਿਚ ਫਸਲਾਂ ਪੱਕ

ਜਾਂਦੀਆਂ ਹਨ, ਮੱਕੀ ਵੱਢ ਲਈ ਜਾਂਦੀ ਹੈ, ਚਰ੍ਹੀਆਂ ਕੱਟ ਲਈਆਂ ਜਾਂਦੀਆਂ ਹਨ ਅਤੇ ਕਿਸਾਨ ਅੱਸੂ ਦੇ ਮਹੀਨੇ ਆਉਣ ਵਾਲੀ ਫਸਲ ਲਈ ਤਿਆਰੀ ਕਰਦਾ ਹੈ। ਸੂਝਵਾਨ ਕਿਸਾਨ ਨੂੰ ਪਤਾ ਹੈ ਕਿ ਕੱਤਕ ਦੇ ਮਹੀਨੇ ਧਰਤੀ ਵਿਚ ਬੀਜ ਪਾਉਣੇ ਹਨ ਤੇ ਸਮੇਂ ਸਿਰ ਪਾਏ ਬੀਜ ਬਹੁਤ ਜ਼ਿਆਦਾ ਝਾੜ ਦਿੰਦੇ ਹਨ। ਅੱਸੂ ਦਾ ਮਹੀਨਾ ਖਿੱਚ ਵਿਚ ਲੰਘ ਗਿਆ। ਮਿਲਾਪ ਲਈ ਉਮਾਹ ਉਠਿਆ, ਮਿਲਾਉਣ ਵਾਲਿਆਂ ਲਈ ਆਪਣਾ ਸਭ ਕੁਝ ਭੇਟਾ ਕਰਨ ਲਈ ਕਾਂਗਾਂ ਜਾਗੀਆਂ। ਹੁਣ ਕੱਤਕ ਦਾ ਮਹੀਨਾ ਆ ਪਹੁੰਚਿਆ, ਜੋ ਬੀਜਣ ਦੀ ਰੁੱਤ ਹੈ। ਇਸ ਵਿਚ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਜੀਵ ਬੀਜ ਰਿਹਾ ਹੈ, ਨਿਰੰਤਰ ਬੀਜ ਰਿਹਾ ਹੈ। ਇਹ ਅਸੂਝ ਹੈ ਕਿ ਕਿਹੜਾ ਬੀਜ ਪਾਉਣ ਤੇ ਮੈਂ ਸੁਖੀ ਹੋ ਸਕਦਾ ਹਾਂ ਅਤੇ ਕਿਹੜਾ ਬੀਜ ਪਾਉਣ ਤੇ ਮੈਂ ਹੌਕਿਆਂ ਤੇ ਹਾਵਿਆਂ ਵਿਚ ਦੁਖੀ ਹੋ ਸਕਦਾ ਹਾਂ ਕਿਉਂਕਿ ਕੁਦਰਤ ਦਾ ਅਟੱਲ ਨਿਯਮ ਹੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।***
***ਪੰਨਾ - 134***

ਸੋ ਆਦਮੀ ਜਨਮ ਲੈਂਦਾ ਹੈ, ਜਦ ਤੋਂ ਹੋਸ਼ ਆਉਂਦੀ ਹੈ ਉਸ ਸਮੇਂ ਤੋਂ ਹੀ ਬੀਜਣਾ ਸ਼ੁਰੂ ਕਰ ਦਿੰਦਾ ਹੈ। ਇਹ ਕਰਮਾਂ ਦੇ ਬੀਜ ਆਪਣੇ ਸਮੇਂ ਅਨੁਸਾਰ ਫਲ ਦਿੰਦੇ ਹਨ ਜਿਸ ਦਾ ਸਿੱਟਾ ਦੁਖ ਤੇ ਸੁਖ ਵਿਚ ਨਿਕਲਦਾ ਹੈ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਨੂੰ ਸੰਗਤ ਨੇ ਪੁਛਿਆ ਕਿ ਪਾਤਸ਼ਾਹ! ਇਸ ਜੀਵ ਦੇ ਉਤੇ ਅਚਾਨਕ ਹੀ ਦੁੱਖ ਕਿਉਂ ਆ ਪੈਂਦੇ ਹਨ ਤੇ ਸੁਖਾਂ ਵਿਚ ਅਚਾਨਕ ਹੀ ਕਿਉਂ ਪ੍ਰਵਿਰਤ ਹੋ ਜਾਂਦਾ ਹੈ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਇਹ ਇਕ ਬਹੁਤ ਲੰਮਾ ਚੱਕਰ ਹੈ, ਉਹ ਇਸ ਤਰ੍ਹਾਂ ਹੈ ਕਿ ਇਹ ਜੀਵ ਪ੍ਰਮੇਸ਼ਰ ਦਾ ਰੂਪ ਹੁੰਦਾ ਹੋਇਆ ਭੀ ਹਉਮੈ ਦੇ ਅਸਰ ਵਿਚ ਆ ਕੇ 'ਜੀਵ' ਦੀ ਉਪਾਧੀ ਧਾਰਨ ਕਰ ਲੈਂਦਾ ਹੈ। ਭਾਵੇਂ ਸਭ ਕੁਝ ਵਾਹਿਗੁਰੂ ਜੀ ਦੇ ਹੁਕਮ ਵਿਚ ਹੋ ਰਿਹਾ ਹੈ। ਇਸ ਹੁਕਮ ਨੂੰ ਭੁੱਲ ਕੇ ਇਹ ਕਰਮ ਕਰਦਾ ਹੈ ਅਤੇ ਇਹ ਸਮਝਦਾ ਹੈ ਕਿ ਕਰਮ ਮੈਂ ਕੀਤੇ ਹਨ, ਮੈਂ ਸੇਵਾ ਕੀਤੀ ਹੈ, ਮੈਂ ਦਾਨ ਕਰਦਾ ਹਾਂ। ਇਹ ਪੂਰੀ ਤਰ੍ਹਾਂ ਨਾਲ ਹੁਕਮ ਦੇ ਵਸ ਹੋਇਆ ਜਦੋਂ ਕਰਮ ਕਰਦਾ ਹੈ ਤਾਂ ਇਨ੍ਹਾਂ ਕਰਮਾਂ ਦਾ ਫਲ ਉਸੇ ਨੂੰ ਭੁਗਤਣਾ ਪੈਂਦਾ ਹੈ, ਕਰਮਾਂ ਦਾ ਚੱਕਰ ਚਲ ਪੈਂਦਾ ਹੈ। ਉਨ੍ਹਾਂ ਕਰਮਾਂ ਕਰਕੇ ਇਸਨੂੰ ਦੁਖ ਸੁਖ ਪ੍ਰਾਪਤ ਹੁੰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਨ ਲੱਗੇ ਕਿ ਪਿਆਰਿਓ! ਭਾਈ ਦਇਆ ਸਿੰਘ ਜੀ ਮੇਰਾ ਹੀ ਰੂਪ ਹਨ। ਜਿੰਨੇ ਪ੍ਰਸ਼ਨ ਕਰਨੇ ਹਨ ਉਨ੍ਹਾਂ ਸਾਰਿਆਂ ਦਾ ਜਵਾਬ ਇਹ ਆਪ ਨੂੰ ਦੇਣਗੇ।

***ਸ਼੍ਰੀ ਮੁਖ ਤੇ ਸਭਿਹੂੰਨਿ ਉਚਾਰਾ।।***
***ਦਇਆ ਸਿੰਘ ਮਮ ਰੂਪ ਉਦਾਰਾ।।***
***ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ।।***
***ਉਤਰ ਕਹੈ ਸਕਲ ਹੀ ਸੋਇ।।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5650***

ਇਹ ਫੁਰਮਾ ਕੇ ਆਪ ਅੰਦਰ ਚਲੇ ਗਏ। ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਆਪ ਸਰਬੱਗ ਹਨ, ਮੈਂ ਤਾਂ ਅਲਪੱਗ ਹਾਂ। ਜਿਵੇਂ ਮੈਨੂੰ ਬੁਲਾਉਣਗੇ ਮੈਂ ਉਸ ਤਰ੍ਹਾਂ ਬੇਨਤੀ ਕਰਦਾ ਹਾਂ। ਤੁਸੀਂ ਕਰਮ ਬਾਰੇ ਸਰਵਣ ਕਰੋ ਜਿਨ੍ਹਾਂ ਦੇ ਫਲ ਕਰਕੇ ਨਰਕ ਤੇ ਸਵਰਗ ਪ੍ਰਾਪਤ ਹੁੰਦੇ ਹਨ। ਕਰਮ ਤਿੰਨ ਕਿਸਮ ਦੇ ਹੁੰਦੇ ਹਨ - 1. ਸੰਚਿਤ ਕਰਮ, 2. ਪਰਾਲਬਧ ਕਰਮ, 3. ਕ੍ਰਿਆਮਾਨ ਕਰਮ।

ਜੀਵ ਦੇ ਅੰਤਸ਼ਕਰਣ ਵਿਚ, ਬੀਜ ਰੂਪ ਵਿਚ ਇਹ ਤਿੰਨੇ ਪ੍ਰਕਾਰ ਦੇ ਕਰਮ ਟਿਕੇ ਰਹਿੰਦੇ ਹਨ। ਚੇਤਨ ਆਤਮਾ ਦਾ ਅਕਸ਼ (ਪ੍ਰਤੀਬਿੰਬ) ਅੰਤਸ਼ਕਰਣ ਵਿਚ ਪੈਂਦਾ ਹੈ। ਇਸ ਅਕਸ਼ ਕਰਕੇ ਅੰਤਸ਼ਕਰਣ ਜੋ ਹੈ ਉਹ ਪ੍ਰਤੀਬਿੰਬਤ ਹੈ। ਉਸਨੂੰ ਆਤਮਾ ਤੋਂ ਸੱਤ੍ਹਾ ਪਹੁੰਚਦੀ ਹੈ। ਜਦੋਂ ਤਕ ਅਗਿਆਨ ਦੀ ਅੰਸ ਕਾਇਮ ਹੈ, ਇਹ ਸਾਰੇ ਕਰਮਾਂ ਦੇ ਬੀਜ ਅੰਤਸ਼ਕਰਣ ਵਿਚ ਜਮ੍ਹਾਂ ਰਹਿੰਦੇ ਹਨ। ਅੰਤਸ਼ਕਰਣ ਆਪ ਜੜ੍ਹ ਹੈ, ਜਿੰਨੀ ਦੇਰ ਤਕ ਇਹ ਆਤਮਾ ਤੋਂ ਸਤ੍ਹਾ ਨਹੀਂ ਲੈਂਦਾ ਓਨੀ ਦੇਰ ਤੱਕ ਇਹ ਕਰਮਾਂ ਨੂੰ ਸਾਂਭ ਕੇ ਰੱਖਣ ਦੇ ਸਮਰੱਥ ਨਹੀਂ ਹੈ, ਕਰਮਾਂ ਨੂੰ ਧਾਰਨ ਵਿਚ ਅੰਤਸ਼ਕਰਣ ਤਦ ਤਕ ਸਮਰੱਥ ਨਹੀਂ ਹੁੰਦਾ। ਜਦੋਂ ਇਹਦੇ ਵਿਚ ਚੇਤਨ ਦਾ ਅਕਸ ਪੈਂਦਾ ਹੈ ਤਾਂ ਇਹ ਪ੍ਰਤੀਬਿੰਬਤ ਅੰਤਸ਼ਕਰਣ ਕਰਮ ਧਾਰਨ ਕਰਦਾ ਹੈ। ਅੰਤਸ਼ਕਰਣ ਦੇ ਚਾਰ ਭੇਦ ਹੋਇਆ ਕਰਦੇ ਹਨ - ਮਨ, ਚਿੱਤ, ਬੁੱਧ ਤੇ ਅਹੰਭਾਵ। ਜਦੋਂ ਤਕ ਅੰਤਸ਼ਕਰਣ ਅਗਿਆਨ ਸਹਿਤ ਹੈ, ਉਸ ਸਮੇਂ ਤਕ ਇਹ ਕਰਮ ਧਾਰਨ ਨੂੰ ਸਮਰੱਥ ਹੈ। ਅਗਿਆਨ ਤੋਂ ਬਗੈਰ ਕਰਮ ਧਾਰੇ ਨਹੀਂ ਜਾ ਸਕਦੇ। ਸੋ ਤਿੰਨ ਚੀਜ਼ਾਂ ਜਦੋਂ ਤਕ ਇਕੱਠੀਆਂ ਨਹੀਂ ਹੁੰਦੀਆਂ, ਓਨੀਂ ਦੇਰ ਤਕ ਕਰਮ ਧਾਰੇ ਹੀ ਨਹੀਂ ਜਾ ਸਕਦੇ, ਯਾਨਿ ਕਰਮ ਇਕੱਠੇ ਸਾਂਭੇ ਨਹੀਂ ਜਾ ਸਕਦੇ। ਉਹ ਹਨ - ਇਕ ਅੰਤਸ਼ਕਰਣ, ਦੂਜਾ ਅਗਿਆਨ ਤੇ ਤੀਜਾ ਚੇਤਨ ਆਤਮਾ। ਜਦੋਂ ਇਹ ਇਕੱਠੇ ਹੋ ਜਾਂਦੇ ਹਨ ਤਾਂ ਕਰਮ ਜਮ੍ਹਾਂ ਹੋਣੇ ਸ਼ੁਰੂ ਹੋ ਜਾਂਦੇ ਹਨ। ਜੇ ਇਨ੍ਹਾਂ ਵਿਚੋਂ ਇਕ ਨਾ ਹੋਵੇ ਤਾਂ ਕਰਮ ਨਹੀਂ ਜਮ੍ਹਾਂ ਹੁੰਦੇ। ਜੇ ਅਗਿਆਨ ਦਾ ਨਾਸ਼ ਹੋ ਜਾਵੇ ਤਾਂ ਕਰਮ ਵੀ ਖਤਮ ਹੋ ਜਾਇਆ ਕਰਦੇ ਹਨ। ਸਮਝਣ ਵਾਸਤੇ, ਸਤੋ ਗੁਣ ਰੂਪੀ ਮਾਨੋ ਕਿ ਇਕ ਮਿੱਟੀ ਹੈ, ਮਿੱਟੀ ਦਾ ਢੇਲਾ ਹੈ, ਚੇਤਨ ਆਤਮਾ ਰੂਪੀ ਅਕਾਸ਼ ਹੈ, ਅਗਿਆਨ ਪਾਣੀ ਹੈ। ਮਿੱਟੀ ਤੇ ਪਾਣੀ ਰਲ ਕੇ ਬਰਤਨ ਬਣਾਉਂਦੇ ਹਨ ਤੇ ਉਸ ਵਿਚ ਅਕਾਸ਼ ਹੋਣ ਕਰਕੇ ਉਸਨੂੰ ਬਰਤਨ ਆਖਦੇ

ਹਨ। ਜਿਵੇਂ ਘੜੇ ਦੇ ਅੰਦਰ ਅਕਾਸ਼ ਹੁੰਦਾ ਹੈ, ਇਸੇ ਤਰ੍ਹਾਂ ਨਾਲ ਅੰਤਸ਼ਕਰਣ ਤੇ ਅਗਿਆਨ ਵਿਚ ਆਤਮਾ ਹੁੰਦਾ ਹੈ। ਇਸ ਤਰ੍ਹਾਂ ਨਾਲ ਇਕ ਬਰਤਨ ਬਣ ਗਿਆ। ਹੁਣ ਇਹ ਬਰਤਨ ਇਸ ਵਿਚ ਪਾਈ ਹੋਈ ਵਸਤੂ ਨੂੰ ਸਾਂਭ ਲੈਂਦਾ ਹੈ, ਉਸੇ ਤਰ੍ਹਾਂ ਨਾਲ ਇਹ ਅੰਤਸ਼ਕਰਣ ਰੂਪੀ ਘੜਾ ਕਰਮਾਂ ਨੂੰ ਸਾਂਭ ਲੈਂਦਾ ਹੈ। ਤਿੰਨੋ ਭਾਵੇਂ ਅੱਡ-ਅੱਡ ਹਨ, ਅੱਡ-ਅੱਡ ਹੋਣ ਕਰਕੇ ਇਹ ਕਿਸੇ ਚੀਜ਼ ਨੂੰ ਆਪਣੇ ਵਿਚ ਧਾਰਨ ਨਹੀਂ ਕਰ ਸਕਦੇ। ਜਦੋਂ ਇਹ ਤਿੰਨ ਇਕੱਠੇ ਹੋ ਜਾਂਦੇ ਹਨ ਤਾਂ ਇਸ ਵਿਚ ਸ਼ਕਤੀ ਹੋ ਜਾਂਦੀ ਹੈ - ਚੀਜ਼ਾਂ ਨੂੰ ਸੰਭਾਲਣ ਦੀ। ਸੋ ਆਤਮਾ ਵਿਚ ਕਰਮ ਧਾਰਨ ਦੀ ਸਮਰਥਾ ਨਹੀਂ ਹੈ। ਅੰਤਸ਼ਕਰਣ ਜੋ ਹੈ ਇਹ ਕਰਮਾਂ ਦੇ ਬੀਜਾਂ ਨੂੰ ਸੰਭਾਲਦਾ ਹੈ। ਐਂ ਸਮਝੋ ਕਿ ਅੰਤਸ਼ਕਰਣ ਤਰਕਸ਼ ਹੈ ਜਿਸ ਵਿਚ ਬਾਣ (ਤੀਰ), ਸੰਭਾਲ ਕੇ ਰੱਖੇ ਹੋਏ ਹਨ। ਜਿਹੜਾ ਤਰਕਸ਼ ਵਿਚੋਂ ਤੀਰ ਕੱਢ ਕੇ ਕਮਾਨ ਦੇ ਉਤੇ ਚੜ੍ਹਾ ਲਿਆ, ਜਦੋਂ ਕਮਾਨ ਖਿੱਚ ਕੇ ਤੀਰ ਛੱਡ ਦਿਤਾ ਤਾਂ ਉਹ ਆਪਣੇ ਨਿਸ਼ਾਨੇ ਵਲ ਨੂੰ ਚਲ ਪੈਂਦਾ ਹੈ। ਉਹ ਤੀਰ ਜਾ ਕੇ ਆਪਣੇ ਨਿਸ਼ਾਨੇ ਤੇ ਲਗਦਾ ਹੈ ਤੇ ਫੇਰ ਧਰਤੀ ਉਤੇ ਗਿਰ ਜਾਂਦਾ ਹੈ। ਇਸੇ ਤਰ੍ਹਾਂ ਨਾਲ ਅੰਤਸ਼ਕਰਣ ਵਿਚੋਂ ਜਦੋਂ ਜੀਵ ਨਵਾਂ ਜਨਮ ਧਾਰਦਾ ਹੈ ਤਾਂ ਇਹ ਕਰਮ ਜਿਹੜੇ ਉਸਨੇ ਉਸ ਜਨਮ ਵਿਚ ਭੋਗਣੇ ਹੁੰਦੇ ਹਨ ਉਹ ਕਮਾਨ ਤੇ ਚੜ੍ਹਨ ਵਾਸਤੇ ਤਿਆਰ ਹੁੰਦੇ ਹਨ। ਇਨ੍ਹਾਂ ਕਰਮਾਂ ਨੂੰ ਪਰਾਰਬਧ ਕਰਮ ਜਾਂ ਪਰਾਲਬਧ ਕਰਮ ਕਿਹਾ ਜਾਂਦਾ ਹੈ। ਇਹ ਕਰਮ ਜੀਵ ਨੂੰ, ਧਾਰੇ ਹੋਏ ਜਨਮ ਵਿਚ, ਅਵੱਸ਼ ਭੋਗਣੇ ਪੈਂਦੇ ਹਨ ਕਿਉਂਕਿ ਇਹ ਕਮਾਨ ਉਪਰੋਂ ਚਲ ਪੈਂਦੇ ਹਨ ਅਤੇ ਸਮੇਂ ਦੇ ਮੁਤਾਬਿਕ ਇਨ੍ਹਾਂ ਕਰਮਾਂ ਨੇ ਜੀਵ ਨੂੰ, ਸੁਖ ਤੇ ਦੁਖ ਦਿੰਦੇ ਹੀ ਰਹਿਣਾ ਹੈ। ਸੋ ਇਨ੍ਹਾਂ ਪਰਾਲਬਧ ਕਰਮਾਂ ਬਾਰੇ ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ-

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।। ਪੰਨਾ - 937***

ਅਤੇ ਮਹਾਂਪੁਰਸ਼ਾਂ ਦਾ ਭੀ ਮਤ ਹੈ -

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।।***

ਇਹ ਕਰਮ ਜੀਵ ਨੂੰ ਅਵੱਸ਼ ਭੋਗਣੇ ਪੈਂਦੇ ਹਨ। ਜੋ ਤਰਕਸ਼ ਦੇ ਵਿਚ ਕਰਮ ਬਾਕੀ ਬਚ ਗਏ, ਉਨ੍ਹਾਂ ਨੂੰ ਸੰਚਿਤ ਕਰਮ ਆਖਿਆ ਜਾਂਦਾ ਹੈ। ਯਾਨਿ ਕਿ ਉਹ ਅੰਤਸ਼ਕਰਣ ਦੇ ਸਟੋਰ ਵਿਚ ਜਮਾਂ ਪਏ ਹਨ ਅਤੇ ਸਮੇਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ ਕਿ ਕਦੋਂ ਉਨ੍ਹਾਂ ਨੇ ਕਮਾਨ ਰਾਹੀਂ ਚਲ ਜਾਣਾ ਹੈ, ਕਦੋਂ ਜੀਵ ਨੂੰ ਦੁਖ ਸੁਖ ਦਾ ਫਲ ਦੇਣਾ ਹੈ, ਸੰਜੋਗ ਵਿਜੋਗ ਦਾ ਵਰਤਾਰਾ ਕਰਨਾ ਹੈ। ਸੋ ਇਹ ਸੰਚਿਤ ਕਰਮ ਬਹੁਤ ਸਮੇਂ ਤਕ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ ਅਤੇ ਪਰਾਲਬਧ ਕਰਮਾਂ ਵਿਚ ਬਦਲ ਕੇ ਸੁਖ ਦੁਖ ਦਿੰਦੇ ਹਨ।

ਇਕ ਸਾਖੀ ਆਉਂਦੀ ਹੈ ਕਿ ਜਦੋਂ ਮਹਾਂਭਾਰਤ ਦਾ ਜੁੱਧ ਸਮਾਪਤ ਹੋ ਗਿਆ ਤਾਂ ਕ੍ਰਿਸ਼ਨ ਮਹਾਰਾਜ, ਪੰਜੇ ਪਾਂਡਵਾਂ ਸਮੇਤ ਪਰਚੌਣੀ ਕਰਨ ਵਾਸਤੇ ਹਾਰੇ ਹੋਏ ਰਾਜੇ ਧ੍ਰਿਤਰਾਸ਼ਟਰ ਪਾਸ ਪਹੁੰਚਦੇ ਹਨ। ਉਸਨੇ ਕ੍ਰਿਸ਼ਨ ਮਹਾਰਾਜ ਜੀ ਉਪਰ ਪ੍ਰਸ਼ਨ ਕੀਤਾ ਕਿ ਮਹਾਰਾਜ! ਮੇਰੀ ਸੁਰਤ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰਨ ਕਰਕੇ ਸੌ ਜਨਮ ਦਾ ਗਿਆਨ ਰਖਦੀ ਹੈ, ਇਨ੍ਹਾਂ ਜਨਮਾਂ ਵਿਚ ਮੈਂ ਕੋਈ ਐਸਾ ਕਰਮ ਨਹੀਂ ਕੀਤਾ ਜਿਸ ਵਿਚ ਮੇਰੇ ਪੁੱਤਰ, ਮੇਰੇ ਬੈਠਿਆਂ ਹੀ ਪਰਲੋਕ ਨੂੰ ਸਿਧਾਰ ਜਾਣ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਰਾਜਨ! ਇਹ ਕਰਮ ਤੂੰ 107 ਜਨਮ ਪਹਿਲਾਂ ਕੀਤਾ ਸੀ ਜਿਸ ਦਾ ਫਲ ਤੈਨੂੰ ਭੋਗਣਾ ਪੈ ਰਿਹਾ ਹੈ। ਅਸੀਂ ਤੈਨੂੰ ਯੋਗ ਬਲ ਨਾਲ ਦ੍ਰਿਸ਼ਟੀਗੋਚਰੇ ਕਰਾ ਦਿੰਦੇ ਹਾਂ। ਰਾਜਾ ਦੇਖਦਾ ਹੈ ਕਿ ਉਸ ਨੇ ਹੰਸਾਂ ਦੇ ਸੌ ਬੱਚੇ ਪਾਲੇ ਹੋਏ ਹਨ। ਇਕ ਦਿਨ ਕਿਤੋਂ ਮਾਸ ਨਾ ਮਿਲਣ ਕਰਕੇ ਆਗਿਆ ਦੇ ਦਿਤੀ ਕਿ ਅੱਜ ਹੰਸ ਦਾ ਮਾਸ ਬਣਾ ਲਵੋ। ਖਾਣ ਉਪਰੰਤ ਉਸਨੂੰ ਸਵਾਦਿਸ਼ਟ ਪ੍ਰਤੀਤ ਹੋਇਆ ਤਾਂ ਉਸਨੇ ਕਿਹਾ ਹਰ ਰੋਜ਼ ਹੀ ਬਣਾਇਆ ਕਰੋ। ਇਸ ਤਰ੍ਹਾਂ ਇਕ-ਇਕ ਕਰਕੇ ਸਾਰੇ ਬੱਚੇ ਖਾਧੇ ਗਏ। ਉਨ੍ਹਾਂ ਦੇ ਮਾਤਾ ਪਿਤਾ ਜਦੋਂ ਮਾਨ ਸਰੋਵਰ ਝੀਲ ਤੋਂ ਵਾਪਸ ਆਏ ਤਾਂ ਆਪਣੇ ਬੱਚਿਆਂ ਨੂੰ ਨਾ ਦੇਖ ਕੇ, ਮੋਹ ਵਸ ਹੋ ਕੇ ਆਪਣੇ ਪ੍ਰਾਣ ਤਿਆਗ ਗਏ। ਹੰਸ ਅਤੇ ਸਾਰਸ ਦੋ ਐਸੇ ਪੰਛੀ ਹਨ ਜੇ ਇਨ੍ਹਾਂ ਦੇ ਜੋੜੇ ਵਿਚੋਂ ਇਕ ਮਰ ਜਾਵੇ ਤਾਂ ਦੂਜਾ ਜਿਉਂਦਾ ਨਹੀਂ ਰਿਹਾ ਕਰਦਾ। ਉਹ ਵਿਰਲਾਪ ਕਰਦੇ ਘੁੰਮਦੇ ਰਹਿੰਦੇ ਹਨ ਅਤੇ ਅਖੀਰ ਉਨ੍ਹਾਂ ਦੇ ਪ੍ਰਾਣ ਪੰਖੇਰੂ ਉਡ ਜਾਂਦੇ ਹਨ। ਸੋ ਇਹ ਜੋੜਾ ਬਿਰਹੁ ਨੂੰ ਨਾ ਸਹਾਰਦਾ ਹੋਇਆ ਆਪਣੇ ਪ੍ਰਾਣ ਛੱਡ ਗਿਆ। ਇਹ ਦ੍ਰਿਸ਼ ਧ੍ਰਿਤਰਾਸ਼ਟਰ ਨੇ ਦੇਖ ਲਿਆ। ਬਹੁਤ ਅਫਸੋਸ ਹੋਇਆ ਕਿ ਜੇ ਮੈਨੂੰ ਪਤਾ ਹੁੰਦਾ ਕਿ ਕਰਮਾਂ ਦਾ ਫਲ ਅਵੱਸ਼ ਮਿਲਣਾ ਹੈ ਤਾਂ ਮੈਂ ਸੋਚ ਕੇ ਕਰਮ ਕਰਦਾ ਪਰ ਹੁਣ ਤਾਂ ਕੁਝ ਵੀ ਨਹੀਂ ਹੋ ਸਕਦਾ ਸੀ ਕਿਉਂਕਿ ਇਹ ਕਰਮ ਪਰਾਲਬਧ ਕਰਮ ਬਣ ਚੁਕੇ ਸਨ। ਉਸ ਨੇ ਫੇਰ ਕ੍ਰਿਸ਼ਨ ਮਹਾਰਾਜ ਨੂੰ ਸਵਾਲ ਕੀਤਾ ਕਿ ਮਹਾਰਾਜ! ਮੈਂ ਜਮਾਂਦਰੂ ਹੀ ਨੇਤ੍ਰਹੀਣ ਹਾਂ। ਕ੍ਰਿਪਾ ਕਰਕੇ ਉਹ ਕਰਮ ਵੀ ਦਿਖਾ ਦੇਵੋ ਜਿਨ੍ਹਾਂ ਕਰਕੇ ਮੈਨੂੰ ਨੇਤਰ ਪ੍ਰਾਪਤ ਨਹੀਂ ਹੋਏ। 104ਵਾਂ ਜਨਮ ਕ੍ਰਿਸ਼ਨ ਮਹਾਰਾਜ ਨੇ ਦਿਖਇਆ, ਤਾਂ ਕੀ ਦੇਖਦਾ ਹੈ ਕਿ ਬੱਚਿਆਂ ਨਾਲ ਖੇਲ੍ਹ ਰਿਹਾ ਹੈ। ਬੱਚਿਆਂ ਨੇ ਅੱਕ ਦੇ ਹਰੇ ਟਿੱਡੇ ਫੜੇ ਹੋਏ ਹਨ। ਇਸ ਨੇ ਵੀ ਇਕ ਫੜ ਲਿਆ ਤੇ ਇਕ ਕਿੱਕਰ ਤੋਂ ਪੱਕੀ ਸੂਲ ਤੋੜ ਕੇ ਇਸ ਟਿੱਡੇ ਦੀਆਂ ਦੋਹਾਂ ਅੱਖਾਂ ਵਿਚੋਂ ਸਾਰ-ਪਾਰ ਲੰਘਾ ਦਿਤੀ ਤੇ ਉਸਨੂੰ ਵਗਾਹ ਕੇ ਮਾਰਿਆ। ਉਹ ਤੜਫ-ਤੜਫ ਕੇ ਮਰ ਗਿਆ।

ਤੀਸਰਾ ਪ੍ਰਸ਼ਨ ਉਸਨੇ ਕੀਤਾ ਕਿ ਮਹਾਰਾਜ! ਇਨ੍ਹਾਂ ਕਰਮਾਂ ਦਾ ਫਲ ੧੦੪ਵੇਂ ਤੇ ੧੦੭ਵੇਂ ਜਨਮ ਪਿਛੋਂ ਕਿਉਂ ਮੈਨੂੰ ਮਿਲਿਆ? ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਇਆ ਕਿ

ਰਾਜਨ! ਕਰਮ ਭੋਗਣ ਦੇ ਵਿਚ ਬਹੁਤ ਸਾਰੇ ਜੀਵ ਸ਼ਾਮਿਲ ਹੋਇਆ ਕਰਦੇ ਹਨ। ਜਦੋਂ ਸਮੇਂ ਦਾ ਮੋੜ ਇਨ੍ਹਾਂ ਸਾਰਿਆਂ ਨੂੰ ਇਕ ਥਾਂ ਇਕੱਠੇ ਕਰ ਦਿੰਦਾ ਹੈ ਤਾਂ ਉਸ ਵੇਲੇ ਭੋਗਵਾਇਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਸੰਚਿਤ ਕਰਮ ਵਾਰੀ ਆਈ ਤੇ ਭੋਗਣੇ ਪੈਂਦੇ ਹਨ।

ਹੁਣ ਤੀਸਰਾ ਜੋ ਕਰਮ ਹੈ ਉਸ ਦਾ ਨਾਮ ਕ੍ਰਿਆਮਾਨ ਕਰਮ ਹੈ। ਅਸੀਂ ਹਰ ਰੋਜ਼ ਕਰਮ ਕਰਦੇ ਹਾਂ ਅਤੇ ਨਾਲ ਕਰਮਾਂ ਦਾ ਅਭਿਮਾਨ ਵੀ ਮਨ ਵਿਚ ਧਾਰਨ ਕਰਦੇ ਹਾਂ ਤਾਂ ਉਹ ਕਰਮ ਅੰਤਸ਼ਕਰਣ ਦੇ ਬਰਤਨ ਵਿਚ ਜਾ ਕੇ ਜਮ੍ਹਾਂ ਹੋ ਜਾਂਦੇ ਹਨ ਅਤੇ ਸੰਚਿਤ ਕਰਮ ਬਣ ਜਾਂਦਾ ਹੈ ਅਤੇ ਸਮਾਂ ਆਉਣ ਤੇ ਪਰਾਲਬਧ ਕਰਮ ਬਣ ਕੇ ਆਪਣਾ ਫਲ ਦਿੰਦਾ ਹੈ। ਪਰਾਲਬਧ ਕਰਮਾਂ ਦੇ ਤਿੰਨ ਫਲ ਹੋਇਆ ਕਰਦੇ ਹਨ - ਜਾਤ, ਉਮਰ ਤੇ ਭੋਗ। ਜਾਤ ਚੌਰਾਸੀ ਵਿਚ ਭੋਗੇ ਜਾਣ ਵਾਲੇ ਸਰੀਰਾਂ ਨੂੰ ਆਖਦੇ ਹਨ। ਪਰਾਲਬਧ ਅਨੁਸਾਰ ਫਲ ਇਹ ਹੁੰਦਾ ਹੈ ਕਿ ਜੀਵ ਨੂੰ ਚੌਰਾਸੀ ਵਿਚੋਂ ਕਿਹੜਾ ਸਰੀਰ ਦੇਣਾ ਹੈ, ਇਸਨੂੰ ਦੇਵਤਾ ਬਣਾਉਣਾ ਹੈ ਜਾਂ ਕੀੜੇ-ਮਕੌੜੇ, ਪਸ਼ੂ ਆਦਿਕ ਜਾਂ ਕਿਸੇ ਨਖਿੱਧ ਜੂਨੀ ਵਿਚ ਭੇਜਣਾ ਹੈ। ਇਸਨੂੰ ਸਮਾਂ, ਆਰਬਲਾ ਪਰਾਲਬਧ ਕਰਮਾਂ ਦੇ ਅਨੁਸਾਰ ਮਿਲਣੀ ਹੈ। ਇਸ ਵਿਚ ਦਿਨ, ਘੜੀ, ਨਿਮਖ ਪੂਰੀ ਤਰ੍ਹਾਂ ਨਾਲ ਗਿਣੇ ਮਿਥੇ ਹੁੰਦੇ ਹਨ।

***ਫਨਿ ਘਾਲੇ ਸਭ ਦਿਵਸ ਸਾਸ***
***ਨਹ ਬਢਨ ਘਟਨ ਤਿਲੁ ਸਾਰ।।***
***ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ।। ਪੰਨਾ - 254***

ਤੀਸਰਾ ਭੋਗਾਂ ਦੇ ਵਿਚ ਕਿਹੜੀਆਂ-ਕਿਹੜੀਆਂ ਚੀਜ਼ਾਂ ਇਸਨੂੰ ਪ੍ਰਾਪਤ ਹੋਣੀਆਂ ਹਨ, ਕਿੰਨੇ ਦੁਖ ਤੇ ਸੁਖ ਇਸਨੇ ਭੋਗਣੇ ਹਨ, ਕਿਹੋ ਜਿਹਾ ਤੰਦਰੁਸਤ ਜਾਂ ਬਿਮਾਰ, ਰੂਪ ਜਾਂ ਕਰੂਪ ਵਾਲਾ ਸਰੀਰ ਇਸਨੂੰ ਪ੍ਰਾਪਤ ਹੋਣਾ ਹੈ। ਇਹ ਸਭ ਕੁਝ ਪਰਾਲਬਧ ਦੇ ਮੁਤਾਬਿਕ ਹੁੰਦਾ ਹੈ। ਗੁਰੂ ਮਹਾਰਾਜ ਜੀ ਤਾਂ ਏਥੋਂ ਤਕ ਫੁਰਮਾਨ ਕਰਦੇ ਹਨ ਕਿ ਮੱਥੇ ਵਿਚ ਇਹ ਲੇਖ ਵੀ ਲਿਖੇ ਜਾਂਦੇ ਹਨ ਕਿ ਇਸਨੂੰ ਗੁਰੂ ਦੀ ਪ੍ਰਾਪਤੀ ਹੋਣੀ ਹੈ ਜਾਂ ਨਹੀਂ ਹੋਣੀ। ਉਹ ਵੀ ਕਰਮਾਂ ਦੇ ਅਨੁਸਾਰ ਹੁੰਦਾ ਹੈ। ਫੁਰਮਾਨ ਹੈ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ।।***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ।। ਪੰਨਾ - 204***

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ।।***
***ਅਗਿਆਨੁ ਅੰਧੇਰਾ ਕਟਿਆ***
***ਗੁਰ ਗਿਆਨੁ ਘਟਿ ਬਲਿਆ।।***

***ਪੰਨਾ - 450***

ਇਨ੍ਹਾਂ ਕਰਮਾਂ ਦਾ ਓਨੀਂ ਦੇਰ ਤਕ ਨਾਸ਼ ਨਹੀਂ ਹੁੰਦਾ ਜਦੋਂ ਤਕ ਜੀਵ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਕੇ, ਜੀਵ ਭਾਵ ਪੂਰੀ ਤਰ੍ਹਾਂ ਮਿਟ ਕੇ ਆਤਮਾ ਰੂਪ ਆਪਣੇ ਆਪ ਨੂੰ ਨਹੀਂ ਮੰਨਦਾ। ਜਦੋਂ ਗਿਆਨ ਪ੍ਰਗਟ ਹੋ ਗਿਆ, ਆਤਮਾ ਸਾਖਸ਼ਾਤ ਕਰ ਲਿਆ ਤਾਂ ਜਿੰਨੇ ਵੀ ਕਰੋੜਾਂ, ਅਰਬਾਂ ਸਾਲਾਂ ਦੇ ਕਰਮ ਅੰਤਸ਼ਕਰਣ ਵਿਚ ਸੰਚਿਤ ਰੂਪ ਵਿਚ ਪਏ ਹਨ, ਉਹ ਸਾਰੇ ਦੇ ਸਾਰੇ ਨਾਸ਼ ਹੋ ਜਾਂਦੇ ਹਨ।

***ਗੁਰ ਕਾ ਸਬਦੁ ਕਾਟੈ ਕੋਟਿ ਕਰਮ।। ਪੰਨਾ - 1195***

ਗਿਆਨ ਹੋਣ ਤੇ ਹੀ ਸੰਚਿਤ ਕਰਮਾਂ ਦਾ ਨਾਸ਼ ਹੁੰਦਾ ਹੈ। ਕ੍ਰਿਆਮਾਨ ਕਰਮ ਅਹੰਭਾਵ ਨਾ ਹੋਣ ਕਰਕੇ ਫਲ ਦੇਣ ਤੋਂ ਅਸਮਰਥ ਰਹਿੰਦੇ ਹਨ ਅਤੇ ਪਰਾਲਬਧ ਕਰਮ ਜੀਵ ਨੂੰ ਗਿਆਨ ਅਵਸਥਾ ਵਿਚ ਵੀ ਭੋਗਣੇ ਪੈਂਦੇ ਹਨ ਪਰ ਸਮਰੱਥ ਗੁਰੂ ਪਾਸ ਇਹ ਰਾਖਵੀਂ ਸ਼ਕਤੀ ਹੈ ਕਿ ਕਿਸੇ ਨੂੰ ਭਾਵੇਂ ਸੁਪਨੇ ਵਿਚ ਭੋਗਵਾ ਦੇਣ, ਸੂਲੀ ਤੋਂ ਸੂਲ ਬਣਾ ਕੇ ਭੋਗਵਾ ਦੇਣ ਪਰ ਕਿਸੇ ਨਾ ਕਿਸੇ ਰੂਪ ਵਿਚ ਫੇਰ ਵੀ ਭੋਗਣੇ ਪੈਂਦੇ ਹਨ। ਸੋ ਜਿੰਨੇ ਕਰਮ ਅੰਤਸ਼ਕਰਣ ਵਿਚ ਪਏ ਹਨ ਉਨ੍ਹਾਂ ਦਾ ਨਾਸ਼ ਇਸ ਤਰ੍ਹਾਂ ਹੁੰਦਾ ਹੈ ਜਿਸ ਤਰ੍ਹਾਂ ਕਿਸੇ ਕਮਰੇ ਵਿਚ ਲੱਖਾਂ ਮਣ ਬੀਜ ਸਾਂਭ ਕੇ ਰੱਖਿਆ ਹੋਇਆ ਹੈ, ਜੇ ਉਸ ਘਰ ਨੂੰ ਅੱਗ ਲਗ ਜਾਵੇ ਤਾਂ ਉਹ ਦਗਧ ਹੋ ਜਾਂਦੇ ਹਨ। ਇਸੇ ਤਰ੍ਹਾਂ ਨਾਲ ਗਿਆਨ ਸ਼ਕਤੀ ਪ੍ਰਚੰਡ ਹੋਇਆਂ, ਸਾਰੇ ਕਰਮ ਦਗਧ ਹੋ ਕੇ ਆਪਣੇ ਫਲ ਦੇਣੋ ਅਸਮਰਥ ਹੋ ਜਾਂਦੇ ਹਨ। ਅੰਤਸ਼ਕਰਣ ਵਿਚ ਚਿਤ, ਗਿਆਨ ਹੋਇਆਂ, ਸਤਿ ਸਰੂਪ ਹੋ ਕੇ ਸ਼ਾਂਤ ਹੋ ਜਾਂਦਾ ਹੈ। ਜਦੋਂ ਆਤਮ ਬੁੱਧੀ ਦਾ ਪ੍ਰਕਾਸ਼ ਹੋ ਜਾਂਦਾ ਹੈ, ਇਸ ਆਤਮ ਵਿਚ ਅਨਾਤਮ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਆਤਮਾ ਸਤਿ ਹੈ ਉਸ ਵਿਚ ਅਸੱਤਿ ਦੀ ਸੋਝੀ ਹੋ ਜਾਂਦੀ ਹੈ, ਭਾਵ ਕਿ ਆਤਮਾ ਹੀ ਆਤਮਾ ਦਿਸਦਾ ਹੈ ਅਤੇ ਅਨਾਤਮਾ (ਨਾਮ ਰੂਪ ਮਾਇਆ) ਦਾ ਨਾਸ਼ ਹੋ ਜਾਂਦਾ ਹੈ। ਸੋ ਸਤਿ ਦੀ ਪ੍ਰਾਪਤੀ ਕਰਕੇ ਕ੍ਰਿਆਮਾਨ ਕਰਮ ਗਿਆਨਵਾਨ ਨੂੰ ਫਲ ਨਹੀਂ ਦਿਆ ਕਰਦੇ। ਸੰਚਿਤ ਕਰਮਾਂ ਦਾ ਸਟੋਰ ਦਗਧ ਹੋ ਗਿਆ, ਪਰਾਲਬਧ ਦੇ ਕਰਮ ਭੋਗ ਲਏ, ਫੇਰ ਕਰਮ ਨਾ ਬਚਣ ਕਰਕੇ ਗਿਆਨੀ ਦੇ, ਜਿਸ ਨੇ ਆਪਣੇ ਆਤਮ ਸਰੂਪ ਵਿਚ ਨਿਵਾਸ ਕਰ ਲਿਆ ਹੈ, ਕੀਤੇ ਕਰਮ ਕ੍ਰਿਆਮਾਨ ਕ੍ਰਮ ਨਹੀਂ ਬਣਿਆ ਕਰਦੇ ਅਤੇ ਕੋਈ ਵੀ ਬੰਧਨ ਉਸ ਲਈ ਪੈਦਾ ਨਹੀਂ ਹੁੰਦਾ। ਕਰਮ ਉਸ ਸਮੇਂ ਤਕ ਹੀ ਫਲ ਦਿੰਦੇ ਹਨ ਜਦੋਂ ਤਕ ਇਹ ਜੀਵ ਆਪਣੇ ਆਪ ਨੂੰ ਦੇਹ ਮੰਨਦਾ ਹੈ। ਦੇਹ ਹੰਗਤਾ ਦਾ ਤਿਆਗੀ, ਕਰਮਾਂ ਦਾ ਬੋਝ ਸੁੱਟ ਦਿੰਦਾ ਹੈ। ਤਨ ਹੰਗਤਾ ਕਰਕੇ ਕ੍ਰੋੜਾਂ ਜਨਮਾਂ ਤਕ ਇਹ ਜੀਵ ਘੁੰਮਦਾ ਰਹਿੰਦਾ ਹੈ। ਗੁਰੂ ਜੀ ਦਾ

ਫੁਰਮਾਨ ਹੈ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*

*ਪੰਨਾ – 466*

ਸੋ ਵਿਸਥਾਰ ਨਾਲ ਕਰਮਾਂ ਦੀ ਗਤੀ ਦਾ ਵਰਣਨ ਇਸ ਲਈ ਕੀਤਾ ਗਿਆ ਹੈ ਕਿ ਸਾਨੂੰ ਸਮਝ ਪੈ ਜਾਵੇ ਕਿ ਕਰਮ ਕੀ ਹੁੰਦੇ ਹਨ, ਅਤੇ ਕਿਵੇਂ ਕੰਮ ਕਰਦੇ ਹਨ। ਸੋ ਗੁਰੂ ਮਹਾਰਾਜ ਇਸ ਮਹੀਨੇ ਵਿਚ ਉਪਦੇਸ਼ ਦਿੰਦੇ ਹੋਏ ਸਾਨੂੰ ਸੁਚੇਤ ਕਰਦੇ ਹਨ ਕਿ ਪਿਆਰਿਓ! ਜਦੋਂ ਤੁਸੀਂ ਕਰਮਾਂ ਦਾ ਫਲ ਭੋਗ ਰਹੇ ਹੋਂ ਤਾਂ ਫਿਰ ਦੂਜਿਆਂ ਨੂੰ ਕਿਉਂ ਦੋਸ਼ ਦਿੰਦੇ ਹੋ –

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*

*ਪੰਨਾ – 135*

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥*

*ਪੰਨਾ – 433*

ਗੁਰੂ ਮਹਾਰਾਜ ਜੀ ਸਾਨੂੰ ਸੁਚੇਤ ਕਰਦੇ ਹੋਏ ਵਾਹਿਗੁਰੂ ਜੀ ਦਾ ਅਟੱਲ ਨਿਯਮ, ਜਿਸ ਤੋਂ ਅਸੀਂ ਭੁੱਲੇ ਹੋਏ ਹਾਂ, ਸਾਨੂੰ ਪੂਰੀ ਤਰ੍ਹਾਂ ਨਾਲ ਦੱਸ ਕੇ ਫੁਰਮਾਨ ਕਰਦੇ ਹਨ ਕਿ ਜਿੰਨੇ ਵੀ ਸੰਸਾਰ ਵਿਚ ਰੋਗ ਹਨ, ਉਹ ਸਾਰੇ ਵਾਹਿਗੁਰੂ ਜੀ ਨੂੰ ਪੂਰੀ ਤਰ੍ਹਾਂ ਨਾਲ ਭੁੱਲਣ ਕਰਕੇ ਆਪਣੇ ਆਪ ਹੀ ਆ ਕੇ ਸਰੀਰ ਨੂੰ, ਮਨ ਨੂੰ, ਬੁੱਧੀ ਨੂੰ, ਅੰਤਸ਼ਕਰਣ ਨੂੰ ਘੇਰ ਲਿਆ ਕਰਦੇ ਹਨ। ਜੇ ਅਸੀਂ ਵਿਚਾਰ ਕਰੀਏ ਤਾਂ ਇਹ ਗੱਲ ਸਪਸ਼ਟ ਤੌਰ ਤੇ ਸਾਨੂੰ ਮੰਨਣੀ ਪਵੇਗੀ ਕਿ ਪਹਿਲਾਂ ਮਨ ਬਿਮਾਰ ਹੁੰਦਾ ਹੈ। ਉਸਦੇ ਅਸਰ ਵਜੋਂ ਸਰੀਰ ਵਿਚ ਬਿਮਾਰੀ ਪ੍ਰਵੇਸ਼ ਕਰ ਜਾਇਆ ਕਰਦੀ ਹੈ। ਮਨ ਮਜ਼ਬੂਤ ਰਹੇ, ਅਰੋਗ ਰਹੇ, ਚਿੰਤਾ ਰਹਿਤ ਤੇ ਕ੍ਰੋਧ ਰਹਿਤ ਰਹੇ ਤਾਂ ਦੁਖਾਂ ਨੂੰ ਇਸ ਸਰੀਰ ਵਿਚ ਪ੍ਰਵੇਸ਼ ਕਰਨ ਦਾ ਮੌਕਾ ਹੀ ਨਹੀਂ ਮਿਲਦਾ। ਜੋ ਸਰੀਰਕ ਰੋਗ ਹੋਇਆ ਕਰਦੇ ਹਨ, ਮਨ ਦੀ ਮਜ਼ਬੂਤੀ ਕਰਕੇ ਇਨ੍ਹਾਂ ਦੇ ਵਿਚ ਰੋਗਾਂ ਦੇ ਨਾਲ ਪੂਰੀ ਸ਼ਕਤੀ ਨਾਲ ਜੁੱਧ ਕਰਨ ਦੀ ਅਥਾਹ ਸ਼ਕਤੀ ਹੋਇਆ ਕਰਦੀ ਹੈ। ਸਭ ਨੇ ਆਮ ਦੇਖਿਆ ਹੋਣਾ ਹੈ ਕਿ ਜੇ ਇਕ ਬੰਦੇ ਨੂੰ ਕ੍ਰੋਧ ਆ ਜਾਵੇ ਤਾਂ ਉਸ ਦਾ ਖ਼ੂਨ ਗਰਮ ਹੋ ਜਾਂਦਾ ਹੈ, ਖ਼ੂਨ ਦੀ ਚਾਲ ਬਹੁਤ ਵਧ ਜਾਂਦੀ ਹੈ, ਨਬਜ਼ ਤੇਜ਼ ਚਲਦੀ ਹੈ; ਦਿਲ ਨੂੰ ਦੁਗਣੀ-ਤਿਗਣੀ ਤਾਕਤ ਨਾਲ ਕੰਮ ਕਰਕੇ ਕ੍ਰੋਧ ਨਾਲ ਹੋਏ ਵਿਸਫੋਟ ਨੂੰ ਕਾਬੂ ਕਰਨ ਲਈ ਤਿੰਨ ਚਾਰ ਗੁਣੀ ਸ਼ਕਤੀ ਨਾਲ ਕੰਮ ਕਰਨਾ ਪੈਂਦਾ ਹੈ। ਦਿਲ ਦੀ ਧੜਕਣ, ਪਾਏ ਹੋਏ ਕਪੜਿਆਂ ਦੇ ਵਿਚ ਨਜ਼ਰ ਆਉਂਦੀ ਹੈ, ਲੱਤਾਂ ਕੰਬਦੀਆਂ ਹਨ, ਹੱਥ ਕੰਬਦੇ ਹਨ, ਬੁੱਧੀ ਨੂੰ ਕ੍ਰੋਧ ਦਾ ਧੂੰਆਂ ਪੂਰੀ ਤਰ੍ਹਾਂ ਨਾਲ ਅਛਾਦਨ ਕਰ ਲੈਂਦਾ ਹੈ ਅਤੇ ਉਹ ਆਪਣਾ ਕੰਮ ਕਰਨ ਤੋਂ ਅਸਮਰਥ ਹੋ ਜਾਇਆ ਕਰਦੀ ਹੈ। ਚਿੱਤ ਦੇ ਵਿਚ ਉਥੱਲ-ਪੁਥੱਲ ਪੈਦਾ ਹੋ ਜਾਂਦੀ ਹੈ, ਊਲ-ਜਲੂਲ ਮੂੰਹ ਵਿਚੋਂ ਬਉਰਿਆਂ ਵਾਂਗੂੰ ਬੋਲਦਾ ਹੈ ਅਤੇ ਹਲਕੇ ਹੋਏ ਕੁੱਤੇ ਵਾਂਗੂੰ ਝੱਗ ਸੁਟਦਾ ਹੈ; ਜੇ ਥੋੜ੍ਹਾ ਹੋਰ ਵਧ ਜਾਵੇ, ਉਸ ਦੇ ਹੱਥ ਵਿਚ ਰਾਈਫਲ ਹੋਵੇ ਤਾਂ ਗੋਲੀ ਭਰ ਕੇ ਮਾਰ ਵੀ ਦਿਆ ਕਰਦਾ ਹੈ। ਪਿਛੋਂ ਸਾਰੀ ਜ਼ਿੰਦਗੀ ਉਸਨੂੰ ਇਨ੍ਹਾਂ ਕਰਮਾਂ ਬਦਲੇ ਪਛਤਾਉਣਾ ਪੈਂਦਾ ਹੈ। ਕ੍ਰੋਧ ਨਾਲ ਹੋਏ ਮਾਨਸਿਕ ਵਿਸਫੋਟ ਦਾ ਐਸਾ ਅਸਰ ਹੋਇਆ ਕਰਦਾ ਹੈ ਕਿ ਸਰੀਰ ਦੇ ਕ੍ਰੋੜਾਂ ਸੈਲ ਜਲ ਜਾਂਦੇ ਹਨ, ਕੰਮ ਕਰਨਾ ਛੱਡ ਦਿੰਦੇ ਹਨ, ਭੁੱਖ ਨਹੀਂ ਲਗਦੀ, ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ, ਖਾਧਾ ਹੋਇਆ ਖਾਣਾ ਹਜ਼ਮ ਨਹੀਂ ਹੁੰਦਾ, ਸਿਰ ਦੁਖਣ ਲਗ ਜਾਂਦਾ ਹੈ। ਸੋ ਇਸ ਤਰ੍ਹਾਂ ਕ੍ਰੋਧ ਇਕ ਖਿਆਲ ਹੀ ਤਾਂ ਹੈ। ਇਸ ਖਿਆਲ ਨੇ ਸਰੀਰ ਉਤੇ ਕਿੰਨਾ ਅਸਰ ਕੀਤਾ। ਇਸੇ ਤਰ੍ਹਾਂ ਨਾਲ ਆਦਮੀ ਦੇ ਮਨ ਵਿਚ ਚਿੰਤਾ ਪੈਦਾ ਹੋ ਜਾਂਦੀ ਹੈ, ਉਸ ਦੀ ਭੁੱਖ, ਤ੍ਰੇਹ ਪੂਰੀ ਤਰ੍ਹਾਂ ਨਾਲ ਮਿਟ ਜਾਂਦੀ ਹੈ। ਸਾਰੇ ਸਰੀਰ ਦੀ ਕਿਰਿਆ ਉਲਟ-ਪੁਲਟ ਹੋ ਜਾਂਦੀ ਹੈ, ਠੰਢੇ ਸਾਹ ਆਉਂਦੇ ਹਨ, ਹਉਕੇ ਆਉਂਦੇ ਹਨ, ਦੁਨੀਆਂ ਵਿਚ ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ, ਖੁਸ਼ੀਆਂ ਦੇ ਸਮਾਗਮ ਉਸ ਲਈ ਬੇ-ਮਾਇਨੇ ਹਨ। ਕ੍ਰੋੜਾਂ ਰੁਪਇਆ ਖਰਚ ਕੇ ਸ਼ੁਧ ਮਾਰਬਲ ਦਾ ਘਰ ਪੂਰੀ ਤਰ੍ਹਾਂ ਨਾਲ ਸਜਾਇਆ ਹੋਇਆ, ਚਿੰਤਾਵਾਨ ਪ੍ਰੇਮੀ ਦੇ ਵਾਸਤੇ ਕੋਈ ਖਿੱਚ ਦਾ ਕਾਰਨ ਨਹੀਂ ਬਣਦਾ। ਦੁਨੀਆਂ ਵਲੋਂ ਅਚੇਤ ਹੋ ਜਾਂਦਾ ਹੈ, ਇਕ ਧੁਨ ਲਗ ਜਾਂਦੀ ਹੈ ਉਸ ਵਿਚ ਹੀ ਡੁੱਬਿਆ ਰਹਿੰਦਾ ਹੈ ਅਤੇ ਸਰੀਰ ਦੇ ਸਾਰੇ ਸੈਲ, nervous system ਬਹੁਤ ਹੀ ਬੋਝਲ ਹੋ ਕੇ ਆਪਣੀ ਕਿਰਿਆ ਨਿਭਾਉਂਦੇ ਹਨ। ਖਾਧੇ ਹੋਏ ਅਹਾਰ ਦੇ ਅੰਸ਼ ਆਪਣੀ-ਆਪਣੀ ਥਾਂ ਜਿਗਰ ਤੋਂ ਭੇਜੇ ਨਹੀਂ ਜਾਂਦੇ, ਕਬਜ਼ ਹੋ ਜਾਂਦੀ ਹੈ ਜਾਂ ਫਿਰ loose motions ਲਗ ਜਾਂਦੇ ਹਨ, ਨੀਂਦ ਬਿਲਕੁਲ ਖਤਮ ਹੋ ਜਾਂਦੀ ਹੈ, ਨੀਂਦ ਦੀਆਂ ਗੋਲੀਆਂ ਖਾ ਕੇ ਕੁਝ ਸੌਣ ਦਾ ਜਤਨ ਕਰਦਾ ਹੈ ਪਰ ਫੇਰ ਵੀ ਸੌਂ ਨਹੀਂ ਹੁੰਦਾ, ਸੁਪਨੇ ਡਰਾਵਣੇ ਆਉਂਦੇ ਹਨ, ਪਰੇਸ਼ਾਨੀ ਵਾਲੇ ਆਉਂਦੇ ਹਨ; ਉਹ ਸੁਤਿਆਂ ਪਿਆਂ ਵੀ ਸਰੀਰ ਦੇ ਉਤੇ ਅਸਰ ਕਰਦੇ ਹਨ। ਸੋ ਇਸ ਤਰ੍ਹਾਂ ਨਾਲ ਆਦਮੀ ਉਪਰ ਖਿਆਲ ਦਾ ਅਸਰ ਹੋਇਆ ਕਰਦਾ ਹੈ। ਕਾਮੁਕ ਬਿਰਤੀ ਵਾਲੇ ਦੇ ਸਰੀਰਕ ਸੈਲ ਹਰ ਵਕਤ ਜਲਦੇ ਰਹਿੰਦੇ ਹਨ। ਵੀਰਯ ਇਸ ਸਰੀਰ ਵਿਚ ਸਭ ਤੋਂ ਸਰਵਉਚ (supreme) ਸ਼ਕਤੀ ਹੈ। ਉਹ ਖੁਰਾਕ ਦੇ ਤੱਤਾਂ ਨੂੰ compress ਕਰਕੇ ਇਕ ਬੂੰਦ ਵਿਚ ਜਮ੍ਹਾਂ ਹੋ ਜਾਂਦਾ ਹੈ। ਕਾਮੁਕ ਪੁਰਸ਼ ਅਗਿਆਨ ਵਸ ਹੋਇਆ ਹੋਇਆ ਇਸ ਸ਼ਕਤੀ ਨੂੰ ਵਾਸ਼ਨਾ ਦੇ ਅਧੀਨ ਐਨੀ ਨਿਰਬਲ ਕਰ ਦਿੰਦਾ ਹੈ ਕਿ ਸਰੀਰ ਵਿਚ ਅਨੇਕਾਂ ਰੋਗ

ਆਪਣੇ ਪੱਕੇ ਘਰ ਬਣਾ ਲੈਂਦੇ ਹਨ ਅਤੇ ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਸਰੀਰ ਨੂੰ ਗਾਲਣਾ ਸ਼ੁਰੂ ਕਰ ਦਿੰਦੇ ਹਨ। ਜਿਵੇਂ ਸੁਹਾਗਾ ਪਾ ਕੇ ਸੋਨਾ ਢਲਦਾ ਹੈ, ਇਵੇਂ ਜਿਵੇਂ ਕਾਮ ਤੇ ਕ੍ਰੋਧ ਸਰੀਰ ਨੂੰ ਗਾਲਦੇ ਹਨ। ਫੁਰਮਾਨ ਹੈ –

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ – 932*

ਇਸੇ ਤਰ੍ਹਾਂ ਨਾਲ ਡਰ ਆਦਮੀ ਦੇ ਖ਼ੂਨ ਨੂੰ ਪਾਣੀ ਬਣਾ ਦਿੰਦਾ ਹੈ। ਸਾਰੀ ਅਕਲ, ਹੋਸ਼ ਗੁੰਮ ਕਰ ਦਿੰਦਾ ਹੈ। ਡਰ ਵਿਚ ਆਦਮੀ ਨਾ ਕੁਝ ਖਾ ਸਕਦਾ ਹੈ ਅਤੇ ਨਾ ਹੀ ਉਸ ਦੇ ਸਰੀਰ ਨੂੰ ਕੋਈ ਸ਼ਕਤੀਸ਼ਾਲੀ ਅੰਸ਼ ਖਾਣ ਪੀਣ ਵਿਚੋਂ ਪ੍ਰਾਪਤ ਹੁੰਦੇ ਹਨ। ਡਰ ਨਾਲ ਆਦਮੀ ਕੇਵਲ ਕੰਬਦਾ ਹੀ ਨਹੀਂ ਸਗੋਂ ਉਸਦੇ ਸਾਰੇ system ਸਰੀਰ ਵਿਚ ਭਿਆਨਕ ਅਸਰ ਪੈਦਾ ਹੋ ਜਾਂਦਾ ਹੈ। ਡਰ ਦੇ ਮਾਰੇ ਪਿਸ਼ਾਬ ਨਿਕਲ ਜਾਂਦਾ ਹੈ, ਵਿਸ਼ਟਾ ਆਪਣੇ ਆਪ ਕਪੜਿਆਂ ਵਿਚ ਹੀ ਨਿਕਲ ਜਾਂਦਾ ਹੈ, ਬੋਲ ਕੰਬਦਾ ਹੈ, ਅਕਲ ਕੋਈ ਕੰਮ ਨਹੀਂ ਕਰਦੀ। ਸੋ ਸਰੀਰ ਉਤੇ ਇਸ ਦਾ ਪ੍ਰਬਲ ਅਸਰ ਪੈਂਦਾ ਹੈ ਜੋ ਬਹੁਤ ਸਮੇਂ ਤਕ ਸਤੁੰਲਨ ਵਿਚ ਨਹੀਂ ਆਉਂਦਾ। ਜ਼ਬਰਦਸਤ ਝਟਕਾ ਲਗ ਜਾਂਦਾ ਹੈ। ਇਸੇ ਤਰ੍ਹਾਂ ਨਾਲ ਆਸ਼ਾਵਾਂ ਅਤੇ ਅੰਦੇਸ਼ੇ ਸਰੀਰ ਉਤੇ ਅਸਰ ਕਰਦੇ ਰਹਿੰਦੇ ਹਨ। ਪੰਜਾਂ ਚੋਰਾਂ ਦਾ ਹੱਲਾ ਐਨਾ ਜ਼ੋਰਦਾਰ ਹੁੰਦਾ ਹੈ ਕਿ ਉਸ ਦੇ ਸੰਤੁਲਨ ਨੂੰ ਤਹੱਸ-ਨਹੱਸ ਕਰ ਦਿੰਦਾ ਹੈ। ਪੂਰੀ ਤਰ੍ਹਾਂ ਨਾਲ ਬੇ-ਮਰਿਆਦਗੀ ਵਿਚ ਧੱਕਾ ਦੇ ਦਿੰਦਾ ਹੈ। ਜ਼ੁਬਾਨ ਦੇ ਨਾਲ ਕਿਸੇ ਦੀ ਨਿੰਦਿਆ ਕਰਨੀ, ਬੁਰਾ ਭਲਾ ਕਹਿਣਾ, ਦੋਸ਼ ਕੱਢਣੇ, ਇਹ ਮਾਨਸਿਕ ਬਿਮਾਰੀ ਹੋਇਆ ਕਰਦੀ ਹੈ ਜਿਸ ਦਾ ਜਨਮ ਈਰਖਾ ਤੋਂ ਹੋਇਆ ਕਰਦਾ ਹੈ। ਈਰਖਾਲੂ ਪੁਰਸ਼ ਦੇ ਮੱਥੇ ਉਤੇ ਤਿਊੜੀਆਂ ਪੈ ਜਾਂਦੀਆਂ ਹਨ, ਚੇਹਰਾ ਡਰਾਉਣਾ ਹੋ ਜਾਂਦਾ ਹੈ, ਨੇਤਰਾਂ ਦੀ ਮਿਠਾਸ ਖਤਮ ਹੋ ਕੇ ਉਸ ਵਿਚ ਕਰੂਰਤਾ ਆ ਜਾਂਦੀ ਹੈ ਉਸਦੇ ਬੋਲਾਂ ਦੀ ਮਿਠਾਸ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਂਦੀ ਹੈ ਅਤੇ ਫਿੱਕੇ ਬੋਲ ਉਸ ਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲਦੇ ਹਨ। ਇਸ ਰੋਗ ਦੀ ਭੜਾਸ ਕੱਢਣ ਲਈ ਉਹ ਦੂਸਰਿਆਂ ਵਿਚ ਦੋਸ਼ ਅਰੋਪਣ ਕਰਦਾ ਹੈ ਅਤੇ ਨਿੰਦਾ ਕਰਕੇ ਦੂਸਰਿਆਂ ਦੇ ਮਨਾਂ ਵਿਚ ਅਕਾਰਨ ਹੀ ਐਸੀਆਂ ਚੀਜ਼ਾਂ ਪਾਉਣ ਦਾ ਜਤਨ ਕਰਦਾ ਹੈ ਜਿਸ ਨਾਲ ਉਨ੍ਹਾਂ ਦੇ ਮਾਨਸਿਕ ਸੰਤੁਲਨ ਨੂੰ ਹਾਨੀ ਪਹੁੰਚ ਸਕੇ। ਸੋ ਇਹ ਸਭ ਕੁਝ ਕਿਉਂ ਹੋਇਆ? ਇਹ ਵਿਚਾਰ ਅਸਾਨੂੰ ਅਵਸ਼ ਕਰਨੀ ਪੈਂਦੀ ਹੈ। ਮਨੋ ਵਿਗਿਆਨੀ ਇਸ ਦੇ ਬਹੁਤ ਕਾਰਨ ਦਸਦੇ ਹਨ ਅਤੇ ਇਲਾਜ ਦੱਸਣ ਦੀ ਵੀ ਕੋਸ਼ਿਸ਼ ਕਰਦੇ ਹਨ ਪ੍ਰੰਤੂ ਗੁਰੂ ਮਹਾਰਾਜ ਜੀ ਗੁਰਬਾਣੀ ਰਾਹੀਂ ਫੁਰਮਾਨ ਕਰਦੇ ਹਨ-

*ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥*
*ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ॥*
*ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ ਪੰਨਾ – 67*

ਗੁਰਬਾਣੀ ਦੇ ਪ੍ਰਕਾਸ਼ ਵਿਚ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਸਪਸ਼ਟ ਦਸਦਾ ਹੈ-

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਪੰਨਾ – 135*

ਜਦੋਂ ਅਸੀਂ ਇਸ ਦੀ ਗਹਿਰੀ ਵਿਚਾਰ ਕਰਦੇ ਹਾਂ ਤਾਂ ਸਾਡੇ ਅੰਦਰ ਕੁਝ ਪ੍ਰਕਾਸ਼ ਪੈਂਦਾ ਹੈ ਜਿਸ ਤੋਂ ਕੁਝ ਅਨੁਭਵ ਖੁਲ੍ਹਦਾ ਹੈ। ਵਾਹਿਗੁਰੂ ਜੀ ਸਤਿ, ਚਿਤ, ਅਨੰਦ ਅਤੇ ਨਿਰੇ ਹੀ ਪਿਆਰ ਦਾ ਸਰੂਪ ਹਨ ਅਤੇ ਅਮਿਤੋਜ (ਨਾ ਮਿਣੀ, ਨਾ ਤੋਲੀ ਜਾਣ ਵਾਲੀ ਸ਼ਕਤੀ) ਦੇ ਮਾਲਕ ਹਨ। ਜਦੋਂ ਇਹ ਜੀਵ ਪ੍ਰਭੂ ਵਲ ਨੂੰ ਰੁਖ ਕਰਦਾ ਹੈ ਤਾਂ ਉਸ ਪ੍ਰਭੂ ਵਿਚੋਂ ਰਸ ਅਤੇ ਪਿਆਰ ਦਿੰਦੀ ਧਾਰ ਇਸ ਦੇ ਅੰਤਸ਼ਕਰਣ ਵਿਚ ਪੈਣੀ ਸ਼ੁਰੂ ਹੋ ਜਾਇਆ ਕਰਦੀ ਹੈ ਜਿਸ ਕਰਕੇ ਇਸ ਦੀ ਸੋਚਣ ਸ਼ਕਤੀ, ਸਹਿਨ ਸ਼ਕਤੀ ਐਨੀ ਮਜ਼ਬੂਤ ਹੋ ਜਾਇਆ ਕਰਦੀ ਹੈ ਕਿ ਕੋਈ ਵੀ ਡਰ, ਕੋਈ ਵੀ ਚਿੰਤਾ, ਆਸਾ ਅੰਦੇਸਾ, ਪੰਜ ਚੋਰ – ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜੇ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ; ਚਾਰ ਅੰਦਰਲੀਆਂ ਅਗਨੀਆਂ – ਹੰਸ, ਹੇਤ, ਕੋਪ, ਲੋਭ ਆਦਿ ਸਾਰੇ ਸੰਤੁਲਨ ਵਿਚ ਬੱਝ ਜਾਂਦੇ ਹਨ ਅਤੇ ਨਾਮ ਦੇ ਜਾਪ ਕਰਨ ਨਾਲ ਇਸ ਜੀਵ ਦੇ ਅੰਦਰ ਅਥਾਹ ਸ਼ਕਤੀ ਪੈਦਾ ਹੋ ਜਾਂਦੀ ਹੈ, ਭਰੋਸੇ ਦਾ ਅਮੁੱਕ ਭੰਡਾਰ ਇਸ ਦੇ ਅੰਤਸ਼ਕਰਣ ਵਿਚ ਸਮਾਅ ਜਾਂਦਾ ਹੈ ਜਿਸ ਕਰਕੇ ਸਰੀਰ ਦੇ ਸਾਰੇ ਸੈਲ ਜੋ ਅਜਕੱਲ ਦੇ ਵਿਗਿਆਨਕਾਰੀਆਂ ਵਲੋਂ 14 ਖਰਬ, 15 ਅਰਬ ਦੱਸੇ ਜਾਂਦੇ ਹਨ, ਸਾਰੇ ਇਕ ਨਿਯਮ ਵਿਚ ਉਮਾਹ ਭਰੀ ਸੋਚਣੀ ਵਿਚ ਅਨੰਦ ਦੀਆਂ ਉਠਦੀਆਂ ਲਹਿਰਾਂ ਨੂੰ ਅਨੁਭਵ ਕਰਦੇ ਹੋਏ ਬੱਝ ਜਾਂਦੇ ਹਨ ਕਿਉਂਕਿ ਵਾਹਿਗੁਰੂ ਜੀ ਅਮਿੱਤ ਸ਼ਕਤੀ ਹਨ। ਸੋ ਉਨ੍ਹਾਂ ਵਿਚੋਂ ਸਰੀਰ ਦੇ ਸਹਿਨ-ਯੋਗ ਐਨਰਜੀ, ਉਨ੍ਹਾਂ ਨਾਲ ਪਿਆਰ ਵਿਚ ਜੁੜਿਆਂ, ਸਹਿਜ ਨਾਲ ਹੀ ਸਾਡੇ ਸਰੀਰ ਵਿਚ ਸਿੰਜਰਦੀ ਰਹਿੰਦੀ ਹੈ। ਜਿੰਨੇ ਵੀ ਸਰੀਰਕ ਸੈਲ ਫਿਊਜ਼ ਹੋ ਚੁੱਕੇ ਹੁੰਦੇ ਹਨ ਉਹ ਮੁੜ ਕੇ ਚੇਤਨਤਾ ਦੇ ਵੇਗ ਨਾਲ ਰਲ ਕੇ ਪੂਰੀ ਤਰ੍ਹਾਂ ਨਾਲ ਟਹਿਕ ਜਾਂਦੇ ਹਨ। ਵੱਡੇ ਤੋਂ ਵੱਡਾ, ਹੋਇਆ ਹੋਇਆ ਰੋਗ ਮਿਟ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਇਸ ਨੂੰ ਸੰਖੇਪ ਤੌਰ ਤੇ ਦਸਦੇ ਹਨ ਕਿ ਜੋ ਪ੍ਰੇਮੀ ਨਾਮ ਦੀ ਦਾਰੂ ਵਰਤ ਲਵੇਗਾ ਉਸਨੂੰ ਕਦੇ ਸੁਪਨੇ ਵਿਚ ਵੀ ਰੋਗ ਦਾ ਪ੍ਰਭਾਵ ਨਹੀਂ ਪਵੇਗਾ। ਫੁਰਮਾਨ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*

*ਗੁਰਿ ਪੂਰੈ ਸੰਜਮੁ ਕਰਿ ਦੀਆ।।*
*ਨਾਨਕ ਤਉ ਫਿਰਿ ਦੂਖ ਨ ਥੀਆ।।*
*ਪੰਨਾ - 259*

ਸੋ ਇਹ ਅਉਖਧ ਨਾਮ ਹੈ, ਨਾਮ ਆਦਮੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਜਿਸ ਥਾਂ ਨਾਮ ਦਾ ਅਨੁਭਵ ਇਸ ਸਰੀਰ ਵਿਚ ਹੁੰਦਾ ਹੈ ਉਸਨੂੰ ਮਹਾਰਾਜ ਜੀ ਸੁੰਨ ਮੰਡਲ ਆਖ ਕੇ ਸੰਬੋਧਨ ਕਰਦੇ ਹਨ। ਜਿਥੇ ਕੋਈ ਫੁਰਨਾ ਨਹੀਂ ਹੈ, ਜਿਥੇ ਕੋਈ ਕਲਪਨਾ ਨਹੀਂ, ਕੋਈ ਭਰਮ ਭੁਲੇਖਾ ਨਹੀਂ ਹੈ, ਉਸ ਥਾਂ ਨਾਮ ਦਾ ਅਨੁਭਵ ਹੋਇਆ ਕਰਦਾ ਹੈ। ਫੁਰਮਾਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।।*
*ਦੇਹੀ ਮਹਿ ਇਸ ਕਾ ਬਿਸ੍ਰਾਮੁ।।*
*ਸੁੰਨ ਸਮਾਧਿ ਅਨਹਤ ਤਹ ਨਾਦ।।*
*ਕਹਨੁ ਨ ਜਾਈ ਅਚਰਜ ਬਿਸਮਾਦ।।*
*ਪੰਨਾ - 293*

ਸੋ ਜਦੋਂ ਪ੍ਰਮੇਸ਼ਰ ਦੀ ਯਾਦ ਅੰਤਸ਼ਕਰਣ ਵਿਚ ਟਿਕ ਜਾਵੇ ਤਾਂ ਆਦਮੀ ਦੇ ਕੁਲ ਰੋਗ ਬਿਨਾਂ ਦਵਾਈ ਖਾਧਿਆਂ ਆਪਣੇ ਆਪ ਹੀ ਦੂਰ ਹੋ ਜਾਇਆ ਕਰਦੇ ਹਨ। ਇਥੋਂ ਤਕ ਵੀ ਪ੍ਰਤੱਖ ਤਜਰਬਾ ਕੀਤਾ ਹੈ ਕਿ ਜਿਸਦੇ ਅੰਦਰ ਨਾਮ ਦੀ ਰੌ ਪੂਰੀ ਸ਼ਕਤੀ ਨਾਲ ਰੁਮਕ ਰਹੀ ਹੈ, ਉਸ ਵਲੋਂ ਸਿਰ ਤੇ ਹੱਥ ਰੱਖਿਆਂ ਜਾਂ ਮੁਖ ਤੋਂ ਸ਼ੁਭ ਵਾਕ ਕੀਤਿਆਂ ਜਾਂ ਉਸ ਦੀ ਚਰਨ ਧੂੜ ਵਰਤਿਆਂ ਭਿਅੰਕਰ ਰੋਗਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। ਇਹ ਸਾਰੇ ਬਚਨ ਨਿਰਾਰਥਕ ਨਹੀਂ ਹਨ। ਇਹ ਪਰਖ ਕੇ, ਦੇਖ ਕੇ, ਤਜਰਬਾ ਕਰਕੇ ਲਿਖੇ ਜਾ ਰਹੇ ਹਨ। ਸੈਂਕੜੇ ਪ੍ਰੇਮੀ ਜਿਨ੍ਹਾਂ ਨੂੰ ਡਾਕਟਰਾਂ ਨੇ ਇਹ ਕਹਿ ਕੇ ਹਸਪਤਾਲਾਂ 'ਚੋਂ ਖਾਰਜ ਕਰ ਦਿਤਾ ਸੀ ਕਿ ਤੁਹਾਡਾ ਰੋਗ ਅਸਾਧ ਹੈ, ਇਸ ਦਾ ਕੋਈ ਇਲਾਜ ਨਹੀਂ, ਉਨ੍ਹਾਂ ਨੇ ਵੀ ਜਦੋਂ 'ਨਾਮ' ਦੀ ਦਵਾਈ ਪੂਰੀ ਵਿਧੀ ਨਾਲ ਤਨ ਮਨ 'ਚ ਵਰਤੀ ਤਾਂ ਉਨ੍ਹਾਂ ਦੇ ਭਿਅੰਕਰ ਰੋਗ, ਬਿਨਾਂ ਜਾਤ-ਪਾਤ ਦਾ ਖਿਆਲ ਕੀਤਿਆਂ ਦੂਰ ਹੋ ਗਏ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਜਿਸ ਅਟੱਲ ਨਿਯਮ ਵਲ ਸਾਡਾ ਧਿਆਨ ਦਿਵਾਉਂਦੇ ਹਨ, ਉਹ ਹੈ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।।*

*ਪੰਨਾ - 135*

ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਇਕ ਹੋਰ ਅਟੱਲ ਨਿਯਮ ਵਲ ਧਿਆਨ ਦਿਵਾਉਂਦਿਆਂ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਤੋਂ ਬੇਮੁਖ ਹੋ ਕੇ ਜੀਵਨ ਗੁਜ਼ਾਰਨ ਨਾਲ ਜੰਮਣ ਤੇ ਮਰਨ ਵਿਚ ਪੈਂਦਾ ਹੋਇਆ ਆਦਮੀ ਸਦਾ ਹੀ ਵਿਜੋਗ ਦੀ ਅਵਸਥਾ ਨਾਲ ਪੀੜਤ ਰਹਿੰਦਾ ਹੈ। ਮਾਇਆ ਦੇ ਭੋਗ ਕੋਈ ਰਸ ਨਹੀਂ ਦਿੰਦੇ ਸਗੋਂ ਗੁਰੂ ਮਹਾਰਾਜ ਤਾਂ ਐਸਾ ਫੁਰਮਾਨ ਕਰਦੇ, ਮਾਇਆ ਬਾਰੇ ਦਸਦੇ ਹਨ ਕਿ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ।।*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ।।*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ।।*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।।*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ।।*
*ਪੰਨਾ - 707*

ਸੋ ਪ੍ਰਮੇਸ਼ਰ ਤੋਂ ਭੁੱਲੇ ਹੋਏ, ਮਹਾਂ ਦੁਖੀ ਹੋਏ ਜੀਵ ਦੀ ਕੋਈ ਵਿਚੋਲਗੀ ਨਹੀਂ ਕਰ ਸਕਦਾ ਕਿਉਂਕਿ ਅਟੱਲ ਨਿਯਮਾਂ ਅਨੁਸਾਰ ਉਸਨੇ ਆਪਣੇ ਕੀਤੇ ਕਰਮਾਂ ਦਾ ਦੁਖ ਜ਼ਰੂਰ ਭੋਗਣਾ ਹੈ ਪਰ ਆਪ ਜੀਵ ਨੂੰ ਨਿਰਾਸ਼ਾਵਾਦ ਵਿਚ ਡੁੱਬਣ ਤੋਂ ਬਚਾਉਣ ਵਾਸਤੇ ਫੁਰਮਾਨ ਕਰਦੇ ਹਨ ਕਿ ਜੇ ਭਾਗ ਬਣ ਜਾਣ ਅਤੇ ਇਹ ਜੀਵ ਪ੍ਰਮੇਸ਼ਰ ਉਤੇ ਇਮਾਨ ਲੈ ਆਵੇ, ਉਸ ਦੀ ਯਾਦ ਵਿਚ ਲਗ ਜਾਵੇ ਅਤੇ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਉਸ ਨੂੰ ਆਪਣੇ ਅੰਦਰੋਂ ਹੀ ਪ੍ਰਭੂ ਦਾ ਗਿਆਨ ਹੋ ਜਾਵੇ ਅਤੇ ਜੀਵ ਭਾਵ, ਆਤਮ ਭਾਵ ਵਿਚ ਬਦਲ ਜਾਵੇ ਤਾਂ ਸਾਰੇ ਵਿਜੋਗ ਖਤਮ ਹੋ ਜਾਇਆ ਕਰਦੇ ਹਨ। ਅੰਤ ਗੁਰੂ ਮਹਾਰਾਜ ਜੀ ਅਸਾਨੂੰ ਬੇਨਤੀ ਕਰਨ ਦੀ ਜਾਚ ਦਸਦਿਆਂ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਅਸਾਡੇ ਬੰਧਨਾਂ ਨੂੰ ਕੱਟ ਦੇ, ਸਾਡੇ ਔਗੁਣਾਂ ਨੂੰ ਨਾ ਚਿਤਾਰ, ਮੇਲ ਦੇ ਆਪਣਾ ਕੋਈ ਪਿਆਰਾ, ਉਸ ਦੀ ਸੰਗਤ ਵਿਚ ਮੈਂ ਤੇਰੇ ਗੁਣ ਗਾਵਾਂ, ਤੇਰਾ ਬਣ ਕੇ ਚਲਾਂ ਤਾਂ ਜੋ ਸਾਰੀਆਂ ਸੋਚਾਂ, ਸਾਰੇ ਦੁਖਾਂ ਦਾ ਖਾਤਮਾ ਹੋ ਜਾਵੇ। ਕ੍ਰਮਵਾਰ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੈ-

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।।*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ।।*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।।*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ।।*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ।।*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ।।*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ।।*
*ਪੰਨਾ - 135*

ਸੋ ਇਸ ਉਤਮ ਉਪਦੇਸ਼ ਨੂੰ ਕਤਕ ਦੇ ਮਹੀਨੇ ਰਾਹੀਂ ਗੁਰੂ ਮਹਾਰਾਜ ਜੀ ਨੇ ਪ੍ਰਗਟ ਕਰਕੇ ਅਟੱਲ ਨਿਯਮਾਂ ਵਲ ਸਾਡਾ ਧਿਆਨ ਦਿਵਾਇਆ ਹੈ, ਅਸੀਂ ਇਨ੍ਹਾਂ ਨਿਯਮਾਂ ਨੂੰ

(ਬਾਕੀ ਪੰਨਾ 16 ਤੇ)

# ਸੰਪਾਦਕੀ

***ਡਾ. ਜਗਜੀਤ ਸਿੰਘ***

ਪੂਰਾ ਇਕ ਵਰ੍ਹਾ ਹੋ ਚਲਿਆ ਹੈ – ਮਹਾਂਪੁਰਸ਼ਾਂ ਦੇ ਪ੍ਰਤੱਖ ਸਰੂਪ ਦੇ ਦਰਸ਼ ਕੀਤਿਆਂ। ਆਪ ਨੇ 31 ਅਕਤੂਬਰ 2001 ਨੂੰ ਸਰੀਰਕ ਚੋਲਾ ਬਦਲਿਆ ਤੇ ਬ੍ਰਹਮਲੀਨ ਹੋ ਗਏ। ਗੁਰੂ ਪਿਆਰੇ ਨਾਮ ਭਜਨ ਰਾਹੀਂ ਐਸੀ ਅਵਸਥਾ ਤੇ ਪੁਜ ਜਾਂਦੇ ਹਨ ਜਿਥੇ ਕਾਲ ਨਹੀਂ ਵਿਆਪਦਾ। ਉਹ ਜਨਮ ਮਰਣ ਤੋਂ ਰਹਿਤ ਹੋ ਜਾਂਦੇ ਹਨ। ਫੇਰ ਉਹ ਮਰਜ਼ੀ ਨਾਲ ਸੰਸਾਰ ਵਿਚ ਆਉਂਦੇ ਜਾਂਦੇ ਹਨ। ਉਹ ਹੁਕਮੀ ਬੰਦੇ ਹੁੰਦੇ ਹਨ, ਇਸ ਲਈ ਜਿਵੇਂ ਜਿਵੇਂ ਪਰਮਾਤਮਾ ਉਨ੍ਹਾਂ ਦੀ ਸੇਵਾ ਲਾਉਂਦੇ ਹਨ, ਤਿਵੇਂ ਤਿਵੇਂ ਹੀ ਉਹ ਕਿਰਿਆਸ਼ੀਲ ਹੁੰਦੇ ਹਨ। ਇਸ ਸੰਸਾਰ ਵਿਚ ਵਿਚਰਦਿਆਂ, ਜੀਵਨ ਸਫਰ ਤਹਿ ਕਰਦਿਆਂ ਉਹ ਹਰ ਸਮੇਂ, ਸੁਆਸ-ਸੁਆਸ ਨਾਮ ਸਿਮਰਨ ਕਰਦੇ ਹਨ ਅਤੇ ਸੰਸਾਰ ਨੂੰ ਨਾਮ ਸਿਮਰਨ ਵਿਚ ਜੋੜ ਕੇ ਦੁਖਾਂ ਕਲੇਸ਼ਾਂ ਤੋਂ ਮੁਕਤ ਕਰਦੇ ਹਨ। ਗੁਰੂ ਮਹਾਰਾਜ ਜੀ ਨੇ ਨਾਮ ਸਿਮਰਨ ਰਾਹੀਂ ਸਾਡੇ ਮਹਾਂਪੁਰਸ਼ਾਂ ਨੂੰ ਕੈਸੀ ਅਵਸਥਾ ਬਖਸ਼ਸ਼ ਕੀਤੀ, ਇਸ ਬਾਰੇ ਪੂਰੀ ਵਿਚਾਰ ਕਰਨੀ ਅਸੰਭਵ ਜਾਪਦੀ ਹੈ ਪਰ ਅਸੀਂ ਦੁਨਿਆਵੀ ਲੋਕ ਉਨ੍ਹਾਂ ਦੇ ਕਿਸੇ ਇਕ ਮੀਰੀ ਗੁਣ ਨੂੰ ਸਮਝ ਕੇ, ਵੇਖਕੇ, ਪਰਤਿਆ ਕੇ, ਉਨ੍ਹਾਂ ਦੀ ਮਹਾਨਤਾ ਸਮਝ ਸਕਦੇ ਹਾਂ।

ਗੁਰਬਾਣੀ ਅਧਿਐਨ ਰਾਹੀਂ ਪਤਾ ਲਗਦਾ ਹੈ ਕਿ ਸਿਮਰਨ ਰਾਹੀਂ ਗੁਰੂ ਬਖਸ਼ਿਸ਼ ਹੁੰਦੀ ਹੈ ਅਤੇ ਸਹਿਜ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਮੈਨੂੰ ਉਨ੍ਹਾਂ ਦੀ ਸਖਸ਼ੀਅਤ ਦਾ ਇਹ ਮੀਰੀ ਗੁਣ ਦਿਸਿਆ ਹੈ। ਥੋੜ੍ਹਾ ਵਿਚਾਰ ਕਰੀਏ ਕਿ ਸਹਿਜ ਕੀ ਹੈ? ਸਹਿਜ ਤੋਂ ਭਾਵ ਹੈ – ਆਤਮਕ ਅਡੋਲਤਾ, ਮਨ ਦੀ ਸਥਿਰਤਾ, ਦ੍ਵੈਤ ਭਾਵ ਤੋਂ ਮੁਕਤ, ਪਰਮਾਤਮਾ ਵਿਚ ਟਿਕੇ ਮਨ ਦੀ ਦਸ਼ਾ। ਗੁਰਬਾਣੀ ਵਿਚ ਤੁਰੀਆ ਪੱਦ ਦੀ ਪ੍ਰਾਪਤੀ ਨੂੰ ਸਹਜ ਅਵਸਥਾ ਦੀ ਪ੍ਰਾਪਤੀ ਕਿਹਾ ਹੈ। ਤਿੰਨਾ ਗੁਣਾ – ਰਜੋ, ਤਮੋ, ਸਤੋ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਹੀ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਨੂੰ ਚੌਥਾ ਪੱਦ ਵੀ ਕਿਹਾ ਹੈ। ਇਹ ਮਨ ਦੀ ਅਡੋਲਤਾ, ਵਿਸਮਾਦ ਅਤੇ ਖਿੜਾਓ ਦੀ ਅਵਸਥਾ ਹੈ ਜੋ ਨਾਮ-ਸਿਮਰਨ ਅਤੇ ਸਿਫਤਿ-ਸਲਾਹ ਦੀ ਬਰਕਤਿ ਨਾਲ ਪ੍ਰਾਪਤ ਹੁੰਦੀ ਹੈ ਜਿਵੇਂ ਫੁਰਮਾਨ ਹੈ : –

***ਰਸਨਾ ਗੁਣ ਗੋਪਾਲ ਨਿਧਿ ਗਾਇਣ॥***
***ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥***

***ਪੰਨਾ – 713***

ਗੁਰਬਾਣੀ ਅਨੁਸਾਰ ਸੰਸਾਰ ਵਧੇਰੇ ਕਰਕੇ ਤਿੰਨਾਂ ਗੁਣਾ ਦੀ ਖੇਡ ਵਿਚ ਲਪਾਇਮਾਨ ਹੈ, ਚੌਥੇ ਪੱਦ ਪ੍ਰਤੀ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਹੈ, ਸ਼ਾਇਦ ਭੁੱਲ ਹੀ ਗਿਆ ਹੈ ਕਿ ਰਜੋ, ਤਮੋ, ਸਤੋ ਦੇ ਮਾਇਕ ਬੰਧਨਾਂ ਤੋਂ ਮੁਕਤ ਹੋਕੇ ਚੌਥੇ ਪੱਦ ਵਿਚ, ਤੁਰੀਆ ਵਿਚ, ਸਹਜ ਵਿਚ ਵਿਚਰਨਾ ਹੀ ਮਨੁੱਖੀ ਜੀਵਨ ਦਾ ਸਹੀ ਲਕਸ਼ ਹੈ। ਗੁਰਬਾਣੀ ਅਨੁਸਾਰ ਇਹ ਤੱਤ ਹੀ ਅਸਲ ਵਿਚ ਗ੍ਰਹਿਣ-ਯੋਗ ਸਾਰ ਵਸਤੂ ਹੈ। ਸਹਜ ਅਤੇ ਅਨੰਦ ਦੀ ਅਵੱਸਥਾ ਦੀ ਸੋਝੀ ਧਰਮ ਗ੍ਰੰਥਾਂ, ਸਿੰਮ੍ਰਤੀਆਂ ਸ਼ਾਸਤ੍ਰਾਂ ਦੇ ਪੰਡਿਤ, ਗਿਆਨੀ ਵੀ ਨਹੀਂ ਜਾਣਦੇ। ਉਹ ਇਹੋ ਵਿਚਾਰਾਂ ਕਰਦੇ ਰਹਿੰਦੇ ਹਨ ਕਿ ਧਰਮ ਅਨੁਸਾਰ ਪਾਪ ਕੀ ਹੈ, ਪੁੰਨ ਕੀ ਹੈ। ਇਸ ਤਰ੍ਹਾਂ ਸਾਰਾ ਸੰਸਾਰ ਤਿੰਨਾ ਗੁਣਾਂ ਦੇ ਭਰਮ ਜਾਲ ਵਿਚ ਭਟਕ ਰਿਹਾ ਹੈ। ਤਿੰਨਾਂ ਗੁਣਾਂ ਵਾਲੇ ਮਾਇਕ ਸੰਸਾਰ ਵਿਚ ਸੁਤਿਆਂ ਹੀ ਸਾਰੀ ਉਮਰ ਗੁਜ਼ਰ ਜਾਂਦੀ ਹੈ। ਗੁਰੂ ਜੀ ਅਨੁਸਾਰ ਮੋਹ ਦੀ ਗੂੜ੍ਹੀ ਨੀਂਦ ਵਿਚੋਂ ਗੁਰੂ ਕਿਰਪਾ ਸਦਕਾ ਹੀ ਜਾਗਿਆ ਜਾ ਸਕਦਾ ਹੈ। ਗੁਰੂ ਹਰਿ-ਨਾਮ ਰਾਹੀਂ ਸੁਰਤਿ ਨੂੰ ਸ਼ਬਦ ਵਿਚ ਟਿਕਾ ਕੇ ਆਤਮਕ-ਅਨੰਦ, ਬਖਸ਼ਿਸ਼ ਕਰਦਾ ਹੈ। ਤੀਜੇ ਪਾਤਸ਼ਾਹ ਦਾ ਫੁਰਮਾਨ ਹੈ –

***ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥***
***ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥***
***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਗੁਰ ਕਿਰਪਾ ਤੇ ਸੇ ਜਨ ਜਾਗੇ***
***ਜਿਨਾ ਹਰਿ ਮਨ ਵਸਿਆ ਬੋਲਹਿ ਅੰਮ੍ਰਿਤ ਬਾਣੀ॥***
***ਕਹੈ ਨਾਨਕ ਸੋ ਤਤੁ ਪਾਏ ਜਿਸਨੋ ਅਨਦਿਨ***
***ਹਰਿ ਲਿਵ ਲਾਗੈ ਜਾਗਤ ਰੈਣ ਵਿਹਾਣੀ॥***

***ਪੰਨਾ – 920***

ਮਹਾਂਪੁਰਸ਼ਾਂ ਨੂੰ ਪੂਰਨ ਤੌਰ ਤੇ ਐਸਾ ਅਨੁਭਵ ਪ੍ਰਾਪਤ ਸੀ। ਉਹ ਅਕਸਰ ਦੀਵਾਨਾਂ ਵਿਚ ਨਾਮ ਸਿਮਰਨ ਸੰਬੰਧੀ ਪ੍ਰਵਚਨ ਕਰਦਿਆਂ ਕਿਹਾ ਕਰਦੇ ਸਨ ਕਿ ਧਾਰਮਿਕ ਕਰਮ-ਕਾਂਡਾਂ ਰਾਹੀਂ ਸਹਜ-ਅਵੱਸਥਾ ਪ੍ਰਾਪਤ ਨਹੀਂ ਹੋ ਸਕਦੀ ਅਤੇ ਜਦ ਤਕ ਸਹਜ ਦੀ, ਅਡੋਲਤਾ ਦੀ, ਆਤਮਿਕ ਅਨੰਦ ਦੀ ਅਵੱਸਥਾ ਪ੍ਰਾਪਤ ਨਹੀਂ ਹੁੰਦੀ, ਓਨਾਂ ਚਿਰ ਮਨੁੱਖ ਤਿੰਨ-ਗੁਣੀ ਮਾਇਆ ਦੇ ਮੋਹ ਤੋਂ ਪੈਦਾ ਹੋਏ ਤੌਖਲੇ, ਸਹਿਮ, ਡਰ, ਚਿੰਤਾਵਾਂ ਤੋਂ ਮੁਕਤ ਨਹੀਂ ਹੋ ਸਕਦਾ। ਜਿੰਨਾਂ ਚਿਰ ਮਨ ਸਹਿਮ ਵਿਚ ਵਿਚਰਦਾ ਹੈ, ਉਤਨਾ ਚਿਰ ਮੈਲਾ ਹੀ ਰਹਿੰਦਾ ਹੈ। ਇਹ ਮੈਲ ਕਿਸੇ ਬਾਹਰੀ ਜੁਗਤੀ ਨਾਲ ਨਹੀਂ ਧੁਲਦੀ। ਕੇਵਲ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ ਮਨ ਦੀ ਮੈਲ ਧੋਤੀ ਜਾ ਸਕਦੀ ਹੈ ਅਤੇ ਮਨ ਦੇ ਤੌਖਲੇ ਦੂਰ ਕਰਕੇ ਸਹਜ ਅਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥***
***ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥***
***ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥***
***ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥***
***ਕਹੈ ਨਾਨਕ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥***

***ਪੰਨਾ – 919***

ਸਹਜ ਦੇ ਵਿਪਰੀਤ ਅਸਹਿਜ ਵਿਚ ਵਿਚਰਦਾ ਮਨੁੱਖ ਹਉਂ ਅਧੀਨ ਜੀਵਨ ਨੂੰ ਬਿਖੜਾ ਪੈਂਡਾ ਬਣਾ ਲੈਂਦਾ ਹੈ। ਉਸ ਦਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਕੋਈ

ਨਿਯੰਤਰਣ ਨਹੀਂ ਹੁੰਦਾ। ਕਾਮ ਵਸ ਮਨੁੱਖ ਲਈ ਕੋਈ ਧੀ, ਭੈਣ ਦੀ ਮਾਨ ਮਰਿਆਦਾ ਨਹੀਂ। ਕ੍ਰੋਧ ਵਿਚ ਆ ਕੇ ਕਈ ਮੱਨੁਖਾਂ ਨੇ ਆਤਮਘਾਤ ਤਕ ਦੇ ਉਪੱਦਰ ਕੀਤੇ ਹਨ। ਰਿਸ਼ਵਤ, ਵੱਢੀ ਅਤੇ ਬੇਈਮਾਨੀ, ਲੋਭ ਅਤੇ ਮੋਹ ਦੇ ਵਸ ਵਿਚ ਆਏ ਲੋਕ ਹੀ ਕਰਦੇ ਹਨ। ਅਹੰਕਾਰੀ ਆਦਮੀ ਪਾਸੋਂ ਕਦੇ ਪਿਆਰ ਸਤਿਕਾਰ ਅਤੇ ਪਰਉਪਕਾਰ ਦੀ ਆਸ ਨਹੀਂ ਕੀਤੀ ਜਾ ਸਕਦੀ। ਅਸਹਿਜ ਵਿਚ ਵਿਚਰਦੇ ਮਨੁੱਖ ਨੂੰ ਬੇਤਾਲਾ ਕਿਹਾ ਗਿਆ ਹੈ। ਇਸ ਤਰ੍ਹਾਂ ਤਿੰਨਾਂ ਗੁਣਾਂ ਦੇ ਸੰਸਾਰ ਵਿਚ ਦ੍ਵੈਤ ਹੈ, ਦਵੰਦ ਹੈ, ਹਉਮੈ-ਵਾਦੀ ਬਿਰਤੀ ਦੀ ਪ੍ਰਧਾਨਤਾ ਹੈ। ਇਹ ਮੈਂ, ਮੇਰੀ ਦਾ ਸੰਸਾਰ ਹੈ ਜਿਥੇ ਦੁਖ-ਸੁਖ, ਖੁਸ਼ੀ-ਗਮੀ, ਲਾਭ-ਹਾਣ, ਮਾਨ-ਅਪਮਾਨ, ਗਰੀਬੀ-ਅਮੀਰੀ ਦੇ ਦਵੰਦ ਵਿਚ ਮਨੁੱਖ ਸਾਰੀ ਉਮਰ ਜਦੋਜਹਦ ਕਰਦਾ ਰਹਿੰਦਾ ਹੈ। ਸਹਜ-ਅਵੱਸਥਾ ਵਾਲਾ ਮਨੁੱਖ ਇਸ ਦ੍ਵੰਦ ਤੋਂ ਪਾਕ ਹੁੰਦਾ ਹੈ, ਉਸ ਨੂੰ ਗੁਰੂ ਮਹਾਰਾਜ ਜੀਵਨ-ਮੁਕਤਿ ਕਹਿੰਦੇ ਹਨ ਅਤੇ ਉਸ ਦੀ ਅਡੋਲ-ਸਹਜਮਈ ਅਵੱਸਥਾ ਇਉਂ ਬਿਆਨ ਕਰਦੇ ਹਨ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*
*ਪੰਨਾ - 275*

ਨਿਰਸੰਦੇਹ ਮਹਾਂਪੁਰਸ਼ਾਂ ਨੂੰ ਐਸਾ ਜੀਵਨ ਪ੍ਰਾਪਤ ਸੀ ਤੇ ਉਹ ਜੀਵਨ-ਮੁਕਤ ਸਨ। ਗੁਰਮੁਖ, ਸੰਤ, ਸਾਧ, ਬ੍ਰਹਮਗਿਆਨੀ ਅਜੇਹੀ ਅਡੋਲ ਸਹਜਮਈ ਅਵੱਸਥਾ ਵਿਚ ਵਿਚਰਦੇ ਵਿਕਾਰਾਂ ਤੋਂ ਇੰਜ ਬੇਦਾਗ ਰਹਿੰਦੇ ਹਨ ਜਿਵੇਂ ਪਾਣੀ ਵਿਚ ਉੱਗੇ ਕਉਲ ਫੁੱਲ, ਚਿਕੜ ਤੋਂ ਸਾਫ਼ ਹੁੰਦੇ ਹਨ; ਸਹਜ ਵਿਚ ਵਿਚਰਦਾ ਬ੍ਰਹਮ-ਗਿਆਨੀ ਸਮ-ਦਰਸੀ ਹੁੰਦਾ ਹੈ, ਸਭਨਾਂ ਵਲ ਇਕੋ ਪਿਆਰ-ਦ੍ਰਿਸ਼ਟੀ ਰਖਦਾ ਹੈ ਜਿਵੇਂ ਸੂਰਜ, ਹਵਾ, ਧਰਤੀ, ਪਾਣੀ ਸਭਨਾਂ ਪ੍ਰਤੀ ਸਮ-ਦ੍ਰਿਸ਼ਟੀ ਰਖਦੇ ਹਨ। ਗੁਰਵਾਕ ਹੈ :

*ਬ੍ਰਹਮਗਿਆਨੀ ਸਦਾ ਨਿਰਲੇਪ॥*
*ਜੈਸੇ ਜਲ ਮਹਿ ਕਮਲ ਅਲੇਪ॥*
*ਬ੍ਰਹਮਗਿਆਨੀ ਸਦਾ ਨਿਰਦੋਖ॥*
*ਜੈਸੇ ਸੂਰੁ ਸਰਬ ਕਉ ਸੋਖ॥*
*ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ਪੰਨਾ - 272*

ਗੁਰੂ-ਆਸਰਿਤ ਗੁਰਮੁਖਿ ਵੀ ਐਸੀ ਆਤਮਿਕ-ਅਡੋਲਤਾ ਦਾ ਮਾਲਕ ਹੁੰਦਾ ਹੈ। ਉਸ ਦਾ ਮਨ ਦਸਵੇਂ ਦੁਆਰ ਵਿਚ ਟਿਕਿਆ ਰਹਿੰਦਾ ਹੈ ਜਿਥੇ ਸੰਸਾਰ ਦੇ ਵਿਸ਼ੇ ਵਿਕਾਰ, ਮਾਇਆ ਦੇ ਮੋਹ ਦੀ ਨੀਂਦਰ ਅਤੇ ਦੁਖ ਸੁਖ ਵਿਆਪਕ ਨਹੀਂ ਹੁੰਦੇ। ਫੁਰਮਾਨ ਹੈ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖ ਸੁਖ ਵਿਆਪਤ ਨਹੀ ਜਿਥੈ ਆਤਮ ਰਾਮ ਪਰਗਾਸੁ॥*
*ਪੰਨਾ - 1414*

ਜਦੋਂ ਆਪ ਜੀ ਐਸਕਾਰਟ ਤੋਂ ਦਿਲ ਦਾ ਓਪਰੇਸ਼ਨ ਕਰਵਾ ਕੇ ਮੋਹਾਲੀ ਆਏ, ਤਾਂ ਆਪ ਜੀ ਨੂੰ ਜਨੇਊ (ਹਰਪੀਜ਼) ਦੀ ਬੀਮਾਰੀ ਨੇ ਆ ਗ੍ਰਸਿਆ। ਡਾਕਟਰ ਨਾਲ ਹੁੰਦੇ ਸੰਬਾਦ ਵਿਚ ਇਕ ਦਿਨ ਦਾਸ ਵੀ ਹਾਜ਼ਰ ਸੀ। ਡਾਕਟਰ ਨੇ ਪੁਛਿਆ ਕਿ ਹਰਪੀਜ਼ ਨਾਲ ਤਾਂ ਅਤਿਅੰਤ ਪੀੜਾ ਹੁੰਦੀ ਹੈ, ਤੁਸੀਂ ਇਸ ਨੂੰ ਕਿਵੇਂ ਬਰਦਾਸ਼ਤ ਕਰਦੇ ਹੋ? ਆਪ ਜੀ ਦਾ ਉਤਰ ਸੀ, "ਜਦੋਂ ਸਰੀਰ ਨੂੰ ਜ਼ਿਆਦਾ ਤੰਗ ਕਰੇ ਤਾਂ ਦਸਵੇਂ ਆਕਾਸ਼ ਚਲੇ ਚਲੀਦਾ ਹੈ।" ਡਾਕਟਰ ਨੇ ਪੁਛਿਆ, "ਕਿੰਨਾ ਚਿਰ?" ਆਪ ਜੀ ਨੇ ਕਿਹਾ, "ਜਿੰਨੀ ਲੋੜ ਹੋਵੇ।" ਇਹ ਹੈ ਦਸਵੇਂ ਅਕਾਸ਼ ਦਾ ਪ੍ਰਤੱਖ ਪਰਮਾਣ।

ਸਹਜ ਅਵਸਥਾ ਕੈਸੀ ਹੁੰਦੀ ਹੈ? ਸਹਜ ਅਵਸਥਾ ਵਿਚ ਕੀ ਵਾਪਰਦਾ ਹੈ? ਇਸ ਦੇ ਕਈ ਲਕਸ਼ ਅਤੇ ਚਿੰਨ੍ਹ ਗੁਰਬਾਣੀ ਵਿਚ ਪ੍ਰਾਪਤ ਹਨ। ਸਹਜ ਅਵਸਥਾ ਆਤਮਿਕ-ਪ੍ਰਾਪਤੀ ਦੀ ਉਹ ਅਵਸੱਥਾ ਹੈ ਜਿੱਥੇ ਅੰਮ੍ਰਿਤ ਦੇ ਚਸ਼ਮੇ ਚਲਦੇ ਹਨ। ਇਸ ਨਿਰਾਲੀ ਅਵਸੱਥਾ ਵਿਚ ਅਨਹਤ ਧੁਨੀਆਂ ਦੇ ਸੰਗੀਤ ਨਾਲ ਸੁਰਤਿ ਪ੍ਰਭੂ ਵਿਚ ਜੁੜ ਜਾਂਦੀ ਹੈ, ਐਸੀ ਅਵਸਥਾ ਮਾਣਦੇ ਸੰਤ ਜਨ ਪਰਮਾਤਮਾ ਦੇ ਚਰਨਾਂ ਵਿਚ ਜੁੜ ਕੇ ਆਤਮਿਕ ਅਡੋਲਤਾ ਦੇ ਬੇਅੰਤ ਅਖਾੜੇ ਰਚਦੇ ਰਹਿੰਦੇ ਹਨ, ਏਥੇ ਬੇਅੰਤ ਖੁਸ਼ੀ ਤੇ ਇਕ-ਰਸ ਅਨੰਦ ਬਣਿਆ ਰਹਿੰਦਾ ਹੈ। ਗੁਰੂ ਦਾ ਘਰ ਐਸਾ ਹੀ ਬਖਸ਼ਿਸ਼ ਦਾ ਘਰ ਹੈ। ਗੁਰੂ ਜੀ ਦਾ ਫੁਰਮਾਨ ਹੈ -

*ਅਗਮ ਰੂਪ ਕਾ ਮਨ ਮਹਿ ਥਾਨਾ॥*
*ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ॥*
*ਸਹਜ ਕਥਾ ਕੇ ਅੰਮ੍ਰਿਤ ਕੁੰਟਾ॥*
*ਜਿਸਹਿ ਪ੍ਰਾਪਤਿ ਤਿਸੁ ਲੈ ਭੁੰਚਾ॥ਰਹਾਉ॥*
*ਅਨਹਤ ਬਾਣੀ ਥਾਨੁ ਨਿਰਾਲਾ॥*
*ਤਾਕੀ ਧੁਨਿ ਮੋਹੇ ਗੋਪਾਲਾ॥*
*ਤਹ ਸਹਜ ਅਖਾਰੇ ਅਨੇਕ ਅਨੰਤਾ॥*
*ਪਾਰਬ੍ਰਹਮ ਕੇ ਸੰਗੀ ਸੰਤਾ॥*
*ਹਰਖ ਅਨੰਤ ਸੋਗ ਨਹੀ ਬੀਆ॥*
*ਸੋ ਘਰੁ ਗੁਰਿ ਨਾਨਕ ਕਉ ਦੀਆ॥ ਪੰਨਾ - 186*

ਸਹਜ ਕਥਾ ਗੁਹਜ ਕਥਾ ਹੈ। ਇਸ ਦਾ ਕੱਥਨ ਕਠਨ ਵੀ ਹੈ ਅਤੇ ਨਿਰਾਲਾ ਵੀ। ਇਹ ਅਵਸੱਥਾ ਪੂਰਨ ਅਨੰਦ ਅਤੇ ਵਿਸਮਾਦ ਦੀ ਅਵਸਥਾ ਹੈ। ਇਹ ਅਨੰਦ-ਭਰਪੂਰ ਅਵਸਥਾ ਕੇਵਲ ਪ੍ਰਭੂ ਦੇ ਪਿਆਰੇ ਭਗਤ ਹੀ ਮਾਣਦੇ ਹਨ ਅਤੇ ਉਹ ਹੀ ਇਸ ਦਾ ਬਖਾਨ ਕਰ ਸਕਦੇ ਹਨ ਜਿਵੇਂ ਮਹਾਂਪੁਰਸ਼ ਅਕਸਰ ਦੀਵਾਨਾਂ ਵਿਚ ਕਰਦੇ ਹਨ। ਏਸ ਅਵਸਥਾ ਵਿਚ ਅਨੰਦ ਹੀ ਅਨੰਦ ਹੈ। ਅਨੰਦ ਤੋਂ ਬਿਨਾਂ ਕਿਸੇ ਵਿਕਾਰ ਆਦਿ ਦੀ ਏਥੇ ਲੇਸ ਤਕ ਨਹੀਂ ਹੁੰਦੀ। ਏਥੇ ਗੀਤ ਸੰਗੀਤ ਦੀਆਂ ਮਿਠੀਆਂ ਧੁਨੀਆਂ ਅਨੰਦਿਤ ਕਰਦੀਆਂ ਰਹਿੰਦੀਆਂ ਹਨ। ਐਸਾ ਪਵਿਤਰ ਫੁਰਮਾਨ ਗੁਰੂ ਅਰਜਨ ਦੇਵ ਜੀ ਕਰਦੇ ਹਨ :

*ਸੂਹੀ ਮਹਲਾ ੫॥*
*ਸੂਖ ਸਹਲ ਜਾਕੇ ਊਚ ਦੁਆਰੇ॥*
*ਤਾ ਮਹਿ ਵਾਸਹਿ ਭਗਤ ਪਿਆਰੇ॥*

*ਸਹਜ ਕਥਾ ਪ੍ਰਭ ਕੀ ਅਤਿ ਮੀਠੀ॥*
*ਵਿਰਲੇ ਕਾਹੂ ਨੇਤ੍ਰਹੁ ਡੀਠੀ॥੧॥ ਰਹਾਉ॥*
*ਤਹ ਗੀਤ ਨਾਦ ਅਖਾਰੇ ਸੰਗਾ॥*
*ਊਹਾ ਸੰਤ ਕਰਹਿ ਹਰਿ ਰੰਗਾ॥੨॥*
*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥*
*ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥*
*ਗੁਹਜ ਕਥਾ ਇਹ ਗੁਰ ਤੇ ਜਾਣੀ॥*
*ਨਾਨਕੁ ਬੋਲੈ ਹਰਿ ਹਰਿ ਬਾਣੀ॥ ਪੰਨਾ - 739*

ਗੁਰਬਾਨੀ ਵਿਚ ਐਸੀ ਅਵਸਥਾ ਦੇ ਬਹੁਤ ਪਰਮਾਣ ਮਿਲਦੇ ਹਨ। ਭਾਵੇਂ ਪੂਰਨ ਤੌਰ ਤੇ ਇਸ ਦਾ ਬਖਾਨ ਕਠਨ ਹੈ, ਤਾਂ ਵੀ ਗੁਰੂ ਜੀ ਆਪਣੇ ਅਨੁਭਵ ਵਿਚੋਂ ਕੁਝ ਕੁਝ ਝਲਕਾਂ ਬਖਸ਼ਿਸ਼ ਕਰ ਹੀ ਦਿੰਦੇ ਹਨ। ਗੁਰੂ ਜੀ ਦਸਦੇ ਹਨ ਕਿ ਆਤਮਿਕ ਮਾਰਗ ਤੇ ਚਲਦਾ ਨਾਮ ਅਭਿਆਸੀ ਗੁਰੂ ਕਿਰਪਾ ਸਦਕਾ ਇਕ ਦਿਨ ਐਸੀ ਸਹਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਥੇ ਬੇਅੰਤ ਅਨੰਦ ਹੈ, ਸਦਾ ਵਿਗਾਸ ਹੈ, ਕੋਈ ਰੋਗ, ਕੋਈ ਸੋਗ, ਕੋਈ ਬਖੇੜਾ ਨਹੀਂ, ਕੋਈ ਜਨਮ ਮਰਨ ਨਹੀਂ। ਇਸ ਆਤਮਿਕ ਅਵਸਥਾ ਵਿਚ ਪੰਜ ਸ਼ਬਦਾਂ ਦਾ ਰਸ ਭਰਪੂਰ ਰੂਹਾਨੀ ਸੰਗੀਤ ਸੁਣਾਈ ਦਿੰਦਾ ਹੈ। ਇਹ ਅਵਸਥਾ ਅਸਚਰਜ ਅਤੇ ਹੈਰਾਨੀਜਨਕ ਹੁੰਦੀ ਹੈ ਜਿਸ ਵਿਚ ਵਿਚਰਦੇ ਸੰਤ ਜਨ ਨਿਰੰਤਰ ਆਤਮਕ ਰੰਗ ਵਿਚ ਰੰਗੇ ਰਹਿੰਦੇ ਹਨ। ਐਸੀ ਅਵਸਥਾ ਵਿਚ ਬੇਅੰਤ ਬ੍ਰਹਿਮੰਡ, ਪ੍ਰਭੂ ਦਾ ਆਪਣਾ ਰੂਪ ਹੀ ਦਿਸਦੇ ਹਨ ਸਗੋਂ ਪਰਮਾਤਮਾ ਤੋਂ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ। ਐਸੀ ਅਵਸਥਾ ਦਾ ਸੁਆਦ ਅਸਚਰਜ ਹੀ ਹੁੰਦਾ ਹੈ, ਬਿਆਨ ਕਰਨਾ ਵੀ ਕਠਨ ਹੈ, ਐਸਾ ਗੁਰੂ ਜੀ ਦਾ ਫੁਰਮਾਨ ਹੈ -

*ਰਾਮਕਲੀ ਮਹਲਾ ੫॥*
*ਪੰਚ ਸਬਦ ਤਹ ਪੂਰਨ ਨਾਦ॥*
*ਅਨਹਦ ਬਾਜੇ ਅਚਰਜ ਬਿਸਮਾਦ॥*
*ਕੇਲ ਕਰਹਿ ਸੰਤ ਹਰਿ ਲੋਗ॥*
*ਪਾਰਬ੍ਰਹਮ ਪੂਰਨ ਨਿਰਜੋਗ॥*
*ਸੂਖ ਸਹਜ ਆਨੰਦ ਭਵਨ॥*
*ਸਾਧਸੰਗਿ ਬੈਸਿ ਗੁਣ ਗਾਵਹਿ*
*ਤਹ ਰੋਗ ਸੋਗ ਨਹੀ ਜਨਮ ਮਰਨ॥*
*ਊਹਾ ਸਿਮਰਹਿ ਕੇਵਲ ਨਾਮੁ॥*
*ਬਿਰਲੇ ਪਾਵਹਿ ਓਹੁ ਬਿਸ੍ਰਾਮੁ॥*
*ਭੋਜਨੁ ਭਾਉ ਕੀਰਤਨ ਆਧਾਰੁ॥*
*ਨਿਹਚਲ ਆਸਨੁ ਬੇਸੁਮਾਰੁ॥*
*ਡਿਗੈ ਨ ਡੋਲੈ ਕਤਹੂ ਨ ਧਾਵੈ॥*
*ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥*
*ਭ੍ਰਮ ਭੈ ਮੋਹ ਨ ਮਾਇਆ ਜਾਲ॥*
*ਸੁੰਨ ਸਮਾਧਿ ਪ੍ਰਭੂ ਕਿਰਪਾਲ॥*
*ਤਾ ਕਾ ਅੰਤੁ ਨ ਪਾਰਾਵਾਰੁ॥*
*ਆਪੇ ਗੁਪਤੁ ਆਪੇ ਪਾਸਾਰੁ॥*
*ਜਾ ਕੈ ਅੰਤਰਿ ਹਰਿ ਹਰਿ ਸੁਆਦੁ॥*
*ਕਹਨੁ ਨ ਜਾਈ ਨਾਨਕ ਬਿਸਮਾਦੁ॥ ਪੰਨਾ - 889*

ਗੁਰੂ ਮਹਾਰਾਜ ਨਿਰੰਤਰ ਐਸੀ ਸਹਿਜ ਅਵਸਥਾ ਵਿਚ ਵਿਚਰਦੇ ਰਹੇ ਹਨ। ਜਹਾਂਗੀਰ ਵਲੋਂ ਅਨੇਕ ਪ੍ਰਕਾਰ ਦੇ ਦਿਤੇ ਤਸੀਹੇ ਸਹਿੰਦੇ ਹੋਏ ਵੀ ਗੁਰੂ ਅਰਜਨ ਦੇਵ ਜੀ ਅਡੋਲ ਹੀ ਰਹੇ। 'ਤੇਰਾ ਕੀਆ ਮੀਠਾ ਲਾਗੈ' ਦੀ ਧੁਨਿ ਹੀ ਉਚਾਰਦੇ ਰਹੇ। ਕਿਸੇ ਤਰ੍ਹਾਂ ਦਾ ਰੱਬ ਨੂੰ ਉਲਾਂਭਾ ਨਹੀਂ ਦਿਤਾ, ਸਗੋਂ ਉਪਦੇਸ਼ ਕੀਤਾ ਕਿ ਇਹ ਤਾਂ ਸਭ ਪ੍ਰਭੂ ਦੀ ਹੀ ਖੇਡ ਹੋ ਰਹੀ ਹੈ, ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ -

*ਉਲਾਹਨੋ ਮੈ ਕਾਹੂ ਨ ਦੀਓ॥*
*ਮਨ ਮੀਠ ਤੁਹਾਰੋ ਕੀਓ॥੧॥ਰਹਾਉ॥*
*ਆਗਿਆ ਮਾਨ ਜਾਨਿ ਸੁਖੁ ਪਾਇਆ*
*ਸੁਨਿ ਸੁਨਿ ਨਾਮੁ ਤੁਹਾਰੋ ਜੀਓ॥*
*ਈਹਾਂ ਊਹਾ ਹਰਿ ਤੁਮ ਹੀ ਤੁਮ ਹੀ*
*ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥ ਪੰਨਾ - 978*

ਮਹਾਂਪੁਰਸ਼ਾਂ ਦੀ ਸੰਗਤ ਮਾਣਨ ਵਾਲੇ ਇਸ ਹਕੀਕਤ ਦੇ ਗਵਾਹ ਹਨ ਕਿ ਮਹਾਂਪੁਰਸ਼ਾਂ ਨੇ ਕਦੇ ਕਿਸੇ ਨੂੰ ਉਚਾ ਨਹੀਂ ਬੋਲਿਆ, ਸ਼ਿਕਵਾ ਸ਼ਕਾਇਤ ਨਹੀਂ ਕੀਤੀ, ਹਰ ਕਿਰਿਆ ਨੂੰ ਗੁਰੂ ਸਮਰਪਨ ਕੀਤਾ ਹੈ ਅਤੇ ਹਰ ਕਾਰਜ ਗੁਰੂ ਪਿਆਰ ਵਿਚ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤ ਜਨਾਂ ਦੀ ਬਾਣੀ ਦਰਜ ਹੈ, ਉਨ੍ਹਾਂ ਨੂੰ ਵੀ ਐਸੀ ਸਹਜ ਅਵਸਥਾ ਦਾ ਅਨੁਭਵ ਪ੍ਰਾਪਤ ਸੀ। ਭਗਤ ਕਬੀਰ ਜੀ ਇਕ ਸ਼ਬਦ ਵਿਚ ਮਨ ਦੀ ਸਹਿਜ ਅਵਸਥਾ ਨੂੰ ਪੂਰਨ ਖਿੜਾਉ ਅਤੇ ਅਡੋਲਤਾ ਦੀ ਅਵਸਥਾ ਕਹਿੰਦੇ ਹਨ। ਇਹ ਆਤਮਿਕ ਅਵਸਥਾ ਪੂਰਨ ਤੌਰ ਤੇ ਬਿਆਨ ਨਹੀਂ ਕੀਤੀ ਜਾ ਸਕਦੀ। ਦੁਨੀਆਂ ਦਾ ਕੋਈ ਸੁਖ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਇਸ ਅਡੋਲ ਅਵਸਥਾ ਵਿਚ ਇੰਦ੍ਰਪੁਰੀ, ਵਿਸ਼ਨੂੰ-ਪੁਰੀ, ਸੂਰਜ-ਲੋਕ, ਚੰਦਰ ਲੋਕ, ਬ੍ਰਹਮ-ਪੁਰੀ, ਸ਼ਿਵ ਪੁਰੀ ਕਿਸੇ ਦੀ ਵੀ ਤਾਂਘ ਨਹੀਂ ਰਹਿੰਦੀ, ਨਾ ਹੋਰ ਹੋਰ ਜੀਉਣ ਦੀ ਲਾਲਸਾ, ਨਾ ਮੌਤ ਦਾ ਡਰ, ਨਾ ਕੋਈ ਦੁਖ, ਨਾ ਸੁਖ, ਨਾ ਕੋਈ ਵਿਕਾਰਾਂ ਦਾ ਫੁਰਨਾ, ਨਾ ਤੇਰ ਮੇਰ, ਨਾ ਗਫਲਤ ਦੀ ਨੀਂਦ, ਨਾਂਹ ਮਾਇਆ ਦੀ ਭਟਕਣਾ, ਨਾ ਹੀ ਵਿਸ਼ੇ ਵਿਕਾਰਾਂ ਦਾ ਕੋਈ ਫੁਰਨਾ ਉਠਦਾ ਹੈ। ਇਸ ਅਵਸਥਾ ਵਿਚ ਕੇਵਲ ਸਤਿਗੁਰੂ ਹੀ ਹਿਰਦੇ ਵਿਚ ਟਿਕੇ ਹੁੰਦੇ ਹਨ। ਫੁਰਮਾਨ ਹੈ -

*ਤਹ ਪਾਵਸ ਸਿੰਧੁ ਧੂਪ ਨਹੀ ਛਹੀਆ*
*ਤਹ ਉਤਪਤਿ ਪਰਲਉ ਨਾਹੀ॥*
*ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ*
*ਸੁੰਨ ਸਮਾਧਿ ਦੋਊ ਤਹ ਨਾਹੀ॥੧॥*
*ਸਹਜ ਕੀ ਅਕਥ ਕਥਾ ਹੈ ਨਿਰਾਰੀ॥*
*ਤੁਲਿ ਨਹੀ ਚਢੈ ਜਾਇ ਨ ਮੁਕਾਤੀ*
*ਹਲਕੀ ਲਗੈ ਨ ਭਾਰੀ॥੧॥ਰਹਾਉ॥*
*ਅਰਧ ਉਰਧ ਦੋਊ ਤਹ ਨਾਹੀ*
*ਰਾਤਿ ਦਿਨਸੁ ਤਹ ਨਾਹੀ॥*
*ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ*
*ਸਤਿਗੁਰ ਤਹਾ ਸਮਾਹੀ॥੨॥*
*ਅਗਮ ਅਗੋਚਰੁ ਰਹੈ ਨਿਰੰਤਰਿ*

*ਗੁਰ ਕਿਰਪਾ ਤੇ ਲਹੀਐ॥*
*ਕਹੁ ਕਬੀਰ ਬਲਿ ਜਾਉ ਗੁਰ ਅਪੁਨੇ*
*ਸਤਸੰਗਤਿ ਮਿਲਿ ਰਹੀਐ॥* *ਪੰਨਾ - 333*

ਭਗਤ ਰਵਿਦਾਸ ਜੀ ਨੇ ਇਸ ਆਤਮਕ ਅਵਸਥਾ ਨੂੰ 'ਬੇਗਮ ਪੁਰਾ' ਦਾ ਨਾਮ ਦਿਤਾ ਹੈ, ਜਿਥੇ ਸੁਖ ਹੀ ਸੁਖ ਹੈ, ਕਿਸੇ ਤਰ੍ਹਾਂ ਦਾ ਦੁਖ, ਚਿੰਤਾ, ਘਬਰਾਹਟ ਨਹੀਂ, ਨਾ ਹੀ ਪਾਪ ਕਰਮਾਂ ਦਾ ਖਤਰਾ, ਡਰ ਜਾਂ ਗਿਰਾਵਟ ਹੈ। ਏਥੇ ਸਦੀਵ ਪਾਤਸ਼ਾਹੀ ਹੈ, ਏਥੇ ਸਦਾ ਅਨੰਦ ਹੀ ਅਨੰਦ ਬਣਿਆ ਰਹਿੰਦਾ ਹੈ। ਫੁਰਮਾਨ ਹੈ-

*ਬੇਗਮ ਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥੧॥*
*ਅਬ ਮੋਹਿ ਖੂਬ ਵਤਨ ਗਹ ਪਾਈ॥*
*ਊਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥*
*ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥*
*ਊਹਾਂ ਗਨੀ ਬਸਹਿ ਮਾਮੂਰ॥ ੨॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥*
*ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥ ਪੰਨਾ - 345*

ਸਹਜ ਅਵਸਥਾ ਸੰਬੰਧੀ ਜਿੰਨੀ ਵਿਚਾਰ ਅਸੀਂ ਹੁਣ ਤੱਕ ਕੀਤੀ ਹੈ ਇਸ ਦਾ ਸਾਰ ਗੁਰੂ ਅਮਰਦਾਸ ਜੀ ਦੀ ਸਿਰੀ ਰਾਗੁ ਵਿਚ ਉਚਾਰਨ ਕੀਤੀ ਇਕੋ ਅਸ਼ਟਪਦੀ ਵਿਚ ਪ੍ਰਾਪਤ ਹੋ ਜਾਂਦਾ ਹੈ। ਇਸ ਦੇ ਦਸ ਅੰਗਾਂ ਵਿਚ ਸਹਜ ਸੰਬੰਧੀ ਇਹ ਵਿਚਾਰ ਪ੍ਰਗਟ ਹੋਏ ਹਨ -

ਪਹਿਲਾ - ਸਾਰੀ ਸ੍ਰਿਸ਼ਟੀ ਸਹਜ ਅਤੇ ਮਨ ਦੀ ਸ਼ਾਂਤੀ ਚਾਹੁੰਦੀ ਹੈ ਪਰ ਇਹ ਸਹਜ ਕੇਵਲ ਗੁਰੂ ਤੋਂ, ਗੁਰ-ਸ਼ਬਦ ਤੋਂ ਹੀ ਪ੍ਰਾਪਤ ਹੋ ਸਕਦਾ ਹੈ।

ਦੂਜਾ - ਆਤਮਿਕ ਅਡੋਲਤਾ ਵਿਚ ਹੀ ਪ੍ਰਭੂ ਦੀ ਸਿਫਤਿ ਸਾਲਾਹ, ਕੀਰਤਨ ਹੋ ਸਕਦਾ ਹੈ, ਅਨੰਦ ਅਤੇ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਤੀਜਾ - ਸਹਜ ਵਿਚ ਵਿਚਰਦੇ ਮਨੁਖ ਦੇ ਮਨ ਵਿਚ ਪ੍ਰਭੂ ਆ ਵਸਦਾ ਹੈ ਅਤੇ ਉਸ ਦੀ ਜੀਭਾ ਨਿਰੰਤਰ ਨਾਮ-ਰਸ ਚਖਦੀ ਰਹਿੰਦੀ ਹੈ।

ਚੌਥਾ - ਸਹਜ ਵਿਚ ਕਾਲ ਨਹੀਂ ਵਿਆਪਕ ਹੁੰਦਾ।

ਪੰਜਵਾਂ - ਮਾਇਆ ਦੇ ਮੋਹ ਵਿਚ ਟਿਕੇ ਰਿਹਾਂ ਸਹਜ ਪ੍ਰਾਪਤ ਨਹੀਂ ਹੋ ਸਕਦਾ, ਨਾ ਹੀ ਜਨਮ ਮਰਣ ਦਾ ਗੇੜ ਮੁਕਦਾ ਹੈ।

ਛੇਵਾਂ - ਮਾਇਆ ਦੇ ਤਿੰਨ ਗੁਣਾਂ ਵਿਚ ਕੇਵਲ ਭਟਕਣਾ ਹੈ, ਚੌਥੀ ਤੁਰੀਆ ਆਤਮਕ ਅਵਸਥਾ ਵਿਚ ਸਹਿਜ ਤੇ ਸ਼ਾਂਤੀ ਹੈ।

ਸਤਵਾਂ - ਤਿੰਨਾਂ ਗੁਣਾਂ ਤੋਂ ਨਿਰਲੇਪ ਰਹਿ ਕੇ, ਸਿਫਤਿ-ਸਾਲਾਹ ਕਰਦਾ ਮਨੁਖ ਰੱਬ ਦਾ ਰੂਪ ਹੀ ਹੋ ਜਾਂਦਾ ਹੈ।

ਅਠਵਾਂ - ਮਨ ਦੇ ਸਹਜ ਅਤੇ ਸ਼ਾਂਤੀ ਤੋਂ ਬਿਨਾਂ ਸਾਰੇ ਜਗਤ ਉਤੇ ਮੋਹ ਦਾ ਘੁੱਪ ਹਨ੍ਹੇਰਾ ਛਾਇਆ ਹੋਇਆ ਹੈ। ਉਹ ਵਡਭਾਗੀ ਹਨ ਜਿਨ੍ਹਾਂ ਨੂੰ ਗੁਰੂ ਦੀ ਮਿਹਰ ਪ੍ਰਾਪਤ ਹੈ।

ਨੌਂਵਾਂ - ਸਹਜ ਵਿਚ ਵਿਚਰਦਾ ਮਨੁਖ ਗੁਰ ਸ਼ਬਦ ਰਾਹੀਂ ਅਦਿਸਟ, ਅਗੋਚਰ, ਨਿਰਭਉ ਨਿਰੰਕਾਰ ਨੂੰ ਪਛਾਣ ਲੈਂਦਾ ਹੈ।

ਦਸਵਾਂ - ਸਹਜ ਅਵਸਥਾ ਵਾਲਾ ਮਨੁਖ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ ਅਤੇ ਉਸ ਦੇ ਪਵਿਤਰ ਨਾਮ ਦਾ ਵਪਾਰ ਕਰਦਾ ਹੈ। ਨਾਮ ਦੇ ਖਜਾਨੇ ਅਤੁੱਟ ਹਨ, ਇਨ੍ਹਾਂ ਵਿਚ ਕਦੇ ਤੋਟ ਨਹੀਂ ਆਉਂਦੀ। ਗੁਰੂ ਮਹਾਰਾਜ ਦਾ ਸ਼ਬਦ ਇਸ ਪ੍ਰਕਾਰ ਹੈ -

*ਸਿਰੀ ਰਾਗੁ ਮਹਲਾ ੩॥*
*ਸਹਜੇ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥*
*ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥*
*ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥*
*ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥*
*ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥*
*ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥*
*ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥*
*ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ॥੨॥*
*ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧੀ ਲਗਾਇ॥*
*ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥*
*ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥੩॥*
*ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥*
*ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥*
*ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥ ੪॥*
*ਮਾਇਆ ਵਿਚ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥*
*ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥*
*ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥੫॥*
*ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭਲਾਇ॥*
*ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥*
*ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥*
*ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥*
*ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥*
*ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥ ੭॥*
*ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥*
*ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥*
*ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥੮॥*
*ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥*
*ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥*

(ਬਾਕੀ ਪੰਨਾ 20 ਤੇ)

# ਸੁੰਦਰੀ

***ਡਾ. ਭਾਈ ਵੀਰ ਸਿੰਘ ਜੀ***

## 14 ਕਾਂਡ

ਕਈ ਇਤਿਹਾਸਕਾਰਾਂ ਦੀ ਰਾਇ ਹੈ ਕਿ ਅੱਠ ਕੁ ਹਜ਼ਾਰ ਦੇ ਲੱਗਭੱਗ ਖਾਲਸਾ ਏਸ ਜੰਗ ਵਿਚ ਸ਼ਹੀਦ ਹੋਇਆ। ਕੋਈ ਇਸ ਸੰਖਿਆ ਨੂੰ ਦਸ ਬਾਰਾਂ ਹਜ਼ਾਰ ਤੀਕ ਦਸਦੇ ਹਨ, ਪਰ ਰਤਨ ਸਿੰਘ ਜੀ ਲਿਖਦੇ ਹਨ ਕਿ ਕੋਈ ਚਾਲੀ, ਕੋਈ ਪੰਜਾਹ ਹਜ਼ਾਰ ਦਸਦਾ ਹੈ, ਗਿਣਤੀ ਦਾ ਠੀਕ ਪਤਾ ਨਹੀਂ। ਪਰ ਇਨ੍ਹਾਂ ਬਹਾਦਰਾਂ ਦੀ ਯਾਦਗਾਰ ਸਿੱਖੀ ਨੇ ਵੀ ਕਾਇਮ ਨਹੀਂ ਕੀਤੀ। ਜਗਤ ਦੀਆਂ ਹੋਰ ਕੌਮਾਂ ਨੇ ਆਪਣੇ ਵੱਡਿਆਂ ਦੇ ਰਾਈ ਜਿੰਨੇ ਉਪਕਾਰ ਬੀ ਮੇਰੂ ਕਰਕੇ ਮੰਨੇ ਤੇ ਯਾਦਗਾਰਾਂ ਬਣਾਈਆਂ, ਪਰ ਧੰਨ ਹਨ ਸਿੱਖ ਜਿਨ੍ਹਾਂ ਨੇ ਪਰਬਤਾਂ ਜਿੱਡੇ ਉਪਕਾਰ ਚੇਤੇ ਬੀ ਨਹੀਂ ਰੱਖੇ, ਸਗੋਂ ਆਪਣਾ ਇਤਿਹਾਸ ਬੀ ਨਹੀਂ ਸੰਭਾਲਿਆ।

ਇਸ ਜੁੱਧ ਦੇ ਮਗਰੋਂ ਕਾਬਲ ਤੇ ਦਿੱਲੀ ਦੇ ਪਾਤਸ਼ਾਹਾਂ ਵਿਚ ਲਾਹੌਰ ਦਾ ਇਲਾਕਾ ਦੁਖਸਮੀ ਵਹੁਟੀ ਵਾਂਙੂ ਦੁਖੀ ਰਿਹਾ। ਇਸ ਦਾ ਸਮਾਚਾਰ ਇਹ ਹੈ ਕਿ ਲਾਹੌਰ ਦਾ ਨਵਾਬ ਜ਼ਕਰੀਯਾ ਖਾਂ ਸੀ, ਜਿਸ ਦਾ ਪ੍ਰਸਿੱਧ ਨਾਉਂ ਖਾਨ ਬਹਾਦਰ ਸੀ, ਸਿੱਖ ਖਾਨੂੰ ਸੱਦਦੇ ਸਨ। ਇਹ ਸੰਮਤ 1783 (1726 ਈ.) ਦੇ ਲੱਗਭੱਗ ਲਾਹੌਰ ਦਾ ਸੂਬਾ ਹੋਇਆ ਤੇ ਜੇਠ 1802 (1745 ਈ.) ਵਿਚ ਮਰ ਗਿਆ। ਫਿਰ ਇਸ ਦਾ ਪੁੱਤਰ ਯਾਹਯਾ ਖਾਂ ਲਾਹੌਰ ਦਾ ਸੂਬਾ ਹੋਇਆ ਤੇ ਦੂਜਾ ਪੁੱਤਰ ਸ਼ਾਹ ਨਵਾਜ਼ ਖਾਨ ਮੁਲਤਾਨ ਦਾ ਹਾਕਮ ਬਣਿਆ ਸੀ। ਘੱਲੂਘਾਰਾ ਯਾਹਯਾ ਖਾਂ ਦੇ ਸਮੇਂ ਜੇਠ 1803 ਬਿਕ੍ਰਮੀ ਵਿਚ ਮੁੱਕਾ ਸੀ। ਹੁਣ ਸ਼ਾਹ ਨਵਾਜ਼ ਨੇ ਕੀਤਾ ਕਿ ਲਾਹੌਰ ਪੁਰ ਚੜ੍ਹਾਈ ਕਰਕੇ ਫਤ੍ਹੇ ਪਾਈ ਤੇ ਆਪੇ ਲਾਹੌਰ ਦਾ ਮਾਲਕ ਬਣ ਬੈਠਾ ਤੇ ਆਪਣੇ ਭਰਾ ਯਾਹਯਾ ਖਾਂ ਨੂੰ ਕੈਦ ਕਰ ਲਿਆ। ਪਰ ਯਾਹਯਾ ਖਾਂ ਕਿਸੇ ਹਿਕਮਤ ਨਾਲ ਕੈਦ ਵਿਚੋਂ ਨਿਕਲ ਕੇ ਦਿੱਲੀ ਪੁੱਜ ਗਿਆ। ਇਹ ਗੱਲ ਸੁਣ ਕੇ ਸ਼ਾਹਨਵਾਜ਼ ਨੂੰ ਪਿੱਸੂ ਪਏ ਕਿ ਹੁਣ ਦਿੱਲੀ ਦੇ ਪਾਤਸ਼ਾਹ ਦੀ ਫੌਜ ਆ ਕੇ ਜ਼ਰੂਰ ਮੇਰਾ ਕੰਘਾ ਕਰੇਗੀ, ਇਸ ਕਰਕੇ ਉਸ ਨੇ ਕਾਬਲ ਦੇ ਪਾਤਸ਼ਾਹ ਅਹਿਮਦ ਸ਼ਾਹ ਦੁਰਾਨੀ ਨੂੰ ਚਿੱਠੀ ਲਿਖੀ ਕਿ ਆਪ ਲਾਹੌਰ ਆ ਕੇ ਮੈਥੋਂ ਰਾਜ ਲੈ ਲਵੋ। ਇਹ ਸੁਣ ਕੇ ਦੁਰਾਨੀ ਪਾਤਸ਼ਾਹ ਤਾਂ ਕਾਬਲੋਂ ਤੁਰ ਕੇ ਪਸ਼ੌਰ ਆ ਪਹੁੰਚਾ ਤੇ ਉਧਰੋਂ ਦਿੱਲੀ ਦੇ ਪਾਤਸ਼ਾਹ ਨੇ ਸ਼ਾਹਨਵਾਜ਼ ਨੂੰ ਲਿਖ ਘੱਲਿਆ ਕਿ ਅਸੀਂ ਤੈਨੂੰ ਲਾਹੌਰ ਦਾ ਨਾਜ਼ਮ ਆਪਣੀ ਵਲੋਂ ਪ੍ਰਵਾਨ ਕਰਦੇ ਹਾਂ, ਤੂੰ ਆ ਰਹੇ ਦੁਰਾਨੀ ਪਾਤਸ਼ਾਹ ਦਾ ਟਾਕਰਾ ਕਰ। ਇਸ ਪੇਚ ਵਿਚ ਆ ਕੇ ਸ਼ਾਹ ਨਵਾਜ਼ ਨੇ ਦੁਰਾਨੀ ਦਾ ਟਾਕਰਾ ਕੀਤਾ, ਪਰ ਹਾਰ ਖਾ ਦਿੱਲੀ ਨੂੰ ਨੱਸ ਗਿਆ। ਦੁਰਾਨੀ ਦਾ ਇਹ ਹੱਲਾ ਪੋਹ 1804 ਬਿ: ਵਿਚ ਹੋਇਆ। ਲਾਹੌਰ ਨੂੰ ਬੇਤਰਸ ਦੁਰਾਨੀਆਂ ਨੇ ਬੁਰੀ ਤਰ੍ਹਾਂ ਲੁੱਟਿਆ ਤੇ ਇਸ ਪਰ ਕਬਜ਼ਾ ਕਰ ਲਿਆ। ਲਖਪਤ ਜਦ ਆਪਣੀ ਰਕਮ ਦੇ ਚੁੱਕਾ ਤਾਂ ਉਸ ਦੀ ਗੁੱਡੀ ਹੋਰ ਚੜ੍ਹੀ, ਲਾਹੌਰ ਦਾ ਬੰਦੋਬਸਤ ਕਰਕੇ ਅਬਦਾਲੀ ਆਪ ਦਿੱਲੀ ਜਿੱਤਣ ਨੂੰ ਅੱਗੇ ਤੁਰਿਆ। ਸਰਬਿੰਦ ਤੋਂ ਉਰੇਰੇ ਮਾਣੂਪੁਰ ਕੋਲ ਦਿੱਲੀ ਦੀ ਫੌਜ ਨਾਲ ਲੜਾਈ ਹੋਈ, ਜਿਸ ਵਿਚ ਦੁਰਾਨੀ ਹਾਰ ਕੇ ਆਪਣੇ ਦੇਸ਼ ਨੂੰ ਨੱਸ ਗਿਆ। ਕਹਿੰਦੇ ਹਨ ਕਿ ਦੁਰਾਨੀ ਜਾਂਦਾ ਹੋਇਆ ਲਖਪਤ ਨੂੰ ਲਾਹੌਰ ਦਾ ਸੂਬਾ ਬਣਾ ਗਿਆ। ਪਰ ਲਾਹੌਰ ਦਾ ਰਾਜ ਦਿੱਲੀ ਦੇ ਪਾਤਸ਼ਾਹ ਵਲੋਂ ਮੁਅਯਨੁਲ ਮੁਲਕ ਨੂੰ ਮਿਲਿਆ ਜਿਸ ਨੇ ਕਿ ਅਬਦਾਲੀ ਨੂੰ ਭਾਂਜ ਦਿਤੀ ਸੀ ਤੇ ਜਿਸ ਦਾ ਨਾਉਂ ਮੀਰ ਮੁਅਯਨੁਲ ਮੁਲਕ ਵੱਜਿਆ। ਦੀਵਾਨ ਲਖਪਤ ਕੈਦ ਕੀਤਾ ਗਿਆ ਅਰ ਉਸ ਪਰ 30 ਲੱਖ ਦਾ ਜੁਰਮਾਨਾ ਲੱਗਾ। 20-22 ਲੱਖ ਤਾਂ ਉਸ ਦੀ ਜਾਇਦਾਦ ਕੁਰਕ ਕਰਨ ਨਾਲ ਵਸੂਲ ਹੋਇਆ ਤੇ ਬਾਕੀ ਬਦਲੇ ਸਰਕਾਰੀ ਕੈਦ ਵਿਚ ਪਾਇਆ ਗਿਆ। ਫਿਰ ਦੀਵਾਨ ਕੌੜਾ ਮੱਲ ਨੇ ਚੋਖੀ ਰਕਮ ਦੇ ਕੇ ਉਸ ਨੂੰ ਮਾਨੋਂ ਮੁੱਲ ਲੈ ਕੇ ਆਪਣੇ ਕਾਬੂ ਕੀਤਾ। ਦੀਵਾਨ ਕੌੜਾ ਮੱਲ ਦੀ ਪਤ ਹੁਣ ਨੇਕ ਨੀਯਤੀ ਤੇ ਹਰ ਤਰ੍ਹਾਂ ਦੀ ਪ੍ਰਬੀਨਤਾਈ ਕਰਕੇ ਦਰਬਾਰ ਵਿਚ ਬਹੁਤ ਵਧ ਗਈ ਸੀ।

ਹੁਣ ਲਖਪਤ ਦਾ ਅੰਤ ਦੱਸੀਏ ਕਿ ਕੀ ਹੋਇਆ? ਦੀਵਾਨ ਕੌੜਾ ਮੱਲ ਨੇ ਲਖਪਤ ਨੂੰ ਕਰੜੀ ਤਰ੍ਹਾਂ ਕੈਦ ਕੀਤਾ ਅਰ ਖਾਲਸੇ ਨੂੰ ਚੋਰੀ ਖਬਰ ਭੇਜ ਦਿਤੀ ਕਿ ਆਪਣੇ ਵੈਰੀ ਦੀ ਭੁਗਤ ਸਵਾਰ ਲਓ। ਸੋ ਸਿੱਖਾਂ ਨੇ ਉਸ ਨੂੰ ਉਸ ਦੇ ਮੰਦ ਕਰਮਾਂ ਦਾ ਜੋਗ ਦੰਡ ਦਿਤਾ। ਬੇਦੋਸ਼ਾਂ ਨੂੰ ਕਤਲ ਕਰਨਾ, ਹਜ਼ਾਰਾਂ ਨੂੰ ਤਸੀਹੇ ਦੇ ਕੇ ਮਾਰਨਾ ਤੇ ਕਈ ਵਿਧਵਾ ਸਿੰਘਣੀਆਂ, ਅਨਾਥ ਭੁਝੰਗੀਆਂ ਅਰ ਹੋਰ ਬੇਗੁਨਾਹਾਂ ਦਾ ਲਹੂ ਡੋਲ੍ਹਣਾ ਕਦੀ ਵਿਅਰਥ ਨਹੀਂ ਜਾ ਸਕਦਾ। ਲਖਪਤ ਦੀ ਮੌਤ ਬੜੇ ਕਸ਼ਟ ਵਾਲੀ ਸੀ, ਲਖਪਤ ਛੇ ਮਹੀਨੇ ਸਿੰਘਾਂ ਦੀ ਕੈਦ ਵਿਚ ਰਹਿ ਕੇ ਮੋਇਆ, ਪਰ ਦੰਡ ਦਾਤੇ ਉਸ ਦੇ ਕੀਤੇ ਜ਼ੁਲਮਾਂ ਦੀ ਪੜ੍ਹੋਪੀ ਨਾਲ ਉਸ ਦੀ ਗਿਣਤੀ ਕਰ ਰਹੇ ਸੀ। ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ। ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਵਿਚ ਲਿਖਿਆ ਹੈ -

***ਦੁਖ ਗਹਿ ਅਤਿ ਲਖੂ ਮਰਯੋ, ਪਾਛੇ ਕੌੜਾ ਮੱਲ।***
***ਕਰੀ ਦੀਵਾਨੀ ਧਰਮ ਕੀ, ਲੀਨੋਂ ਜਸ ਜਗ ਭੱਲ।***

ਜੇਠ 1803 ਘੱਲੂਘਾਰੇ ਤੋਂ ਬਾਅਦ ਪੋਹ 1804 ਤੱਕ ਬੀ ਖਾਲਸਾ ਸੁਖੀ ਨਹੀਂ ਹੋਇਆ। ਪਰ ਦੁਰਾਨੀ ਜਿਸ ਵੇਲੇ ਲਾਹੌਰ ਨੂੰ ਲੁੱਟ ਪੁੱਟ ਵੈਰਾਨ ਕਰਕੇ ਸਤਲੁੱਜ ਪਾਰ ਹੋਇਆ, ਖਾਲਸਾ ਜੀ ਝਾੜ ਝਾੜ ਵਿਚੋਂ ਨਿਕਲ ਪਏ ਤੇ ਲੱਗੇ ਆਪਣੇ ਬਦਲੇ ਲੈਣ। ਇਹ ਵੇਲਾ ਖਾਲਸੇ ਲਈ ਪੁਰਬੀਦਾ ਸੀ। ਮਾਲਵੇ ਵਿਚ ਪਲ ਕੇ ਸਿੰਘ ਬੱਗੇ ਸ਼ੀਹ ਵਾਂਙੂ ਖੜ੍ਹੇ ਹੋ ਗਏ ਸਨ ਅਤੇ ਇਨ੍ਹਾਂ ਦੀ ਫੌਜੀ ਗਿਣਤੀ 20 ਕੁ ਹਜ਼ਾਰ ਨੂੰ ਫੇਰ ਅੱਪੜ ਪਈ ਸੀ। ਚਾਹੇ ਕਿਤਨੇ ਹੀ ਕਸ਼ਟਾਂ ਨਾਲ ਜੰਗਾਂ ਜੁੱਧਾਂ ਤੇ ਜ਼ੁਲਮਾਂ ਵਿਚ ਸਿੰਘ ਮਾਰੇ ਜਾਂਦੇ, ਪਰ ਇਨ੍ਹਾਂ ਦੀ ਗਿਣਤੀ ਫੇਰ ਪੂਰੀ ਹੋ ਜਾਂਦੀ। ਇਨ੍ਹਾਂ ਦੇ ਕੁਰਬਾਨੀ ਦੇ ਜੀਵਨ ਦਾ ਜਾਦੂ, ਇਨ੍ਹਾਂ ਦੀ ਪਵਿੱਤਰਤਾ

ਤੇ ਬੰਦਗੀ, ਇਨ੍ਹਾਂ ਦਾ ਦੇਸ਼ ਨੂੰ ਸੁਤੰਤਰ ਕਰਨ ਦਾ ਚਾਉ ਤੇ ਹਾਕਮਾਂ ਦੇ ਜ਼ੁਲਮ ਹੋਰ ਹੋਰ ਪ੍ਰੇਮੀ ਪ੍ਰੇਰ ਕੇ ਲੈ ਆਉਂਦੀ ਤੇ ਅੰਮ੍ਰਿਤ ਦਾ ਪ੍ਰਵਾਹ ਜਾਰੀ ਰਹਿੰਦਾ। ਲਾਹੌਰ ਲਈ ਜਦ ਦਿੱਲੀ ਤੇ ਕਾਬਲ ਦੇ ਮਾਲਕ ਲੜ ਰਹੇ ਸਨ, ਖਾਲਸੇ ਨੇ ਵੈਰੀਆਂ ਤੋਂ ਬਦਲੇ ਲੈਣੇ ਅਰੰਭੇ। ਜਦ ਅਹਿਮਦ ਸ਼ਾਹ ਦੁਰਾਨੀ ਹਾਰ ਖਾ ਕੇ ਨੱਸਿਆ ਤਦ ਖਾਲਸੇ ਨੇ ਉਸ ਦਾ ਪਿੱਛਾ ਭੀ ਕੀਤਾ ਤੇ ਜਿਹਲਮ ਤਕ ਪਿੱਛਾ ਕਰ ਕੇ, ਲਈ ਜਾਂਦੇ ਦੇਸ ਦੇ ਮਾਲ ਵਿਚੋਂ ਚੋਖੀ ਲੁੱਟ ਮਾਰ ਮੋੜ ਲੀਤੀ।

ਫੇਰ ਅੰਮ੍ਰਿਤਸਰ ਆ ਇਕੱਠੇ ਹੋਏ ਅਰ ਗੁਰਮਤਾ ਕੀਤਾ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਰਾਮਸਰ ਉਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ ਗਈ ਸੀ, ਸਿੰਘਾਂ ਨੇ ਇਕ ਰੌਣੀ ਬਣਾਈ - ਦੁਸ਼ਮਨ ਤੋਂ ਰੱਖਿਆ ਲਈ। ਜੇ ਛੋਟੀ ਛੋਟੀ ਕੱਚੀ ਕੰਧ (ਵਲਗਣ) ਖੜ੍ਹੀ ਕਰ ਲਈ ਜਾਏ, ਉਸ ਨੂੰ ਰੌਣੀ ਆਖਦੇ ਹਨ, ਇਹ ਇਕ ਫੌਜੀ ਸਿਰ ਲੁਕਾਉਣੀ ਹੁੰਦੀ ਹੈ, ਇਸ ਨੂੰ ਮਗਰੋਂ ਗੜ੍ਹ ਬਣਾਇਆ ਗਿਆ ਸੀ ਅਰ ਇਸ ਦੇ ਗਿਰਦੇ ਖੇਤ ਬੀਜ ਕੇ ਰਾਮ ਰੌਣੀ ਨਾਮ ਧਰਿਆ। ਮੀਰ ਮੰਨੂੰ ਹੁਣ ਪੰਜਾਬ ਦਾ ਨਵਾਂ ਸੂਬਾ ਆਇਆ ਸੀ। ਇਹ ਬੀ ਸਿੱਖਾਂ ਦੇ ਮਗਰ ਹੱਥ ਧੋ ਕੇ ਪੈ ਗਿਆ ਤੇ ਇਸ ਨੇ ਭੀ ਬੜੇ ਅਤਿਆਚਾਰ ਆਰੰਭ ਕੀਤੇ। ਆਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਦੀਆਂ ਗ੍ਰਿਫਤਾਰੀਆਂ ਆਰੰਭ ਹੋ ਗਈਆਂ ਤੇ ਘੋੜ ਮੰਡੀ ਲਾਹੌਰ ਵਿਚ ਕਤਲਾਮਾਂ ਲੱਗੀਆਂ ਹੋਣ। ਇਧਰ ਦੇਸ ਵਿਚ ਸਿੱਖਾਂ ਵਿਰੁੱਧ ਇਹ ਕਹਿਰ ਜਾਰੀ ਕਰਕੇ ਮੰਨੂੰ ਨੇ ਰਾਮਰੌਣੀ ਸਰ ਕਰਨੀ ਚਾਹੀ ਤੇ ਰੌਣੀਸਰ ਕਰਨ ਲਈ ਉਸ ਨੇ ਆਦੀਨਾ ਬੇਗ ਨੂੰ ਥਾਪਿਆ, ਖਾਨ ਅਜੀਜ ਸਦੀਕ ਬੇਗ ਆਦਿ ਨਾਲ ਦਿਤੇ ਤੇ ਕੱਚਾ ਕਿਲ੍ਹਾ ਸਰ ਕਰਨ ਲਈ ਅੰਮ੍ਰਿਤਸਰ ਘੱਲਿਆ। ਖਾਲਸਾ ਬੀ ਆਕੀ ਹੋ ਬੈਠਾ। ਬਾਹਰ ਦੇ ਸਿੰਘਾਂ ਨੇ ਇਹ ਖਬਰਾਂ ਸੁਣ ਕੇ ਦਾਣਾ ਘਾਹ ਪੱਠੇ ਆਦਿ ਭਰਾਵਾਂ ਨੂੰ ਗੱਡਿਆਂ ਦੇ ਗੱਡੇ ਭਰ ਕੇ ਘੱਲੇ, ਪਰ ਬਾਹਰਲੀ ਫੜੋ ਫੜਾਈ ਨੇ ਰੋਕਾਂ ਪਾ ਦਿਤੀਆਂ। ਤੁਰਕ ਸੈਨਾਂ ਨੇ ਰੌਣੀ ਦੇ ਉਦਾਲੇ ਘੇਰਾ ਘੱਤਿਆ, ਕਿੰਨਾ ਸਮਾਂ ਇਸ ਗੱਲ ਨੂੰ ਬੀਤ ਗਿਆ, ਪਰ ਤੁਰਕਾਂ ਤੋਂ ਕੁਝ ਖੋਹਣ ਨਾ ਖੁੱਥੇ। ਸਿੱਖ ਅੰਦਰੋਂ ਹੀ ਉਹ ਵਾੜਾਂ ਝਾੜਨ ਕਿ ਚੇਤ ਦੀਆਂ ਹੋਲਾਂ ਵਾਂਗੂੰ ਵੈਰੀ ਦੀ ਸੈਨਾ ਭੁੱਜੇ। ਕਿਸੇ ਦਿਨ ਖਾਲਸਾ ਬਹਾਦਰ ਬਾਹਰ ਨਿਕਲ ਕੇ ਬੀ ਹੱਲਾ ਖੇਡ ਜਾਵੇ ਅਰ ਤੁਰਕਾਂ ਦੀ ਲੁੱਟ ਨਾਲ ਹੱਥ ਰੰਗ ਕੇ ਫੇਰ ਕਿਲ੍ਹੇ ਵਿਚ ਜਾ ਵੜੇ।

ਜੱਸਾ ਸਿੰਘ ਨਾਮੇ ਇਕ ਸਿੱਖ ਬੜਾ ਬਹਾਦਰ ਖਾਲਸੇ ਵਿਚ ਸੀ। ਵੈਰੀ ਦੀ ਧੀ ਮਾਰਨ ਦੇ ਸ਼ੁਭੇ (ਸ਼ੱਕ) ਵਿਚ ਸਿੱਖਾਂ ਨੇ ਉਸ ਨੂੰ ਛੇਕ ਦਿਤਾ ਸੀ, ਤਦ ਤੋਂ ਉਹ ਨਵਾਬ ਆਦੀਨਾ ਬੇਗ ਪਾਸ ਸੌ ਸਿੱਖ ਸਿਪਾਹੀ ਨਾਲ ਲੈ ਕੇ ਨੌਕਰ ਜਾ ਰਿਹਾ ਸੀ। ਆਦੀਨਾ ਬੇਗ, ਜੱਸਾ ਸਿੰਘ ਤੇ ਇਸਦੇ ਸਿੱਖ ਜਥੇ ਸਮੇਤ ਰਾਮ ਰੌਣੀ ਦੇ ਘੇਰੇ ਵਿਚ ਜੁੱਟਿਆ ਹੋਇਆ ਸੀ। ਤੁਰਕ ਸੈਨਾਂ ਨੇ ਸਿੱਖਾਂ ਨੂੰ ਘੇਰੇ ਵਿਚ ਕਰ ਕੇ ਕਈ ਮਹੀਨੇ ਟਪਾ ਦਿਤੇ। ਹੁਣ ਰਸਦ ਦਾਣਾ ਭੀ ਮੁੱਕਣ ਲੱਗਾ, ਤਦ ਤਾਂ ਅੰਦਰ ਡਾਢੀ ਔਕੜ ਆ ਬਣੀ। ਕਈ ਢੰਗ ਸੋਚਣ ਪਰ ਕੋਈ ਪੇਸ਼ ਨਾ ਜਾਏ। ਛੇਕੜ ਖਾਲਸੇ ਨੇ ਸੋਚਿਆ ਕਿ ਹੁਣ ਸ਼ਹੀਦ ਹੋਣ ਦਾ ਵੇਲਾ ਹੈ, ਇਕੋ ਵਾਰੀ ਟੁੱਟ ਕੇ ਵੈਰੀ ਉਤੇ ਜਾ ਪਈਏ, ਮਾਰ ਦੇਈਏ ਤੇ ਮਰ ਜਾਈਏ। ਇਸ ਗੱਲ ਦੀ ਖਬਰ ਤੁਰਕਾਂ ਵਿਚ ਜਾ ਪਹੁੰਚੀ। ਜੱਸਾ ਸਿੰਘ ਦੇ ਕੌਮੀ ਪਿਆਰ ਤੇ ਧਰਮ ਭਾਵ ਨੇ ਜੋਸ਼ ਖਾਧਾ ਤੇ ਸੋਚਣ ਲੱਗਾ ਕਿ ਪੰਥ ਸ਼ਹੀਦੀ ਪਾਊ ਤੇ ਮੈਂ ਖਾਲਸੇ ਤੋਂ ਬੇਮੁਖ ਮਰੂੰ, ਗੁਰੂ ਖਾਲਸਾ ਹੈ ਤੇ ਮੈਂ ਖਾਲਸੇ ਤੋਂ ਬੇਮੁਖ ਹਾਂ, ਜੋਗ ਹੈ ਕਿ ਤਨਖਾਹ ਬਖਸ਼ਾ ਕੇ ਸ਼ਹੀਦ ਹੋਈਏ ਤੇ ਮੁਕਤ ਭੁਗਤ ਲਵੀਏ।

ਇਸ ਪਛਤਾਵੇ ਵਿਚ ਤੀਰ ਨਾਲ ਬੰਨ੍ਹ ਕੇ ਖਾਲਸੇ ਨੂੰ ਚਿੱਠੀ ਘੱਲੀ ਤੇ ਤੀਰ ਨਾਲ ਹੀ ਉਤਰ ਪਹੁੰਚਣ ਤੇ ਆਪਣੇ ਸਾਥੀਆਂ ਸਣੇ ਤੁਰਕਾਂ ਵਿਚੋਂ ਨਿਕਲ ਕੇ ਖਾਲਸੇ ਦੇ ਚਰਨਾਂ ਵਿਚ ਜਾ ਕੇ ਤਨਖਾਹ ਬਖਸ਼ਾ ਕੇ ਸ਼ਹੀਦੀ ਦਾ ਅੰਮ੍ਰਿਤ ਪੀਣ ਲਈ ਸਾਂਝੀਵਾਲ ਹੋ ਗਿਆ।

ਅਸੀਂ ਦੱਸ ਆਏ ਹਾਂ ਕਿ ਰੌਣੀ ਤੇ ਹੱਲਾ ਕਰਨ ਤੋਂ ਪਹਿਲੋਂ ਦੇਸ਼ ਵਿਚ ਮੰਨੂੰ ਨੇ ਸਿੱਖਾਂ ਦੀ ਕਤਲਾਮ ਫੇਰ ਸ਼ੁਰੂ ਕੀਤੀ ਹੋਈ ਸੀ। ਇਧਰ ਰਾਮ ਰੌਣੀ ਨੂੰ ਘੇਰਾ ਪਾਇਆ ਹੋਇਆ ਸੀ ਤੇ ਉਧਰ ਉਨ੍ਹਾਂ ਸਿੱਖਾਂ ਨੂੰ, ਜੋ ਪਹਾੜਾਂ ਵਿਚ ਲੁਕੇ ਹੋਏ ਸਨ, ਰਾਜਿਆਂ ਵਲ ਖਤ ਪਾ ਕੇ ਪਕੜਵਾ ਮੰਗਵਾਇਆ ਸੀ। ਸੈਂਕੜੇ ਸਿੱਖ ਰੋਜ਼ ਪਕੜੇ ਆਉਂਦੇ ਤੇ ਨਖਾਸ ਵਿਚ ਕਤਲ ਕੀਤੇ ਜਾਂਦੇ ਸਨ।

ਆਦੀਨਾ ਬੇਗ ਨੇ ਕਿਸੇ ਫਰੇਬ ਨਾਲ ਸਿੱਖਾਂ ਨੂੰ ਸੁਲਹ ਦੇ ਬਹਾਨੇ ਸੱਦ ਕੇ ਕਤਲ ਕਰਨ ਦਾ ਮਨਸੂਬਾ ਸੋਚਿਆ ਸੀ, ਪਰ ਸਿੱਖ ਸਰਦਾਰ ਤਾੜ ਗਏ ਸਨ ਤੇ ਕਾਬੂ ਨਹੀਂ ਆਏ ਸਨ। ਆਦੀਨਾ ਬੇਗ ਨੇ ਲਾਹੌਰੋਂ ਹੁਣ ਹੋਰ ਫੌਜ ਮੰਗਵਾਈ। ਇਸੇ ਨਾਲ ਮੰਨੂੰ ਨੇ ਦੀਵਾਨ ਕੌੜਾ ਮੱਲ ਨੂੰ ਘੱਲਿਆ। ਦੀਵਾਨ ਸਾਹਿਬ ਹੁਣ ਮੁਸ਼ਕਲ ਵਿਚ ਸਨ। ਸਿੱਖਾਂ ਦੀ ਤਾਕਤ ਨੂੰ ਉਹ ਨਸ਼ਟ ਨਹੀਂ ਹੋਣ ਦੇਣਾ ਚਾਹੁੰਦੇ ਸਨ ਤੇ ਫਰਜ਼ ਮਨਸਬੀ ਹੋਰ ਸੀ। ਦੱਸੀਦਾ ਹੈ ਕਿ ਸਰਦਾਰ ਜੱਸਾ ਸਿੰਘ ਨੇ ਦੀਵਾਨ ਸਾਹਿਬ ਨੂੰ ਲਿਖਿਆ ਕਿ ਇਹ ਵੇਲਾ ਹੈ ਖਾਲਸੇ ਦੀ ਮਦਦ ਦਾ, ਤੁਸੀਂ ਸਾਡੇ ਮਿੱਤਰ ਹੋ, ਬਹੁੜੋ। ਦੀਵਾਨ ਜੀ ਨੇ ਹੁਣ ਸੋਚਿਆ ਕਿ ਮੰਨੂੰ ਤੇ ਸਿੱਖਾਂ ਦੀ ਸੁਲਹ ਕਰਾ ਦਿਆਂ, ਸਿੱਖਾਂ ਤੇ ਮੰਨੂੰ ਦੀ ਤਾਕਤ ਰਲ ਕੇ ਬਦੇਸ਼ੀ ਅਹਿਮਦਸ਼ਾਹ ਦੁਰਾਨੀ ਦਾ ਟਾਕਰਾ ਕਰੇ ਤੇ ਪਠਾਣੀ ਜ਼ੋਰ ਨਾ ਪੰਜਾਬ ਵਿਚ ਬੱਝਣਾ ਪਾਵੇ। ਸੋ ਆਪ ਨੇ ਲਾਹੌਰ ਜਾ ਕੇ ਮੰਨੂੰ ਨਾਲ ਆਪਣਾ ਜਿੰਮਾਂ ਲੈ ਕੇ ਸੁਲਹ ਕਰਾ ਦਿਤੀ। ਸਿੱਖ ਸੁਖੀ ਹੋ ਗਏ ਤੇ ਕੁਛ ਮਹੀਨੇ ਅਰਾਮ ਦੇ ਲੰਘੇ ਤੇ ਖਾਲਸੇ ਦੀ ਗਿਣਤੀ ਭੀ ਖੂਬ ਵਧੀ। ਲਗਭੱਗ ਵਰ੍ਹਾ ਕੁ ਹੀ ਬੀਤਿਆ ਹੋਊ ਕਿ ਦੁਰਾਨੀ ਫੇਰ ਫੌਜ ਲੈ ਕੇ ਪੰਜਾਬ ਪਰ ਧਾਵਾ ਕਰਨ ਆਇਆ। ਇਹ ਮੱਘਰ 1905 ਬਿ: ਦੀ ਗੱਲਬਾਤ ਹੈ।

ਮੱਘਰ 1805 (ਦਸੰਬਰ 1749 ਈ:) ਵਿਚ ਅਹਿਮਦਸ਼ਾਹ ਦੇ ਇਸ ਹਮਲੇ ਦੇ ਟਾਕਰੇ ਲਈ ਮੰਨੂੰ ਚਨਾਬ ਦੇ ਕਿਨਾਰੇ ਸੋਧਰੇ ਜਾ ਪਹੁੰਚਾ। ਪਰ ਮੰਨੂੰ ਅਹਿਮਦਸ਼ਾਹ ਨਾਲ

ਬਰ ਮੇਚ ਨਾ ਸਕਿਆ ਤੇ ਸੁਲਹ ਮੁਨਾਸਬ ਸਮਝ ਕੇ ਚਾਰ ਜ਼ਿਲਿਆਂ ਦਾ ਮਾਲੀਆ 14 ਕੁ ਲੱਖ ਦੇ ਲੱਗਭੱਗ ਦੇਣਾ ਕਰਕੇ ਉਸ ਨੂੰ ਮਗਰੋਂ ਲਾਹਿਆ। ਸੋ ਦੁਰਾਨੀ ਬਿਨਾਂ ਕੋਈ ਤਕੜਾ ਜੰਗ ਕੀਤੇ ਦੇ ਮਾਲੀ ਮਾਰ ਕੇ ਟੁਰਦਾ ਹੋਇਆ ਤੇ ਮੰਨੂੰ ਇਧਰੋਂ ਨਿਚਿੰਤ ਹੋ ਕੇ ਲਾਹੌਰ ਆ ਬੈਠਾ। ਇਸ ਦੇ ਝੰਨਾਂ ਜਾਣ ਮਗਰੋਂ ਸਿੱਖਾਂ ਨੇ ਲਾਹੌਰ ਵਿਚ ਕੁਛ ਸੰਘਰਸ਼ ਕੀਤੀ ਸੀ, ਸੋ ਕਤਲਾਮ ਮੁੜ ਸ਼ੁਰੂ ਹੋਈ ਤੇ ਸਿੱਖ ਦੇ ਸਿਰ ਦਾ ਮੁੱਲ 10 ਰੁਪਏ ਚੁੱਕਿਆ। ਕੁਛ ਚਿਰ ਇਹ ਕਹਿਰ ਦਾ ਜ਼ੁਲਮ ਘੁਕਿਆ, ਇੰਨੇ ਨੂੰ ਸ਼ਾਹ ਨਵਾਬ ਜੋ ਦਿੱਲੀ ਬੈਠਾ ਸੀ, ਉਥੋਂ ਵਜ਼ੀਰ ਨਾਲ ਗੰਢ ਤੁਪ ਕਰਕੇ ਮੁਲਤਾਨ ਦੀ ਸੂਬੇਦਾਰੀ ਦਾ ਪਰਵਾਨਾ ਲੈ ਕੇ ਮੁਲਤਾਨ ਤੇ ਆ ਪਿਆ। ਥੋੜ੍ਹੇ ਹੀ ਯਤਨ ਨਾਲ ਉਸ ਦਾ ਕਬਜ਼ਾ ਹੋ ਗਿਆ। ਹੁਣ ਆਪਣੇ ਆਪ ਨੂੰ ਪੱਕਾ ਕਰਕੇ ਉਹ ਲਾਹੌਰ ਦੀ ਹਕੂਮਤ ਮੀਰ ਮੰਨੂੰ ਤੋਂ ਖੋਹਣ ਲਈ ਫੌਜ ਭਰਤੀ ਕਰਨ ਲੱਗਾ। ਮੀਰ ਮੰਨੂੰ ਨੂੰ ਬੀ ਖਬਰਾਂ ਪੁੱਜ ਗਈਆਂ ਸਨ। ਉਸ ਨੇ ਇਕ ਅੱਧ ਦਿਨ ਦੁਖ ਤੇ ਸੋਚ ਵਿਚ ਰਹਿ ਕੇ ਮੁਲਤਾਨ ਤੇ ਹਮਲੇ ਦਾ ਫੈਸਲਾ ਕੀਤਾ ਤੇ ਮੁਹਿੰਮ ਕੌੜਾ ਮੱਲ ਦੇ ਸਪੁਰਦ ਕੀਤੀ। ਦੀਵਾਨ ਸਾਹਿਬ ਫੌਜਾਂ ਲੈ ਕੇ ਚੜ੍ਹ ਪਏ ਤੇ ਨਾਲ ਆਪਣੇ ਮਿਤ੍ਰ ਜੱਸਾ ਸਿੰਘ ਆਹਲੂਵਾਲੀਏ ਨੂੰ, ਦੱਸ ਕੁ ਹਜ਼ਾਰ ਖਾਲਸਾ ਫੌਜ ਦੇ ਨਾਲ, ਮਦਦ ਵਾਸਤੇ ਲੈ ਲਿਆ।

ਇਸ ਜੁੱਧ ਦਾ ਹਾਲ ਲੰਮੇਰਾ ਹੈ ਪਰ ਸਿੱਟਾ ਇਹ ਨਿਕਲਿਆ ਕਿ ਦੀਵਾਨ ਸਾਹਿਬ ਤੇ ਸਿੱਖਾਂ ਦੀ ਰਲਵੀਂ ਫੌਜ ਨੇ ਫਤਹਿ ਪਾਈ। ਇਹ ਜੰਗ ਮੱਘਰ 1805 ਵਿਚ ਛਿੜਿਆ ਸੀ ਤੇ ਦੀਵਾਨ ਸਾਹਿਬ ਦਾ ਰੱਖੜੀ ਵਾਲੇ ਦਿਨ 1806 ਵਿਚ ਮੁਲਤਾਨ ਤੇ ਕਬਜ਼ਾ ਹੋਇਆ। ਮੱਘਰ ਤੋਂ ਸਾਵਣ ਤੱਕ ਲਗਭੱਗ 7-8 ਮਹੀਨੇ ਮੁਹਿੰਮ ਪਰ ਲੱਗੇ।

ਇਸ ਸੇਵਾ ਦੇ ਬਦਲੇ ਮੀਰ ਮੰਨੂੰ ਵਲੋਂ ਦੀਵਾਨ ਸਾਹਿਬ ਕੌੜਾ ਮੱਲ ਨੂੰ ਮਹਾਰਾਜਗੀ ਦੀ ਪਦਵੀ ਮਿਲੀ ਅਤੇ ਮੁਲਤਾਨ ਤੇ ਸਾਰੇ ਦੱਖਣੀ ਪੰਜਾਬ ਦਾ ਰਾਜ ਉਸ ਦੇ ਤਾਬੇ ਕੀਤਾ ਗਿਆ।

ਇਸ ਗੁਰੂ ਦੇ ਸੇਵਕ ਮਹਾਰਾਜ ਕੌੜਾ ਮੱਲ ਨੇ ਸਿੱਖਾਂ ਨੂੰ ਬਹੁਤ ਇਨਾਮ ਦਿਤੇ ਅਰ ਅੰਮ੍ਰਿਤਸਰ ਆ ਕੇ ਹਰਿਮੰਦਰ ਦੀ ਸੇਵਾ ਕਰਾਈ। ਲਖਪਤ ਨੇ ਉਸ ਵੇਲੇ ਦੇ ਨਵਾਬ ਦੀ ਸਲਾਹ ਨਾਲ ਸਰੋਵਰ ਮਿੱਟੀ ਨਾਲ ਭਰਵਾ ਦਿਤਾ ਹੋਇਆ ਸੀ, ਸੋ ਮਹਾਰਾਜ ਕੌੜਾ ਮੱਲ ਨੇ ਆਪ ਆਪਣੇ ਖਰਚ ਤੋਂ ਮਿੱਟੀ ਕਢਵਾ ਕੇ ਸਰੋਵਰ ਮੁੜ ਸਾਫ ਕਰਵਾ ਦਿਤਾ ਅਰ ਫੇਰ ਜਲ ਨਾਲ ਭਰਵਾ ਦਿਤਾ। ਮਹਾਰਾਜ ਕੌੜਾ ਮੱਲ ਪੱਕਾ ਸਿੱਖ ਸੀ ਤੇ ਹਰ ਸਮੇਂ ਪੰਥ ਨੂੰ ਪੁਕਰਦਾ ਸੀ। ਖਾਲਸਾ ਜੀ ਇਸ ਨੂੰ 'ਮਿੱਠਾ ਮੱਲ' ਸੱਦਿਆ ਕਰਦੇ ਸੀ। ਇਹ ਸਮਾਚਾਰ 1806-1807 ਬਿ: ਸੰਮਤ ਵਿਚ ਹੋਏ।

(ਪੰਨਾ 9 ਦੀ ਬਾਕੀ)

ਗਹੁ ਪੂਰਵਕ ਵਿਚਾਰੀਏ, ਵਾਹਿਗੁਰੂ ਜੀ ਦੇ ਪਿਆਰ ਵਿਚ ਆਪਣਾ ਜੀਵਨ ਬਤੀਤ ਕਰੀਏ, ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਸਾਰੀਆਂ ਸੋਚਾਂ ਨੂੰ ਮਿਟਾਉਣ ਦੀ ਜੁਗਤ ਸਿਖੀਏ। ਗੁਰੂ ਘਰ ਵਿਚ ਇਸ ਤਰ੍ਹਾਂ ਹੈ ਕਿ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ ਜਾਵੇ। ਉਹ ਨਾਮ ਤੱਤ ਬੇਤੇ ਮਹਾਂਪੁਰਸ਼ਾਂ, ਸਾਧੂਆਂ, ਆਰਫਾਂ, ਸੰਤਾਂ, ਗੁਰਮੁਖ ਪਦਵੀ ਨੂੰ ਪ੍ਰਾਪਤ ਹੋਈਆਂ ਪ੍ਰਵਾਨ ਰੂਹਾਂ ਦੀ ਸੰਗਤ ਵਿਚ ਫਲੀਭੂਤ ਹੋ ਜਾਇਆ ਕਰਦਾ ਹੈ। ਸਾਧੂ ਦੀ ਸੰਗਤ ਕਰਦਿਆਂ ਮਹਾਨ ਭਿਅੰਕਰ ਦੂਤ, ਦੁਸਟ ਵਸ_ ਵਿਚ ਹੋ ਜਾਇਆ ਕਰਦੇ ਹਨ। ਸੋ ਅਰਦਾਸ ਕਰੋ ਕਿ ਹੇ ਪ੍ਰਭੂ! ਮੇਲ ਪਿਆਰਾ, ਮੇਲ ਉਹ ਗੁਰਮੁਖ ਜਿਨ੍ਹਾਂ ਦੇ ਦਰਸ਼ਨ ਕਰਦਿਆਂ ਹੀ ਤੇਰੇ ਨਾਮ ਦੀ ਧੁਨ ਅੰਦਰ ਸੁਣਾਈ ਦੇਣ ਲਗ ਜਾਵੇ ਤੇ ਸ਼ਾਂਤੀ ਦੀਆਂ ਠੰਢੀਆਂ ਰੌਆਂ ਰੁਮਕਣ ਲਗ ਜਾਣ ਜਿਵੇਂ ਕਿ ਆਪ ਦਾ ਫੁਰਮਾਨ ਹੈ-

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ।।***
***ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ।।***
***ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ।।***
***ਬੰਧਨ ਖੋਲਨਿ ਸੰਤ ਦੂਤ ਸਭਿ ਜਾਹਿ ਛਪਿ।।***
***ਤਿਸੁ ਸਿਉ ਲਾਇਨਿ ਰੰਗੁ ਜਿਸ ਦੀ ਸਭ ਧਾਰੀਆ।।***
***ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ।।***
***ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ।।***
***ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ।।***

***ਪੰਨਾ - 520***

ਸੋ ਜਿਨ੍ਹਾਂ ਦੇ ਦਰਸ਼ਨ ਕਰਕੇ ਖੋਟੀ ਮਤ ਦੂਰ ਹੋ ਜਾਵੇ, ਉਹ ਹੀ ਸੱਚੇ ਮਿੱਤਰ ਹੋਇਆ ਕਰਦੇ ਹਨ। ਫੁਰਮਾਨ ਹੈ -

***ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।।***
***ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ।।***

***ਪੰਨਾ - 520***

ਸੋ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ। ਜਦੋਂ ਅਸਾਡਾ ਧਿਆਨ ਪ੍ਰਭੂ ਦੇ ਨਾਮ ਵਿਚ ਲਗ ਜਾਂਦਾ ਹੈ ਤਾਂ ਸਾਰੇ ਸੁਖ ਆ ਜਾਇਆ ਕਰਦੇ ਹਨ [illegible] ਅਨਗਿਣਤ ਬਿਮਾਰੀਆਂ ਖਤਮ ਹੋ ਜਾਇਆ ਕਰਦੀਆਂ ਹਨ। ਅੰਦਰ ਠੰਢ ਵਰਤ ਜਾਂਦੀ ਹੈ, ਆਸਾਂ ਸਾਰੀਆਂ ਪੂਰੀਆਂ ਹੋ ਜਾਇਆ ਕਰਦੀਆਂ ਹਨ, ਵਿਘਨ ਕੋਈ ਨਹੀਂ ਲੱਗਿਆ ਕਰਦਾ। ਗਿਆਨ ਰੂਪੀ ਅਮੁੱਲ ਪਦਾਰਥ ਗੁਰੂ ਤੋਂ ਮਿਲਦਾ ਹੈ। ਸੋ ਫੁਰਮਾਨ ਹੈ -

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸ਼ਿਥਿਲੀਕਰਨ

ਸਰੀਰ ਨੂੰ ਨਿਸਲ ਕਰਨਾ, ਸਰੀਰ ਦਾ ਸ਼ਿਥਿਲੀ ਕਰਨ, ਮਾਨਸਿਕ ਤੇ ਸਰੀਰਕ ਸਿਹਤ ਲਈ ਬਹੁਤ ਹੀ ਆਵਸ਼ਕ ਹੈ। ਸਰੀਰਕ ਤਣਾਅ ਦਾ 95% ਕਾਰਨ ਮਨੋਸਰੀਰਕ ਰੋਗ ਹੀ ਹਨ। ਅਸੀਂ ਇਨ੍ਹਾਂ ਰੋਗਾਂ ਦੇ ਕਾਰਣ ਬਾਹਰ ਢੂੰਡਦੇ ਹਾਂ, ਵਾਸਤਵ ਵਿਚ ਇਨ੍ਹਾਂ ਦੇ ਕਾਰਣ ਸਾਡੇ ਅੰਦਰ ਹੀ ਹੁੰਦੇ ਹਨ। ਨਿਸਲ ਹੋਣ ਲਈ ਸਿੱਧੇ ਲੇਟ ਜਾਓ, ਆਪਣੀਆਂ ਲੱਤਾਂ ਨੂੰ ਕੋਈ 18 ਇੰਚ ਦੇ ਫਾਸਲੇ ਤੇ ਰੱਖੋ, ਆਪਣੇ ਦੋਨੋਂ ਹੱਥ ਆਪਣੇ ਪੇਟ ਤੇ ਰੱਖੋ। ਜੇ ਫਰਸ਼ ਤੇ ਲੇਟੇ ਹੋ ਤਾਂ ਛੋਟਾ ਜਿਹਾ ਸਰ੍ਹਾਣਾ ਰੱਖੋ। ਫੇਰ ਤਰਤੀਬਵਾਰ ਆਪਣੇ ਸਰੀਰ ਨੂੰ ਜਾਂਚੋ। ਸਿਰ ਤੋਂ ਸ਼ੁਰੂ ਕਰਕੇ ਪੈਰਾਂ ਤੱਕ ਆਓ। ਪੈਰਾਂ ਤੋਂ ਸ਼ੁਰੂ ਕਰਕੇ ਸਿਰ ਤਕ ਆਓ, ਦੇਖੋ ਸਰੀਰ ਵਿਚ ਕਿਥੇ ਖਿੱਚ ਹੈ, ਕਿਥੇ ਤਣਾਓ ਹੈ, ਮਾਨਸਿਕ ਪੱਖੋਂ ਉਸ ਤਣਾਓ ਨੂੰ ਨਿਸਲ ਕਰਨ ਦਾ ਯਤਨ ਕਰੋ, ਆਪਣੇ ਪੇਟ ਦੀ (diaphragm) ਦੀ ਹਰਕਤ ਨੂੰ ਜਾਂਚੋ, ਹੌਲੀ ਹੌਲੀ ਸ੍ਵਾਸ ਲਓ, ਡੂੰਘੇ ਸ੍ਵਾਸ ਲਓ, ਜਿੰਨੀ ਵੀ ਤੁਹਾਡੀ ਸਮਰੱਥਾ ਹੈ ਉਸ ਅਨੁਸਾਰ ਸ੍ਵਾਸ ਲਓ। ਸਰੀਰ ਨੂੰ ਸਿਥਿਲ ਰੱਖੋ, ਸ੍ਵਾਸਾਂ ਨੂੰ ਸ਼ਾਂਤ ਰੱਖੋ, ਡੂੰਘਾ ਰੱਖੋ, ਇਸ ਤਰ੍ਹਾਂ ਸ੍ਵਾਸ ਚੱਲਣਾ, ਨਿਸਲ ਕਰਨ ਵਿਚ ਸਹਾਇਕ ਹੋਵੇਗਾ, ਇਸ ਤਰ੍ਹਾਂ ਸਾਰਾ ਨਾੜੀ ਮੰਡਲ ਵੀ ਨਿਸਲ ਹੁੰਦਾ ਹੈ। ਸਾਰੇ ਪੱਠਿਆਂ ਵਿਚੋਂ ਤਣਾਵ ਖਿਚਾਓ ਨਿਕਲ ਜਾਂਦਾ ਹੈ ਤੇ ਸਾਰਾ ਸਵਾਧੀਨ ਨਾੜੀ ਮੰਡਲ ਸ਼ਾਂਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਿਥਿਲਤਾ ਦਾ ਅਭਿਆਸ ਦਸ ਮਿੰਟ ਤੋਂ ਵੱਧ ਨਹੀਂ ਕਰਨਾ ਚਾਹੀਦਾ, ਨਹੀਂ ਤੇ ਤੁਸੀਂ ਸੌਂ ਜਾਓਗੇ। ਪੰਜ ਮਿੰਟ ਪਿਛੋਂ ਸਰੀਰ ਵਿਚ ਤਣਾਓ ਪੈਦਾ ਕਰੋ, ਫੇਰ ਨਿਸਲ ਕਰੋ, ਫੇਰ ਸਰੀਰ ਨੂੰ ਦੇਖੋ। ਸ੍ਵਾਸਾਂ ਦਾ ਹਲਕਾ ਤੇ ਹੌਲੇ ਹੌਲੇ ਪ੍ਰਵਾਹ ਪਰ ਡੂੰਘਾ ਪਰਵਾਹ ਦੇਖੋ।

ਸ਼ਵਆਸਨ (shav-asan) ਇਕ 61 ਬਿੰਦੂਆਂ ਦਾ ਅਭਿਆਸ ਹੈ। ਇਸ ਅਭਿਆਸ ਨਾਲ ਮਨ ਅੰਤਰਮੁਖੀ ਹੁੰਦਾ ਹੈ, ਵਧੇਰੇ ਕ੍ਰਮਵਾਰ ਹੁੰਦਾ ਹੈ ਤੇ ਨਾੜੀ ਮੰਡਲ ਨੂੰ ਵਧੇਰੇ ਨਿਸਿਲਤਾ ਮਿਲਦੀ ਹੈ। ਉਪਰ ਲਿਖੇ ਅਭਿਆਸ ਤੋਂ ਬਾਅਦ 61 ਬਿੰਦੂ ਨਿਸਿਲਤਾ ਦਾ ਅਭਿਆਸ ਕਰੋ। ਤੁਸੀਂ ਚਾਹੋ ਤਾਂ ਖੱਬੇ ਪਾਸਿਓਂ ਸ਼ੁਰੂ ਕਰ ਸਕਦੇ ਹੋ, ਚਾਹੋ ਤਾਂ ਸੱਜੇ ਪਾਸਿਓਂ ਸ਼ੁਰੂ ਕਰ ਸਕਦੇ ਹੋ ਪਰ ਸਥਿਰ ਰਹੋ। 61 ਬਿੰਦੂ ਸ਼ਵਆਸਨ ਓਦੋਂ ਨਹੀਂ ਕਰਨਾ ਚਾਹੀਦਾ, ਜਦੋਂ ਤੁਹਾਨੂੰ ਨੀਂਦ ਆ ਰਹੀ ਹੋਵੇ ਜਾਂ ਤੁਸੀਂ ਥੱਕੇ ਹੋਵੋ। ਸ਼ਵਆਸਨ ਵਿਚ ਲੇਟੋ, ਨਿਸਲ ਹੋਵੋ, ਇਕ ਦੋ ਮਿੰਟ ਲੇਟੇ ਰਹੋ। ਆਪਣਾ ਸਾਰਾ ਧਿਆਨ ਦੋਨੋਂ ਅੱਖਾਂ ਦੇ ਵਿਚ ਵਾਲੀ ਥਾਂ ਤੇ ਲੈ ਆਓ ਤੇ ਇਕ ਬਾਰੇ ਸੋਚੋ। ਇਸੇ ਉਤੇ ਆਪਣਾ ਧਿਆਨ ਇਕ ਦੋ ਸੈਕਿੰਡ ਲਈ ਲਗਾ ਕੇ ਰੱਖੋ ਇਸ ਤਰ੍ਹਾਂ ਇਕ ਇਕ ਕਰਕੇ 31 ਤੱਕ ਜਾਓ। ਇਸ ਅਭਿਆਸ ਨੂੰ ਦੋ ਵਾਰੀ ਦੁਹਰਾਓ। ਇਸ ਤਰ੍ਹਾਂ ਤੁਸੀਂ ਸੱਤ ਦਿਨ ਤੋਂ ਦਸ ਦਿਨ ਤਕ ਕਰੋ। ਜਦੋਂ ਇਹ ਅਭਿਆਸ ਬਿਨਾਂ ਮਨ ਦੇ ਏਧਰ ਉਧਰ ਗਏ ਤੁਸੀਂ ਕਰ ਸਕੋ ਫੇਰ ਤੁਸੀਂ 61 ਤਕ ਕਰੋ।

## ਭਾਰਤ ਵਿਚ ਯੋਗਾ ਕਾਨਫਰੰਸ

1973 ਦੇ ਅਕਤੂਬਰ ਮਹੀਨੇ ਵਿਚ ਅਮਰੀਕਾ ਦਾ ਇਕ ਵੱਡਾ ਜੱਥਾ ਭਾਰਤ ਦੇ ਉਦਯੋਗ ਨਗਰ, ਕਾਨ੍ਹਪੁਰ ਆਇਆ ਜਿਥੇ ਸਵਾਮੀ ਜੀ ਨੇ ਇਕ ਯੋਗਾ ਕਾਨਫਰੰਸ ਦਾ ਆਯੋਜਨ ਕੀਤਾ ਸੀ।

ਇਸ ਕਾਨਫਰੰਸ ਨੂੰ ਇਕ ਬਹੁਤ ਹੀ ਅਨੋਖੇ ਢੰਗ ਨਾਲ ਸੰਗਠਨ ਕੀਤਾ ਗਿਆ ਸੀ। ਇਸ ਵਿਚ ਸਾਰੇ ਅਮਰੀਕਨ ਯੋਗੀ ਹੀ ਸਨ। ਹਜ਼ਾਰਾਂ ਦੀ ਗਿਣਤੀ ਵਿਚ

ਭਾਰਤ ਸਰਕਾਰ ਦੇ ਨੁਮਾਇੰਦੇ, ਸਿਖਿਆ ਵਿਭਾਗ ਤੋਂ, ਤੇ ਆਪਣੇ ਕਾਰੋਬਾਰ ਵਾਲੇ ਇਸ ਕਾਨਫਰੰਸ ਵਿਚ ਭਾਗ ਲੈਣ ਆਏ। ਸਾਰੇ ਸ਼ਾਮਿਆਨੇ ਭਰੇ ਹੋਏ ਸਨ ਤੇ ਸਰੋਤੇ, ਮਾਂ ਯੋਗਾਲੀਨ ਨੂੰ ਸੁਣ ਰਹੇ ਸੀ, ਰੂਡਲੌਫ ਬੈਲਨਟੀਨ ਨੂੰ ਸੁਣ ਰਹੇ ਸੀ; ਇਹ ਬੋਲ ਰਹੇ ਸਨ – ਹਿਮਾਲੀਆ ਦੇ ਯੋਗੀਆਂ ਦੀ ਪਰੰਪਰਾ ਤੇ। ਯੋਗੀ ਅਚਲਾ ਨੇ ਬੜੇ ਹੀ ਵਿਕਸਿਤ ਯੋਗਾਆਸਨ ਕੀਤੇ। ਐਨੀ ਸੋਹਣੀ ਤਰ੍ਹਾਂ ਕੀਤੇ ਕਿ ਜਨਤਾ ਨੇ ਉਨ੍ਹਾਂ ਦੀ ਐਨੀ ਸ਼ਲਾਘਾ ਕੀਤੀ, ਸਾਰਿਆਂ ਨੇ ਖੜ੍ਹੇ ਹੋ ਕੇ ਉਨ੍ਹਾਂ ਲਈ ਤਾਲੀਆਂ ਵਜਾਈਆਂ, ਵੱਖ ਵੱਖ ਸਿਖਣ ਵਾਲਿਆਂ ਨੇ ਵੀ ਆ ਕੇ ਸਟੇਜ ਤੇ ਆਸਨਾਂ ਦਾ ਪ੍ਰਦਰਸ਼ਨ ਕੀਤਾ, ਸਵਾਮੀ ਅਜੈ ਨੇ ਪੱਛਮੀ ਮਨੋਵਿਗਿਆਨ ਤੇ ਭਾਸ਼ਨ ਦਿਤਾ। ਡਾ. ਐਲਮਰ ਗਰੀਨ ਤੇ ਉਨ੍ਹਾਂ ਦਾ ਪਰਿਵਾਰ, ਜੋ Menniger Foundation ਤੋਂ ਆਇਆ ਸੀ, ਨੇ ਭਾਰਤ ਨੂੰ ਇਕ ਨਵੇਂ ਵਿਗਿਆਨ biofeedback ਬਾਰੇ ਦੱਸਿਆ ਉਨ੍ਹਾਂ ਨੇ biofeedback ਮਸ਼ੀਨਾਂ ਲਿਆਂਦੀਆਂ ਤੇ ਦਿਮਾਗ ਦੀਆਂ ਲਹਿਰਾਂ ਬਾਰੇ ਦੱਸਿਆ, ਉਸ ਦੀ ਪੂਰੀ ਟੈਕਨਾਲੌਜੀ ਦੱਸੀ।

ਸਾਡੇ ਕੋਲ ਹਾਲੇ ਐਨੇ ਪੈਸੇ ਨਹੀਂ ਸੀ। ਅਸੀਂ ਉਸ ਸਮੇਂ ਭਾਰਤ ਨਹੀਂ ਆ ਸਕੇ। ਥਰੀਸਾ ਤੇ ਮੈਂ, ਅਸੀਂ ਆਪਣੇ ਦੋਸਤਾਂ ਦੀਆਂ ਦਿਤੀਆਂ ਰਿਪੋਰਟਾਂ ਤੋਂ ਹੀ ਸਭ ਕੁਝ ਪਤਾ ਕਰਦੇ ਰਹੇ। ਜਦੋਂ ਕਾਨਫਰੰਸ ਦਾ ਉਦਘਾਟਨ ਹੋਇਆ, ਉਸ ਪਿਛੋਂ ਅਮਰੀਕਨ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਕਿਵੇਂ ਭਾਰਤੀ, ਸਵਾਮੀ ਰਾਮ ਜੀ ਦੇ ਚਰਨ ਸਪਰਸ਼ ਕਰਨ ਲਈ ਦੌੜੇ। ਭਾਰਤ ਦੀ ਇਹ ਪਰੰਪਰਾ ਹੈ ਕਿ ਸੰਤਾਂ ਦੇ, ਯੋਗੀਆਂ ਦੇ ਚਰਨ ਸਪਰਸ਼ ਕਰਕੇ ਹੀ ਉਨ੍ਹਾਂ ਦਾ ਆਦਰ ਸਤਿਕਾਰ ਕੀਤਾ ਜਾਂਦਾ ਹੈ। ਉਹ ਸਵਾਮੀ ਜੀ ਦੇ ਦਰਸ਼ਨ ਕਰਕੇ ਧੰਨ ਹੋ ਰਹੇ ਸੀ। ਬਹੁਤ ਸਾਰੇ ਲੋਕੀ ਹੈਰਾਨ ਸੀ ਕਿ ਸਵਾਮੀ ਰਾਮ ਸਮੁੰਦਰੋਂ ਪਾਰ ਅਮਰੀਕਾ ਵਿਚ ਰਹਿਣ ਤੇ ਕੰਮ ਕਰਨ ਆਏ ਹਨ। ਸਵਾਮੀ ਜੀ ਦੇ ਸ਼ਿਸ਼ ਡਾ. ਐਲ. ਕੇ. ਮਿਸ਼ਰਾ ਨੇ ਕਾਨਫਰੰਸ ਵਿਚ ਆਏ ਸੱਜਣਾਂ ਨੂੰ ਦੱਸਿਆ ਕਿ ਸਵਾਮੀ ਜੀ ਪਹਿਲੇ ਸਿੱਧ ਮਾਸਟਰ ਹਿਮਾਲੀਆ ਤੋਂ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਵਿਗਿਆਨਕ ਤਜਰਬੇ ਲਈ ਅੱਗੇ ਰੱਖਿਆ। ਕਈ ਜਗ੍ਹਾ ਤੇ ਪੱਛਮੀ ਵਿਸ਼ਵ ਵਿਦਿਆਲਿਆ ਵਿਚ ਇਹ ਤਜਰਬੇ ਕੀਤੇ ਗਏ ਪਰ ਸਭ ਤੋਂ ਵਧੇਰੇ ਇਹ ਸੁਪ੍ਰਸਿੱਧ ਵਿਸ਼ਵ ਵਿਦਿਆਲੇ Menninger FoundationTopeks ਵਿਚ ਕੀਤੇ ਗਏ, ਫੇਰ Institute for the living on pennsylvania ਅਤੇ ਸਭ ਤੋਂ ਵੱਧ ਉਚੀ ਸੰਸਥਾ Harvard ਵਿਸ਼ਵ ਵਿਦਿਆਲੇ ਵਿਚ ਕੀਤੇ ਗਏ। ਇਸ ਤਰ੍ਹਾਂ ਕਰਨ ਵਿਚ ਸਵਾਮੀ ਜੀ ਦਾ ਮਨੋਰਥ ਸੀ – ਅਮਰੀਕਾ ਦੇ ਵਿਗਿਆਨਕਾਂ ਨਾਲ ਕੰਮ ਕਰਨਾ ਤੇ ਉਨ੍ਹਾਂ ਨੂੰ ਇਕ ਹੋਰ ਖੋਜ ਦੇ ਮੈਦਾਨ ਨਾਲ ਪਰੀਚੇ ਕਰਾਉਣਾ। ਵਿਗਿਆਨ ਅੱਜ ਦੇ ਯੁੱਗ ਦਾ ਇਕੋ ਇਕ ਪੱਥ ਪ੍ਰਦਰਸ਼ਕ ਹੈ ਪਰ ਇਹ ਇਥੇ ਦਸਣਾ ਉਚਿਤ ਹੀ ਹੋਵੇਗਾ ਕਿ ਵਿਗਿਆਨ ਨੂੰ ਕੋਈ ਵੀ ਫਿਲੌਸਫੀ ਦੇ ਅਧਾਰ ਤੇ ਦਿਸ਼ਾ ਦੇਣ ਵਾਲਾ ਨਹੀਂ ਹੈ।

ਸਵਾਮੀ ਜੀ ਨੇ ਆਪਣੇ ਪ੍ਰਵਚਨਾਂ ਵਿਚ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਰੂਹਾਨੀਅਤ ਦੇ ਅਭਿਆਸ ਦੀ ਬਹੁਤ ਲੋੜ ਹੈ। ਗੁਰੂ ਕ੍ਰਿਪਾ, ਗੁਰ ਪ੍ਰਸਾਦਿ ਦੀ ਗੰਗਾ ਤਾਂ ਹਰ ਸਮੇਂ ਹੀ ਚਲਦੀ ਰਹਿੰਦੀ ਹੈ ਪਰ ਅਸੀਂ ਹੀ ਸੁੱਤੇ ਰਹਿੰਦੇ ਹਾਂ, ਅਸੀਂ ਹੀ ਉਸ ਨੂੰ ਪ੍ਰਾਪਤ ਕਰਨ ਲਈ ਤਿਆਰ ਨਹੀਂ ਹੁੰਦੇ। ਇਹ ਹੀ ਕਾਰਣ ਹੈ ਕਿ ਅਸੀਂ ਬੰਧਨਾਂ ਵਿਚ ਪਏ ਰਹਿੰਦੇ ਹਾਂ ਤੇ ਸਾਨੂੰ ਕੋਈ ਨਾ ਕੋਈ ਸੰਤਾਪ ਲੱਗਾ ਰਹਿੰਦਾ ਹੈ।

ਸਰੋਤਿਆਂ ਨੇ ਸਵਾਮੀ ਜੀ ਨੂੰ ਪੁਛਿਆ ਜਿਸ ਵਿਚ ਨੇਤਾਸੀ ਕਾਰੋਬਾਰ ਵਾਲੇ ਵੀ ਸੀ, ਜਗਿਆਸੂ ਵੀ ਸੀ ਕਿ ਯੋਗਾ ਦੀ ਕੀ ਲੋੜ ਹੈ ਜਦੋਂ ਕਿ ਭਾਰਤ ਵਰਸ਼ ਵਿਚ ਐਨੇ ਮਜ਼ਹਬ ਹਨ? ਸਵਾਮੀ ਜੀ ਕਹਿਣ ਲੱਗੇ, ਮਜ਼ਹਬ ਤੁਹਾਨੂੰ ਦਸਦਾ ਹੈ ਕੀ ਕਰਨਾ ਚਾਹੀਦਾ ਹੈ; ਯੋਗਾ ਦਸਦਾ ਹੈ ਕਿਵੇਂ ਕਰਨਾ ਚਾਹੀਦਾ ਹੈ।

ਪ੍ਰਸ਼ਨ ਉਤਰ ਚਲਦੇ ਰਹੇ। ਹਰ ਤਰ੍ਹਾਂ ਦੇ ਪ੍ਰਸ਼ਨ ਸਵਾਮੀ ਜੀ ਤੋਂ ਪੁੱਛੇ ਗਏ। ਫੇਰ ਵਿਚੋਂ ਇਕ ਜ਼ੋਰ ਦੀ ਆਵਾਜ਼ ਆਈ, ਇਕ ਸੱਜਣ ਖੜ੍ਹੇ ਹੋਏ ਤੇ ਸਵਾਮੀ ਜੀ ਨੂੰ ਵੰਗਾਰ ਕੇ ਕਹਿਣ ਲੱਗੇ, ਤੁਸੀਂ ਪੱਛਮ ਵਿਚ ਹੀ ਕੰਮ ਕਰਨਾ ਪਸੰਦ ਕਰਦੇ ਹੋ? ਕੀ ਤੁਸੀਂ ਬਾਕੀਆਂ ਦੀ ਤਰ੍ਹਾਂ ਪੈਸੇ ਬਣਾਉਣ ਜਾਂਦੇ ਹੋ? ਕੀ ਤੁਸੀਂ ਨਹੀਂ ਜਾਣਦੇ, ਤੁਹਾਡੀ ਧਰਤੀ ਮਾਂ ਤੁਹਾਨੂੰ ਪੁਕਾਰ ਰਹੀ ਹੈ?

ਇਸ ਗੱਲ ਦਾ ਭਰੋਸਾ ਨਹੀਂ ਹੁੰਦਾ ਪਰ ਇਕ ਦਮ ਸਨਾਟਾ ਛਾ ਗਿਆ ਤੇ ਸਾਰੇ ਸਵਾਮੀ ਜੀ ਵਲ ਦੇਖਣ ਲਗ ਪਏ ਕਿ ਹੁਣ ਕੀ ਜੁਆਬ ਆਉਂਦਾ ਹੈ।

ਸਵਾਮੀ ਜੀ ਨੇ ਬਹੁਤ ਹੀ ਸੰਖੇਪ ਵਿਚ ਤੇ ਬੜੇ ਬੇਧੜਕ ਹੋ ਕੇ ਸਰੋਤਿਆਂ ਨੂੰ ਦੱਸਿਆ ਕਿ ਤੁਸੀਂ ਲੋਕ ਮੇਰਾ ਸਮਾਂ ਨਸ਼ਟ ਕਰਦੇ ਹੋ, ਤੁਸੀਂ ਪੈਸੇ ਬੇਅਰਥ ਗੁਆਉਂਦੇ ਹੋ, ਮੰਦਰ ਬਣਾਉਂਦੇ ਹੋ, ਪੱਥਰ ਲਗਵਾਉਂਦੇ ਹੋ ਪਰ ਆਪਣੇ ਮੰਦਰ ਦੀ ਪਰਵਾਹ ਹੀ ਨਹੀਂ ਕਰਦੇ। ਮੇਰੇ ਕੋਲ ਆਉਂਦੇ ਹੋ, ਮੇਰੇ ਪੈਰਾਂ ਵਿਚ ਬੈਠਦੇ ਹੋ ਤੇ ਇਹ ਆਸ ਰਖਦੇ ਹੋ ਕਿ ਮੈਂ ਹੀ ਤੁਹਾਡੇ ਲਈ ਸਭ ਕੁਝ ਕਰਾਂ। ਕੇਵਲ ਬੈਠ ਸਕਦੇ ਹੋ, ਕਰ ਕੁਛ ਨਹੀਂ ਸਕਦੇ। ਅਮਰੀਕਾ ਵਿਚ ਵਿਦਿਆਰਥੀ ਯੋਗ ਨੂੰ ਬੜੇ ਹੀ ਗੰਭੀਰ ਰੂਪ ਵਿਚ ਲੈਂਦੇ ਹਨ ਤੇ ਅਭਿਆਸ ਕਰਦੇ ਹਨ।

ਇਸ ਦੇ ਪਿਛੋਂ ਕੋਈ ਪ੍ਰਸ਼ਨ ਨਹੀਂ ਆਇਆ।

ਕਾਨਫਰੰਸ ਤੋਂ ਬਾਅਦ ਅਮਰੀਕਾ ਦਾ ਜਥਾ ਰਿਸ਼ੀਕੇਸ਼ ਨੂੰ ਚਲ ਪਿਆ। ਰਿਸ਼ੀਕੇਸ਼ ਗੰਗਾ ਦੇ ਕਿਨਾਰੇ ਹੈ ਤੇ ਪਹਿਲਾਂ ਕਿਸੇ ਸਮੇਂ ਰਿਸ਼ੀ ਲੋਕ ਸਰਦੀਆਂ ਵਿਚ

ਹਿਮਾਲੀਆ ਤੋਂ ਆ ਕੇ ਏਥੇ ਰਹਿੰਦੇ ਸੀ। ਰਿਸ਼ੀ ਮੁਨੀ ਸਰਦੀਆਂ ਵਿਚ ਇਥੇ ਆ ਕੇ ਅਭਿਆਸ ਕਰਦੇ, ਜਦੋਂ ਫੇਰ ਗਰਮੀਆਂ ਸ਼ੁਰੂ ਹੁੰਦੀਆਂ, ਉਹ ਹਿਮਾਲੀਆ ਵਾਪਸ ਤੁਰ ਪੈਂਦੇ। ਇਸ ਸਥਾਨ ਦੀਆਂ ਬਹੁਤ ਸਾਰੀਆਂ ਦੰਤ ਕਥਾਵਾਂ ਹਨ, ਸ਼ਿਵ ਜੀ ਬਾਰੇ ਇਥੇ ਬਹੁਤ ਕੁਝ ਹੈ। ਜੇ ਤੁਸੀਂ ਤਿਆਰ ਹੋ ਤਾਂ ਤੁਸੀਂ ਆਪਣੀ ਚੇਤਨਤਾ ਦਾ ਵਿਸਤਾਰ ਇਥੇ ਕਰ ਸਕਦੇ ਹੋ।

ਸਵਾਮੀ ਜੀ ਨੇ ਬਚਪਨ ਤੇ ਜਵਾਨੀ ਦਾ ਬਹੁਤ ਸਮਾਂ ਇਥੇ ਬਿਤਾਇਆ ਸੀ, ਸਵਾਮੀ ਜੀ ਦੇ ਗੁਰੂ ਵੀ ਬਹੁਤ ਦੇਰ ਇਥੇ ਰਹੇ ਸੀ। ਸਵਾਮੀ ਜੀ ਦੇ ਮਨ ਵਿਚ ਇਹ ਇੱਛਾ ਸੀ ਕਿ ਉਹ ਇਥੇ ਕੋਈ ਜਗ੍ਹਾ ਬਣਾਉਣ, ਆਸ਼ਰਮ ਬਣਾਉਣ। 1960 ਵਿਚ ਗੰਗਾ ਦੇ ਕੰਢੇ ਕਾਨ੍ਹਪੁਰ ਦੇ ਅਗਨੀਹੋਤਰੀ ਨਾਲ ਤੁਰਦਿਆਂ ਉਨ੍ਹਾਂ ਨੇ ਇਹ ਵਿਚਾਰ ਪ੍ਰਗਟ ਕੀਤਾ ਸੀ। ਸਵਾਮੀ ਜੀ ਅਗਨੀਹੋਤਰੀ ਨਾਲ ਬਰੇਤੀ ਤੇ ਸੌਂਦੇ ਰਹੇ ਜਿਥੇ ਹੁਣ ਆਸ਼ਰਮ ਹੈ।

ਸਵਾਮੀ ਜੀ ਨੇ ਇਕ ਹੋਮਿਓਪੈਥੀ ਡਾਕਟਰ ਵਜੋਂ ਆਪਣਾ ਅਭਿਆਸ ਸਦਾ ਹੀ ਜਾਰੀ ਰੱਖਿਆ। ਉਹ ਲੰਡਨ ਵਿਚ ਇਕ ਹੋਮਿਓਪੈਥੀ ਦੀ ਹੈਸੀਅਤ ਵਜੋਂ ਕੰਮ ਕਰਦੇ ਰਹੇ, ਮਰੀਜ਼ਾਂ ਕੋਲੋਂ ਕਦੇ ਵੀ ਉਨ੍ਹਾਂ ਨੇ ਪੈਸੇ ਨਹੀਂ ਲਏ ਪਰ ਉਨ੍ਹਾਂ ਦੇ ਦਵਾਈਆਂ ਦੇ ਕਮਰੇ ਦੀ ਖਿੜਕੀ ਸਦਾ ਖੁਲ੍ਹੀ ਰਹਿੰਦੀ। ਜੋ ਕਿਸੇ ਦੀ ਮਰਜ਼ੀ ਹੁੰਦੀ ਉਹ ਪਾ ਜਾਂਦਾ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸੀ ਕਿ ਸਵਾਮੀ ਜੀ ਤੋਂ ਆਪਣੇ ਸਾਥੀਆਂ ਨਾਲੋਂ ਕਿਤੇ ਵਧ ਮਰੀਜ਼ ਠੀਕ ਹੋ ਕੇ ਜਾਂਦੇ। ਇਹ ਗੱਲ ਫੈਲਦੀ ਰਹੀ, ਐਨੀ ਵੱਧ ਇਹ ਗੱਲ ਵਧ ਗਈ ਕਿ ਅੰਗਰੇਜ਼ ਡਾਕਟਰਾਂ ਨੂੰ ਘਾਟਾ ਪੈਣ ਲਗ ਪਿਆ। ਅੰਤ ਨੂੰ ਉਨ੍ਹਾਂ ਦੀ ਕਮੇਟੀ ਇਕੱਠੀ ਹੋ ਕੇ ਆਈ ਤੇ ਸਵਾਮੀ ਜੀ ਨੂੰ ਉਥੋਂ ਜਾਣ ਲਈ ਕਿਹਾ। ਉਨ੍ਹਾਂ ਨੇ ਡਾਕਟਰਾਂ ਦੀ ਬੇਨਤੀ ਮੰਨ ਲਈ ਤੇ ਜੋ ਕੁਝ ਵੀ ਉਨ੍ਹਾਂ ਮਰੀਜ਼ਾਂ ਨੇ ਦਿਤਾ, ਸਵਾਮੀ ਜੀ ਨੇ ਉਸਦਾ ਆਸ਼ਰਮ ਬਣਾ ਲਿਆ।

ਅਮਰੀਕਾ ਤੋਂ ਆਇਆ ਜਥਾ ਰਿਸ਼ੀਕੇਸ਼ ਪੁੱਜਾ। ਇਸ ਤਿੰਨ ਏਕੜ ਦੇ ਆਸ਼ਰਮ ਵਿਚ ਉਨ੍ਹਾਂ ਨੇ ਸਾਰੇ ਕਮਰੇ ਭਰ ਲਏ, ਗੰਗਾ ਦੇ ਕੰਢੇ ਤੰਬੂ ਵੀ ਲਗਾਏ ਗਏ, ਸਰਕਾਰੀ ਗੈਸਟ ਘਰ ਵਿਚ ਵੀ ਕਮਰੇ ਲਏ ਗਏ। ਹੱਠ ਯੋਗ ਦੇ ਧਿਆਨ ਲਗਾਉਣ ਦਾ ਇਕ ਸਮਾਗਮ ਸ਼ੁਰੂ ਹੋ ਗਿਆ ਜਿਸ ਵਿਚ ਰੂਹਾਨੀ ਮਾਰਗ ਦੇ ਪ੍ਰਵਚਨ ਵੀ ਸੀ। ਗੰਗਾ ਦੇ ਕੰਢੇ ਇਸ ਤੋਂ ਸੋਹਣੀ ਥਾਂ ਇਹੋ ਜਿਹੇ ਆਯੋਜਨ ਲਈ ਹੋਰ ਕਿਹੜੀ ਹੋ ਸਕਦੀ ਸੀ।

ਇਕ ਦਿਨ ਅਮਰੀਕਾ ਤੋਂ ਆਏ ਖੋਜਕਾਰਾਂ ਲਈ ਸਵਾਮੀ ਜੀ ਨੇ ਇਕ ਚੌਕੀਦਾਰ ਨੂੰ ਕੁਝ ਦਿਖਾਣ ਦਾ ਆਦੇਸ਼ ਦਿਤਾ, ਉਹ ਚੌਕੀਦਾਰ ਦੇਵੀ ਦਾ ਪੁਜਾਰੀ ਸੀ, ਉਹ ਹਰ ਸਾਲ ਗੰਗਾ ਦੇ ਕਿਨਾਰੇ ਦਰਖਤ ਦੇ ਥੱਲੇ ਇਕ ਕਰਮਕਾਂਡ ਕਰਿਆ ਕਰਦਾ ਸੀ ਜਿਥੇ ਉਹ ਇਕ ਚਕੌਰ ਥਾਂ ਉਲੀਕ ਲੈਂਦਾ। ਟੋਆ ਖੋਦ ਕੇ ਉਸ ਵਿਚ ਅੱਗ ਜਲਾ ਲਈ, ਛੋਟਾ ਜਿਹਾ ਥੜ੍ਹਾ ਬਣਾ ਲਿਆ। ਉਹ ਉਸ ਚਕੌਰ ਵਿਚ ਬੈਠ ਗਿਆ, ਸਾਰੀ ਰਾਤ ਬੈਠਾ ਰਿਹਾ। ਜਦੋਂ ਸਵੇਰ ਹੋਈ, ਸਵਾਮੀ ਜੀ ਨੇ ਸਭ ਨੂੰ ਬੁਲਾਇਆ ਤੇ ਦਿਖਾਇਆ, ਸਾਰੇ ਉਸ ਚਕੌਰ ਦੇ ਆਸ ਪਾਸ ਬੈਠ ਗਏ, ਚੌਕੀਦਾਰ ਉਸ ਦੇ ਅੰਦਰ ਹੀ ਬੈਠਾ ਰਿਹਾ, ਉਹ ਸਮਾਧੀ ਸਥਿਤ ਹੀ ਰਿਹਾ। ਆਸ਼ਰਮ ਵਿਚ ਰੋਟੀ ਤਿਆਰ ਕਰਨ ਵਾਲੇ ਨੇ ਰੋਟੀ ਬਣਾ ਕੇ ਉਸ ਨੂੰ ਆਪਣੇ ਹੱਥ ਨਾਲ ਖੁਆਈ। ਉਹ ਅਾਂਸੂ ਬਹਾ ਰਿਹਾ ਸੀ ਤੇ ਹੱਸ ਰਿਹਾ ਸੀ ਕਿਉਂਕਿ ਉਹ ਉਸ ਨੂੰ ਦੇਵੀ ਦੇ ਰੂਪ ਵਿਚ ਦੇਖ ਰਿਹਾ ਸੀ।

ਮਹਿਮਾਨਾਂ ਨੂੰ ਪਹਿਲਾਂ ਹੀ ਦਸ ਦਿਤਾ ਗਿਆ ਸੀ ਕਿ ਉਹ ਨੇੜੇ ਬੈਠ ਕੇ ਨਾ ਤਾਂ ਮਖੌਲ ਹੀ ਕਰਨ, ਨਾ ਹੀ ਕੋਈ ਨਖੇਧੀ ਦੇ ਵਿਚਾਰ ਆਪਣੇ ਮਨ ਵਿਚ ਲਿਆਉਣ। ਜਿਵੇਂ ਹੀ ਉਸ ਨੇ ਖਾਣਾ ਖਤਮ ਕੀਤਾ, ਉਹ ਜ਼ੋਰ ਦੀ ਸਵਾਮੀ ਜੀ ਤੇ ਚੀਖਣ ਲਗ ਪਿਆ। ਸਵਾਮੀ ਜੀ ਉਸ ਨੂੰ ਦੇਖਦੇ ਰਹੇ। ਫੇਰ ਉਸ ਨੇ ਥੱਲਿਓਂ ਗਰਮ ਗਰਮ ਸੁਆਹ ਚੁੱਕ ਕੇ ਖਾਧੀ। ਫੇਰ ਇਕ ਗਰਮ ਗਰਮ ਲੋਹੇ ਦੀ ਸਲਾਖ ਚੁੱਕ ਕੇ ਉਸ ਨੇ ਮੂੰਹ ਦੇ ਅੰਦਰ ਜੀਭ ਤੇ ਰੱਖ ਕੇ ਮਲੀ। ਇਕ ਵਾਰੀ ਫੇਰ ਉਸ ਨੇ ਸੁਆਹ ਚੁੱਕੀ ਤੇ ਖਾਧੀ। ਫੇਰ ਉਹ ਆਰਾਮ ਨਾਲ ਉਥੇ ਬੈਠ ਗਿਆ।

ਸਵਾਮੀ ਜੀ ਉਠ ਕੇ ਖੜ੍ਹੇ ਹੋ ਗਏ। ਭਾਵ ਸੀ ਇਹ ਘਟਨਾ ਹੁਣ ਸੰਪੂਰਨ ਹੋ ਗਈ ਹੈ। ਸਵਾਮੀ ਜੀ ਦੱਸਣ ਲੱਗੇ ਕਿ ਜਦੋਂ ਉਹ ਜ਼ੋਰ ਜ਼ੋਰ ਦੀ ਬੋਲ ਰਿਹਾ ਸੀ, ਉਹ ਕਹਿ ਰਿਹਾ ਸੀ ਕਿ ਸਵਾਮੀ ਜੀ ਦੇਵੀ ਨਾਲ ਕੋਈ ਵਾਅਦਾ ਕਰਨ ਪਰ ਸਵਾਮੀ ਜੀ ਇਸ ਤਰ੍ਹਾਂ ਕੋਈ ਵਾਅਦਾ ਨਹੀਂ ਸੀ ਕਰਨਾ ਚਾਹੁੰਦੇ। ਅਮਰੀਕਾ ਦਾ ਜਥਾ ਉਸ ਬਾਰੇ ਗੱਲਾਂ ਕਰਨ ਲਗ ਪਿਆ ਕਿ ਉਹ ਬੜਾ ਸਿੱਧ ਹੈ ਪਰ ਸਵਾਮੀ ਜੀ ਨੇ ਉਨ੍ਹਾਂ ਨੂੰ ਠੀਕ ਗੱਲ ਦੱਸੀ। ਸਵਾਮੀ ਜੀ ਕਹਿਣ ਲੱਗੇ, ਉਹ ਇਕ ਚੌਕੀਦਾਰ ਹੈ, ਉਹ ਕੋਈ ਸਿੱਧ ਸਵਾਮੀ ਨਹੀਂ ਹੈ। ਸਵਾਮੀ ਜੀ ਨੇ ਦੱਸਿਆ, ਇਹੋ ਜਿਹੀਆਂ ਕਲਾਂ ਸਿੱਖ ਲਈਆਂ ਜਾਂਦੀਆਂ ਹਨ ਇਨ੍ਹਾਂ ਦਾ ਸਬੰਧ ਕਿਸੇ ਉਚੀ ਰੂਹਾਨੀਅਤ ਨਾਲ ਨਹੀਂ ਹੈ। ਇਹ ਕੇਵਲ ਇਕਾਗਰ ਮਨ ਦੀ ਕਰਾਮਾਤ ਹੈ, ਇਹ ਮਨੋਵਾਦ ਨੂੰ ਇਕ ਪਾਸੇ ਲਾ ਕੇ ਕੁਝ ਵੀ ਦੇਖਿਆ ਜਾ ਸਕਦਾ ਹੈ, ਕੀਤਾ ਜਾ ਸਕਦਾ ਹੈ।

**ਅੱਗੇ ਵਧਣਾ**

ਸਵਾਮੀ ਜੀ ਅਜੇ ਭਾਰਤ ਵਿਚ ਹੀ ਸੀ। ਮੈਂ ਪ੍ਰੌਸਪੈਕਟ ਦੀ ਪਹਾੜੀ ਤੇ ਚਲਾ ਗਿਆ ਜਿਥੇ ਸਾਡਾ ਸੈਂਟਰ ਸੀ, ਉਸੇ ਸਮੇਂ ਐਨ ਉਥੇ ਪਹੁੰਚੀ, ਐਨ, ਥਰੀਸਾ ਤੇ ਮੈਂ ਬੂਹੇ ਤੇ ਗਏ ਤੇ ਘੰਟੀ ਦਿਤੀ, ਕੋਈ ਜਵਾਬ ਨਹੀਂ। ਬਹੁਤ ਹੀ ਦੇਰ ਬਾਅਦ ਇਕ ਰਹਿਣ ਵਾਲਾ ਆਇਆ

ਤੇ ਪੁੱਛਣ ਲੱਗਾ ਕਿ ਤੁਸੀਂ ਕੀ ਚਾਹੁੰਦੇ ਹੋ?

ਅਸੀਂ ਕਿਹਾ, ਤੁਸੀਂ ਭੁੱਲ ਗਏ? ਅੱਜ ਰਾਤੀਂ ਇਥੇ ਲੈਕਚਰ ਹੈ। ਉਸ ਨੇ ਸਿਰ ਹਿਲਾਇਆ ਤੇ ਕਹਿਣ ਲੱਗਾ, ਇਥੇ ਕੋਈ ਲੈਕਚਰ ਨਹੀਂ ਤੇ ਤੁਸੀਂ ਇਥੋਂ ਚਲੇ ਜਾਓ।

ਮੈਂ ਉਸ ਨੂੰ ਬਾਰ ਬਾਰ ਪੁਛਿਆ ਕਿ ਬਾਕੀ ਦੇ ਲੈਕਚਰਾਂ ਦਾ ਕੀ ਹੋਵੇਗਾ? ਬੜੇ ਹੀ ਝਿਜਕਦੇ ਹੋਏ ਉਸ ਨੇ ਕਿਹਾ ਕਿ ਸਾਰੇ ਲੈਕਚਰ ਕੈਂਸਲ ਕਰ ਦਿਤੇ ਗਏ ਹਨ ਤੇ ਤੁਸੀਂ ਮੁੜ ਕੇ ਇਥੇ ਨਹੀਂ ਆਉਣਾ।

ਏਸੇ ਸਮੇਂ ਯੋਗਾਲੀਨ ਬੂਹੇ ਤੇ ਆਈ। ਉਸ ਨੂੰ ਖਿੱਚ ਕੇ ਅੰਦਰ ਕੀਤਾ ਤੇ ਬੜੇ ਹੀ ਗੁੱਸੇ ਨਾਲ ਸਾਨੂੰ ਮੁੜ ਜਾਣ ਨੂੰ ਕਿਹਾ। ਸਾਡਾ ਕੋਈ ਜਵਾਬ ਸੁਣਨ ਤੋਂ ਪਹਿਲਾਂ ਹੀ ਉਸ ਨੇ ਜ਼ੋਰ ਦੀ ਦਰਵਾਜ਼ਾ ਬੰਦ ਕਰ ਦਿਤਾ। ਅਸੀਂ ਚੁੱਪ ਹੋ ਕੇ ਇਕ ਦੂਸਰੇ ਦਾ ਮੂੰਹ ਦੇਖਣ ਲਗ ਪਏ। ਐਨ ਕਹਿਣ ਲੱਗੀ ਕਿ ਕੁਝ ਦਿਨ ਪਹਿਲਾਂ ਉਸ ਨੂੰ ਪਤਾ ਲੱਗਾ ਸੀ ਕਿ ਯੋਗਾਲੀਨ ਹੁਣ ਸੈਂਟਰ ਵਿਚ ਨਹੀਂ ਰਹੀ ਤੇ ਸਾਨੂੰ ਉਸ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਐਨ ਨੇ ਸੋਚਿਆ ਸੀ ਉਹ ਸਭ ਗਲਤ ਹੈ। ਪਰ ਇਸ ਸਾਰੀ ਗੜਬੜ ਵਿਚ ਮੇਰਾ ਗੁੱਸਾ ਵਧਦਾ ਗਿਆ। ਮੈਂ ਕਿਹਾ, ਚੱਲੋ ਅਸੀਂ ਕੌਫੀ ਹਾਊਸ ਵਿਚ ਜਾ ਕੇ ਬੈਠਦੇ ਹਾਂ।

ਮੈਨੂੰ ਇਹ ਸਭ ਕੁਝ ਬੜਾ ਹੀ ਅਟਪਟਾ ਲਗ ਰਿਹਾ ਸੀ। ਅਸੀਂ ਪੈਸੇ ਲਗਾਏ ਸੀ, ਇਕ ਜਗ੍ਹਾ ਖਰੀਦੀ ਸੀ, ਜਿਥੇ ਅਸੀਂ ਸੋਚਿਆ ਸੀ ਕਿ ਅਸੀਂ ਸਾਰਾ ਯੋਗ ਸੈਂਟਰ ਦਾ ਕੰਮ ਕਾਜ ਕਰਾਂਗੇ ਤੇ ਯੋਗਾਲੀਨ ਵੀ ਸਾਥ ਰਹੇਗੀ ਪਰ ਉਹ ਤਾਂ ਉਥੇ ਹੀ ਘਰ ਵਿਚ ਆਪਣੇ ਪਤੀ ਨਾਲ ਰਹਿਣ ਲਗ ਪਈ। ਅਸੀਂ ਕੀ ਕਰ ਸਕਦੇ ਸੀ? ਇਹ ਜਗ੍ਹਾ ਤਾਂ ਖਰੀਦੀ ਹੀ ਉਸ ਦੇ ਨਾਮ ਸੀ।

ਬੜੇ ਹੀ ਸਾਲਾਂ ਬਾਅਦ ਸਵਾਮੀ ਜੀ ਨੇ ਦੱਸਿਆ ਕਿ ਜਦੋਂ ਯੋਗਾਲੀਨ ਗਈ ਸੀ, ਸਵਾਮੀ ਜੀ ਨੂੰ ਲੱਗਾ ਸੀ ਕਿ ਉਸ ਦਾ ਰਿਸ਼ਤਾ ਉਨ੍ਹਾਂ ਨਾਲੋਂ ਟੁੱਟ ਗਿਆ ਸੀ।

ਕੌਫੀ ਦੀ ਦੁਕਾਨ ਤੇ ਐਨ ਕਹਿਣ ਲੱਗੀ, ਮੈਂ ਉਸ ਦੀ ਮਦਦ ਕਰਾਂ। ਉਹ ਗੁੱਸੇ ਸੀ ਤੇ ਹੌਂਸਲਾ ਛੱਡੀ ਬੈਠੀ ਸੀ। ਮੈਂ ਗੁੱਸੇ ਵਿਚ ਸਾਂ ਤੇ ਘਬਰਾਇਆ ਹੋਇਆ ਸਾਂ। ਅਸੀਂ ਘੰਟਿਆਂ ਬੱਧੀ ਗੱਲਾਂ ਕਰਦੇ ਰਹਿੰਦੇ, ਇਕ ਦੂਸਰੇ ਨੂੰ ਹੌਂਸਲਾ ਦਿੰਦੇ ਰਹਿੰਦੇ। ਆਸਾਂ ਵੀ ਰਖਦੇ ਤੇ ਡਰਦੇ ਵੀ ਰਹਿੰਦੇ। ਡਰ ਇਸ ਗੱਲ ਦਾ ਸੀ ਕਿ ਭਾਵੇਂ ਸਵਾਮੀ ਜੀ ਵਾਪਸ ਸ਼ਿਕਾਗੋ ਨਾ ਆਉਣ। ਸਾਨੂੰ ਲਗਾ ਕਿ ਇਹ ਭਰਮ ਸਾਡਾ ਖਤਮ ਹੀ ਨਹੀਂ ਹੋਣਾ। ਅਸੀਂ ਸਵਾਮੀ ਜੀ ਨੂੰ ਇਹ ਦਸਣਾ ਹੈ ਕਿ ਅਸੀਂ ਆਪਣੇ ਵਾਅਦੇ, ਆਪਣੀਆਂ ਜ਼ਿੰਮੇਵਾਰੀਆਂ ਨਿਭਾਵਾਂਗੇ, ਉਨ੍ਹਾਂ ਦਾ ਸੁਪਨਾ ਸਾਕਾਰ ਕਰਾਂਗੇ। ਇਸ ਸਮੇਂ ਅਸੀਂ ਤਿੰਨੋ ਇਕ ਦੂਸਰੇ ਦੇ ਬਹੁਤ ਨੇੜੇ ਆ ਗਏ ਜਦੋਂ ਉਸ ਰਾਤ ਅਸੀਂ ਕੌਫੀ ਹਾਊਸ ਵਿਚ ਉਸ ਲਾਈਟ ਦੇ ਥੱਲੇ ਬੈਠੇ।

ਕੌਫੀ ਵਾਲੇ ਦਾ ਬਹੁਤ ਧੰਨਵਾਦ, ਉਸ ਨੇ ਆਪਣੀ ਦੁਕਾਨ ਸਾਡੇ ਲਈ ਖੋਲ੍ਹ ਦਿਤੀ। ਉਸ ਰਾਤ ਅਸੀਂ ਦੇਖਿਆ ਕਿ ਕੁਝ ਸ਼ਿਸ਼ ਸਾਡੇ ਨਾਲ ਨਹੀਂ ਰਹੇ। ਅਸੀਂ ਅੱਗੇ ਕੁਝ ਬਣਾਉਣ ਲਈ ਗੱਲਬਾਤ ਕੀਤੀ, ਕਿਸੇ ਨੇ ਪੁਛਿਆ ਕਿ ਸਵਾਮੀ ਜੀ ਕਦ ਸਾਡੇ ਕੋਲ ਆਉਣਗੇ, ਉਨ੍ਹਾਂ ਨੂੰ ਗਿਆਂ ਐਨੀ ਦੇਰ ਹੋ ਗਈ ਹੈ। ਮੈਂ ਕਿਹਾ ਉਹ ਸਾਨੂੰ ਯਤੀਮ ਕਰਕੇ ਨਹੀਂ ਛੱਡ ਸਕਦੇ। ਡੇਵਿਚ ਬੈਕਸਟੋਰਮ ਆਪਣੀ ਗਿਟਾਰ ਛੇੜਨ ਲਗ ਪਿਆ ਤੇ ਅਸੀਂ ਸਾਰੇ ਹੀ ਉਹ ਪੁਰਾਣਾ ਗਾਣਾ ਗਾਣ ਲਗ ਪਏ - You are my Sun shine, ਸਾਡੀਆਂ ਅੱਖਾਂ 'ਚੋਂ ਅਥਰੂ ਵਗ ਟੁਰੇ ਤੇ ਅਸੀਂ ਕਿਹਾ 'ਸਾਡਾ ਸੂਰਜ ਸਾਡੇ ਤੋਂ ਨਾ ਖੋਹਵੋ।'

ਮੈਂ ਆਪਣੀ ਉਦਾਸੀ ਨੂੰ ਚੰਗੇ ਪਾਸੇ ਲਗਾਇਆ। ਮੈਂ ਇਕ ਜਗ੍ਹਾ, ਸੈਂਟਰ ਲਈ ਲੱਭਣ ਵਿਚ ਸਫਲ ਹੋ ਗਿਆ ਜਿਥੋਂ ਹਾਲ ਦੀ ਘੜੀ ਅਸੀਂ ਕੰਮ ਕਰ ਸਕੀਏ। ਯੋਗਾ ਦੀਆਂ ਕਲਾਸਾਂ Flamingu Motel ਵਿਚ ਲਗਣਗੀਆਂ। ਉਥੇ ਜੈਕੀ, ਮੈਰੀਅਨ ਇਹ ਹੱਠ ਯੋਗ ਦੀਆਂ ਕਲਾਸਾਂ ਲਗਾਉਣ ਲਗ ਪਏ। ਲਾਡ ਤੇ ਮੈਂ, ਅਸੀਂ ਧਿਆਨ ਲਗਾਉਣਾ ਦੱਸਣ ਲਗ ਪਏ ਤੇ ਯੋਗ ਫਿਲੌਸਫੀ ਤੇ ਲੈਕਚਰ ਕਰਨ ਲਗ ਪਏ। ਸਾਨੂੰ ਐਨੀ ਹੈਰਾਨੀ ਹੋਈ ਕਿ ਸ਼ਿਸ਼ ਵਧਦੇ ਹੀ ਚਲੇ ਗਏ ਤੇ ਅਸੀਂ ਆਪਣੇ ਸੂਰਜ ਦੇ ਮੁੜ ਆਉਣ ਦੀ ਉਡੀਕ ਕਰਦੇ ਰਹੇ।

---

(ਪੰਨਾ 13 ਦੀ ਬਾਕੀ)

***ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥***
***ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥***
***ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥***
***ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥***

***ਪੰਨਾ – 68***

ਐਸੇ ਹੀ ਸਹਿਜ ਅਵਸਥਾ ਵਿਚ ਵਿਚਰਦੇ ਮਹਾਂਪੁਰਸ਼ਾਂ ਦੀ ਮਿਠੀ ਯਾਦ ਵਿਚ ਲੱਖਾਂ ਦੀ ਗਿਣਤੀ ਵਿਚ ਆਪ ਜੀ ਸਮੂਹ ਪ੍ਰੇਮੀ ਦੇਸ ਪ੍ਰਦੇਸ ਤੋਂ 30, 31 ਅਕਤੂਬਰ ਅਤੇ 1, 2 ਨਵੰਬਰ 2002 ਨੂੰ ਜੁੜ ਰਹੇ ਹੋ। ਆਪ ਜੀ ਸਭਨਾਂ ਗੁਰੂ ਪਿਆਰਿਆਂ, ਵਿਦਵਾਨਾਂ, ਸੰਤਾਂ-ਸਾਧੂਆਂ ਪਾਸੋਂ ਗੁਰੂ ਜਸ ਸਰਵਣ ਕਰੋਗੇ, ਨਾਮ ਸਿਮਰਨ ਦੀਆਂ ਪਿਆਰੀਆਂ ਪ੍ਰੇਮ-ਤਰੰਗਾਂ ਮਾਣੋਗੇ ਅਤੇ ਆਪਣੇ ਮਹਿਬੂਬ ਮਹਾਂਪੁਰਸ਼ਾਂ ਨੂੰ ਆਪਣੀ ਪਿਆਰ ਸ਼ਰਧਾਂਜਲੀ ਭੇਂਟ ਕਰੋਗੇ। ਐਸੇ ਮਹਾਂਪੁਰਸ਼ ਸਾਡੇ ਸਭਨਾਂ ਦੇ ਜੀਵਨ ਦਾ ਆਦਰਸ਼ ਹਨ। ਉਨ੍ਹਾਂ ਦੇ ਪਿਆਰ ਸਦਕਾ ਸਾਨੂੰ ਸਭਨਾਂ ਨੂੰ ਗੁਰੂ-ਪਿਆਰ, ਗੁਰੂ ਜਸ, ਨਾਮ-ਜਪ-ਸਿਮਰਨ ਅਤੇ ਪਰਉਪਕਾਰ ਦੀ ਦਾਤ ਪ੍ਰਾਪਤ ਹੋਵੇ, ਐਸੀ ਸਾਡੀ ਅਰਦਾਸ ਹੈ।

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-28)*

ਸ਼ਾਨ ....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***
***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ - 1291***

***ਧਾਰਨਾ - ਜਲਿਥਲਿ ਮਹੀਅਲਿ ਭਰਿਪੁਰਿ ਲੀਣਾ,***
***ਆਪੇ ਸਰਬ ਸਮਾਣਾ ਜੀ -2, 2.***
***ਆਪੇ ਸਰਬ ਸਮਾਣਾ ਜੀ -4, 2.***
***ਜਲਿਥਲਿ ਮਹੀਅਲਿ ਭਰਿਪੁਰਿ ਲੀਣਾ,.-2.***

***ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥***
***ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ॥***
***ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥***
***ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ॥***
***ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥***
***ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥***
***ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥***
***ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥***
***ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ॥***
***ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ॥***
***ਪੰਨਾ - 596***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਥਾ ਨਿਰਾਰੀ ਰੇ -4, 2.***
***ਹਰਿ ਕੇ ਸੇਵਕ ਜੋ ਹਰਿ ਭਾਏ,........ -2.***

ਸਾਡੀਆਂ ਕਥਾਵਾਂ ਹੋਰ ਤਰ੍ਹਾਂ ਦੀਆਂ ਨੇ, ਅਸੀਂ ਦੁਨੀਆਂਦਾਰ ਬੰਦੇ ਹਾਂ, ਫਰਸ਼ ਤੇ ਰਹਿਣ ਵਾਲੇ ਹਾਂ, ਅਰਸ਼ਾਂ ਵਿਚ ਰਹਿਣ ਵਾਲਿਆਂ ਦੀਆਂ ਹੋਰ ਤਰ੍ਹਾਂ ਕਥਾਵਾਂ ਹੁੰਦੀਆਂ ਨੇ। ਸਾਡੀਆਂ ਕਥਾਵਾਂ ਰਸ ਤੋਂ ਰਹਿਤ ਹੁੰਦੀਆਂ ਨੇ, ਅਨ੍ਹੇਰੀਆਂ ਹੁੰਦੀਆਂ ਨੇ। ਉਨ੍ਹਾਂ ਦੀਆਂ ਕਥਾਵਾਂ ਰਸ ਭਰੀਆਂ ਹੁੰਦੀਆਂ ਨੇ ਤੇ ਨਿਰਾ ਹੀ ਪ੍ਰਕਾਸ਼ ਹੁੰਦਾ ਹੈ।

ਸੋ ਐਸੀ ਹੀ ਇਕ ਵਾਰਤਾ ਬਹੁਤ ਸਾਰੇ ਪ੍ਰੋਗਰਾਮਾਂ ਦੇ ਅੰਦਰ ਆਪਾਂ ਸੁਣ ਰਹੇ ਹਾਂ। ਗੁਰੂ ਅੰਗਦ ਸਾਹਿਬ ਮਹਾਰਾਜ, ਆਪ ਪੂਰਨ ਸਨ ਪਰ ਸਿੱਖੀ ਦਾ ਨਾਟਕ ਸਾਨੂੰ ਸਿਖਾਉਣ ਵਾਸਤੇ ਕਿ ਸਿੱਖੀ ਕਿਵੇਂ ਹੁੰਦੀ ਹੈ, ਇਹ ਆਪ ਨੂੰ ਕਰਨਾ ਪਿਆ।

ਸੋ ਕੱਲ੍ਹ ਆਪ ਨੇ ਸਰਵਣ ਕਰਿਆ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਜਦੋਂ ਇਹ ਦੇਖਿਆ ਕਿ ਸਾਰੀ ਜ਼ਿੰਦਗੀ ਦੇ ਪ੍ਰਚਾਰ ਦੇ ਨਾਲ, ਵੱਡੀਆਂ ਉਚੀਆਂ ਸੁਰਤਾਂ ਵਾਲੇ, ਤ੍ਰਿਕਾਲ ਦਰਸ਼ੀ ਗੁਰਸਿਖ ਸਿੱਖ ਮੰਡਲ ਵਿਚੋਂ ਆ ਗਏ ਨੇ ਤੇ ਇਕ ਤੋਂ ਇਕ ਚੜ੍ਹਦਾ ਹੈ, ਕੋਈ ਵੀ ਘੱਟ ਨਹੀਂ ਹੈ ਤਾਂ ਉਸ ਵੇਲੇ ਇਹ ਜ਼ਰੂਰੀ ਹੋ ਗਿਆ ਕਿ ਇਨ੍ਹਾਂ ਸਾਰਿਆਂ ਵਿਚੋਂ ਇਕ ਛਾਂਟਿਆ ਜਾਵੇ। ਸੋ ਆਪ ਨੇ ਲੰਗਰ ਘਟਾ ਦਿੱਤਾ, ਬਹੁਤ ਸਾਰੇ ਸਿੱਖ ਚਲੇ ਗਏ; ਫਸਲ ਨੂੰ ਅੱਗ ਲਗਵਾ ਦਿੱਤੀ ਫੇਰ ਹੋਰ ਚਲੇ ਗਏ। ਕੌਤਕ ਵਰਤਿਆ, ਆਪ ਨੇ ਕੁਤਕਾ ਹੱਥ ਵਿਚ ਲਿਆ, ਧਾਣਕ ਰੂਪ ਧਾਰਨ ਕਰਿਆ, ਸੂਰੀਆਂ ਅੱਗੇ ਲਾ ਲਈਆਂ, ਕੁੱਤੇ ਨਾਲ ਲੈ ਲਏ ਤੇ ਇਕੋ ਬਚਨ ਗਾਉਂਦੇ ਜਾਂਦੇ ਨੇ -

***ਧਾਣਕ ਰੂਪਿ ਰਹਾ ਕਰਤਾਰ॥ ਪੰਨਾ - 24***

ਜੇ ਕੋਈ ਨੇੜੇ ਆ ਕੇ ਮੱਥਾ ਟੇਕਦਾ ਹੈ ਤਾਂ ਦੋਏ ਮੋਢਿਆਂ ਤੇ ਹੱਥ ਰੱਖ ਕੇ ਪਿਛੇ ਨੂੰ ਧੱਕਾ ਮਾਰ ਦਿੰਦੇ ਨੇ ਤੇ ਨਾਲ ਕਹਿੰਦੇ ਨੇ - ਜਾਹ! ਜਾਹ!! ਗੁਰੂ-ਗੁਰੂ ਜਪ। ਨੇੜੇ ਨਹੀਂ ਕਿਸੇ ਨੂੰ ਲੱਗਣ ਦਿੰਦੇ, ਬੋਲਦੇ ਨਹੀਂ। ਰਾਵੀ ਦੇ ਕੰਢੇ ਘੁੰਮਦੇ ਰਹਿੰਦੇ ਨੇ ਸਾਰੀ ਰਾਤ। ਇਨ੍ਹਾਂ ਚੀਜ਼ਾਂ ਕਰਕੇ ਤੇ ਬਾਹਰ ਰਹਿਣ ਨਾਲ ਸ਼ੱਕ ਪੈ ਗਿਆ ਤੇ ਵੱਡਾ ਸ਼ੱਕ ਉਸ ਵੇਲੇ ਪਿਆ ਜਦੋਂ ਆਪ ਨੇ ਸ਼ਿਕਾਰੀਆਂ ਵਾਲੇ ਕੱਪੜੇ ਪਾ ਲਏ ਤੇ ਹੱਥ ਵਿਚ ਕੁਤਕਾ ਲੈ ਲਿਆ, ਕੁੱਤੇ ਨਾਲ ਲੈ ਲਏ ਤੇ ਜਿਹੜਾ ਵੀ ਨੇੜੇ ਆਉਂਦਾ ਹੈ ਉਸ ਦੇ ਕੁਤਕਾ ਮਾਰਦੇ ਨੇ। ਬਹੁਤ ਸਾਰੇ ਭੱਜ ਗਏ। ਭਾਈ ਲਹਿਣਾ ਜੀ ਜੋ ਗੁਰੂ ਮਹਾਰਾਜ ਜੀ ਦੇ ਨਾਲ ਰਹਿੰਦੇ ਨੇ, ਜਿਵੇਂ ਪਰਛਾਵਾਂ ਰਹਿੰਦਾ ਹੈ, ਉਨ੍ਹਾਂ ਨੂੰ ਵੀ ਬਹੁਤ ਕੜਕ ਕੇ ਕਿਹਾ ਕਿ ਤੂੰ ਜਾਹ, ਜਾਂਦਾ ਕਿਉਂ ਨਹੀਂ? ਆਪ ਕਹਿੰਦੇ, "ਮਹਾਰਾਜ! ਕਿਥੇ ਜਾਵਾਂ?"

ਮਹਾਰਾਜ ਜੀ ਕਹਿੰਦੇ, "ਜਾਹ! ਜਿਥੇ ਸਾਰੇ ਗਏ। ਜਾਹ! ਛੇਤੀ ਜਾਹ।"

ਉਸ ਵੇਲੇ ਖਿਆਲ ਹੋਇਆ ਕਿ ਹੁਕਮ ਮੰਨਣਾ ਹੈ। ਹੁਕਮ ਦਿੰਦੇ ਨੇ, ਚਾਹੇ ਕਿਸੇ ਵੀ ਹਾਲਤ ਵਿਚ ਨੇ, ਫੇਰ ਵੀ ਸਮਰੱਥ ਨੇ। ਸਾਂਗ ਹੈ ਇਹ ਇਨ੍ਹਾਂ ਦਾ ਬਣਾਇਆ ਹੋਇਆ ਭੁਲਾਉਣ ਵਾਸਤੇ। ਸੋ ਆਪ ਧਰਮਸ਼ਾਲਾ ਆ ਜਾਂਦੇ ਨੇ।

ਉਥੇ ਆਇਆਂ ਤੋਂ ਸਿਖ ਪੁਛਦੇ ਨੇ ਕਿ ਭਾਈ ਲਹਿਣਾ ਜੀ! ਤੁਹਾਡੇ ਨਾਲ ਕੀ ਬੀਤੀ?

ਕਹਿੰਦੇ, "ਕੁਝ ਨਹੀਂ! ਠੀਕ ਹੈ ਗੁਰੂ ਮਹਾਰਾਜ ਜੀ ਦੇ ਥਾਪੜੇ ਪਿਆਰ ਦੇ ਭਰੇ ਹੋਏ, ਤੇ ਜਲਾਲ ਦੇ ਭਰੇ ਹੋਏ ਕੁਤਕੇ ਇਕੋ ਹੀ ਰੂਪ ਹੈ, ਦੋ ਨਹੀਂ ਹਨ। ਉਹ ਵੀ ਬਖਸ਼ਿਸ਼ ਹੈ, ਇਹ ਵੀ ਬਖਸ਼ਿਸ਼ ਹੈ।"

ਕੋਈਓ ਹੈ ਜਿਹੜਾ ਇਹ ਸਮਝਦਾ ਹੈ ਕਿ ਇਹ ਵੀ ਬਖਸ਼ਿਸ਼ ਹੈ ਜੇ ਕੁਤਕਿਆਂ ਨਾਲ ਕੁੱਟੇ ਗੁਰੂ। ਕਿੰਨੀਆਂ ਹੀ ਮਿਸਾਲਾਂ ਨੇ ਐਸੀਆਂ। ਬਧੌਸ਼ੀ ਪਿੰਡ ਵਿਚ ਇਕ ਮਹਾਂਪੁਰਸ਼ ਬੀਰਮ ਦਾਸ ਜੀ ਹੋਇਆ ਕਰਦੇ ਸੀ। ਆਪ ਨਿਰਵਿਰਤੀ ਪੱਖ ਦੇ ਸੀ ਪਰ ਸੰਸਾਰ ਨਿਰਵਿਰਤੀ ਵਾਲਿਆਂ ਦਾ ਵੀ ਖਹਿੜਾ ਨਹੀਂ ਛੱਡਦਾ ਕਿਉਂ ਗਰਜ਼ਾਂ ਨੇ ਸੰਸਾਰ ਦੇ ਅੰਦਰ-ਬਿਮਾਰੀਆਂ, ਘਾਟੇ, ਲੜਾਈਆਂ, ਝਗੜੇ, ਫਸਾਦ, ਲਾਲਚ, ਬੇਅੰਤ ਕਿਸਮ ਦੇ ਵਿਘਨ। ਸੰਤ ਬੰਦਗੀ ਕਰਦੇ ਨੇ, ਉਨ੍ਹਾਂ ਦੇ ਪਾਸ ਜਾਣਾ ਸ਼ੁਰੂ ਕਰ ਦਿੰਦੇ ਨੇ। ਸੰਤ ਕਹਿੰਦੇ ਤੁਸੀਂ ਵੀ ਨਾਮ ਜਪ ਲਓ, ਤੁਸੀਂ ਏਸ ਤਰ੍ਹਾਂ ਕਰ ਲਓ ਪਰ ਆਪ ਨਾਮ ਨਹੀਂ ਜਪਣਾ, ਏਸ ਰਸਤੇ ਨਹੀਂ ਪੈਣਾ। ਉਥੇ ਜਾ ਕੇ ਕਹਿੰਦੇ ਨੇ ਕਿ ਕੋਈ ਬਚਨ ਕਰ ਦੇਣ, ਕੋਈ ਅਸ਼ੀਰਵਾਦ ਦੇ ਦੇਣ। ਸੋ ਏਸ ਤਰ੍ਹਾਂ ਉਨ੍ਹਾਂ ਦੇ ਕੋਲ ਡੰਡਾ ਹੁੰਦਾ ਸੀ। ਜੇ ਕਿਸੇ ਨੇ ਨੇੜੇ ਆਉਣਾ ਤਾਂ ਡੰਡਾ ਪਿੱਠ ਵਿਚ ਮਾਰਦੇ ਸੀ ਜੋਰ ਨਾਲ। ਆਮ ਤੌਰ ਤੇ ਦੂਰ ਰਹਿੰਦੇ ਸੀ, ਤੀਹ-ਚਾਲੀ ਫੁੱਟ ਤੇ। ਸੱਟੇ ਵਾਲੇ ਜ਼ਿਆਦਾ ਜਾਂਦੇ ਸਨ, ਉਨ੍ਹਾਂ ਨੇ ਇੱਟਾਂ ਮਾਰਨੀਆਂ, ਨਠਾਉਣੇ, ਫੇਰ ਪਰ੍ਹੇ ਜਾ ਕੇ ਬਹਿ ਜਾਣਾ ਜਿਥੇ ਇੱਟ ਨਾ ਜਾਵੇ। ਕਈ ਵਾਰੀ ਉਨ੍ਹਾਂ ਦੇ ਪਿਛੇ ਨੱਠ ਲੈਣ ਤਾਂ ਉਹ ਵੀ ਨੱਠ ਲੈਂਦੇ ਤੇ ਫੇਰ ਆ ਜਾਂਦੇ ਸਨ ਕਿ ਅੱਜ ਬਾਬਾ ਦੇਖੋ ਕੀ ਨੰਬਰ ਬੋਲਦਾ ਹੈ। ਨੰਬਰ ਕੀ ਬੋਲਣਾ, ਕੋਈ ਸਹਿਜ ਸੁਭਾਅ ਬਚਨ ਨਿਕਲ ਗਿਆ, ਓਹੀ ਜਾ ਕੇ ਦਾਓ ਤੇ ਲਾ ਦਿੰਦੇ ਸੀ ਕਿ ਅਸੀਂ ਤਾਂ ਉਥੋਂ ਸੁਣ ਕੇ ਆਏਂ ਹਾਂ ਜੀ। ਇਸ ਕਰਕੇ ਉਨ੍ਹਾਂ ਨੇ ਬਿਰਤੀ ਇਹ ਰੱਖੀ ਹੋਈ ਸੀ ਕਿ ਮਾਇਆਧਾਰੀ ਮੱਖੀਆਂ ਪਿਛੇ ਪਈਆਂ ਹੋਈਆਂ ਨੇ, ਜਿੰਨੀਆਂ ਉਡਾਈਆਂ ਜਾਣ, ਓਨਾ ਹੀ ਠੀਕ ਹੈ।

ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ – ਆਪ ਦੇ ਬੜੀ ਦੇਰ ਤੱਕ ਔਲਾਦ ਨਹੀਂ ਸੀ ਹੋਈ। ਕਿਸੇ ਨੇ ਦੱਸਿਆ ਕਿ ਬਿਧੌਸ਼ੀ ਵਾਲੇ ਸੰਤਾਂ ਕੋਲ ਜਾਓ। ਸੋ ਆਪ ਨੇ ਸੁਣਿਆ ਤੇ ਕਾਰ ਤੇ ਚੜ੍ਹ ਕੇ ਆਏ। ਨਾਲ ਦੇ ਉਨ੍ਹਾਂ ਦੇ ਵਜੀਰ, ਅਹਿਲਕਾਰ ਆਦਿ ਕਹਿੰਦੇ ਕਿ ਮਹਾਰਾਜ! ਇਥੇ ਹੀ ਗੱਡੀ ਖੜ੍ਹਾਅ ਦਿਓ। ਇਥੋਂ ਪੈਦਲ ਚੱਲ ਕੇ ਜਾਓ। ਇਕ ਵੱਡਾ ਸਾਰਾ ਖੇਤ ਵਾਹਿਆ ਹੋਇਆ ਸੀ ਤੇ ਬੜੇ ਡਲੇ ਉਠੇ ਹੋਏ ਸੀ, ਡਾਕਰ ਖੇਤ ਸੀ ਉਸ ਦੇ ਵਿਚ ਸੰਤ ਆ ਕੇ ਬੈਠ ਗਏ। ਇਹ ਨੰਗੇ ਪੈਰੀਂ ਕਦੇ ਤੁਰਿਆ ਨਹੀਂ ਸੀ, ਡਲਿਆਂ ਤੇ ਤੁਰਨਾ ਨਹੀਂ ਸੀ ਆਉਂਦਾ ਤੇ ਬੜੀ ਮੁਸ਼ਕਲ ਦੇ ਨਾਲ ਗਿਰਦਾ-ਢਹਿੰਦਾ ਉਥੇ ਪਹੁੰਚਿਆ। ਉਸ ਦਿਨ ਉਨ੍ਹਾਂ ਨੇ ਕਿਹਾ ਕਿ ਅੱਜ ਛੋਟੀ ਸੋਟੀ ਨਾ ਲਿਆਇਓ, ਵੱਡਾ ਬਾਂਸ ਲਿਆਇਓ। ਜਦੋਂ ਉਹ ਆਇਆ ਤੇ ਦੂਰੋਂ ਮੱਥਾ ਟੇਕਿਆ ਤਾਂ ਸੰਤਾਂ ਨੇ ਬਾਂਸ ਮਾਰਿਆ ਜੋਰ ਦੀ। ਇਸ ਨੂੰ ਕਹਿ ਦਿੱਤਾ ਕਿ ਮਹਾਰਾਜ! ਤੁਸੀਂ ਉਸੇ ਤਰ੍ਹਾਂ ਰਹਿਓ। ਉਹ ਜਦੋਂ ਆਪੇ ਹੀ ਖੁਸ਼ੀ ਨਾਲ ਤੁਹਾਨੂੰ ਕਹਿਣ ਕਿ ਜਾਹ! ਨੱਠ ਜਾਹ, ਫੇਰ ਉਠਿਓ ਕਿਉਂਕਿ ਜਿਹੜੇ ਵਿਚੋਲੇ ਹੁੰਦੇ ਨੇ ਇਹ ਵੱਡੇ-ਵੱਡੇ ਕੰਮ ਕਰਾ ਦਿੰਦੇ ਨੇ ਸੰਤਾਂ ਤੋਂ। ਸੰਤ ਵਿਚੋਲਾ ਜਿਹੜਾ ਹੁੰਦਾ ਹੈ, ਵਾਹਿਗੁਰੂ ਰੂਪ-ਰੰਗ, ਰੇਖ ਭੇਖ ਤੋਂ ਨਿਆਰਾ ਜਿਹੜਾ ਕਿਸੇ ਨੂੰ ਦਿਸਦਾ ਨਹੀਂ ਹੈ – ਹਰ ਥਾਂ ਹੁੰਦਾ ਹੋਇਆ, ਇਹ ਵਿਚੋਲੇ ਮਿਲਾ ਦਿੰਦੇ ਹੁੰਦੇ ਨੇ ਉਸ ਨੂੰ ਵੀ, ਪ੍ਰਗਟ ਕਰਾ ਦਿੰਦੇ ਨੇ। ਸੋ ਕਹਿਣ ਲੱਗੇ ਕਿ ਉਠਿਓ ਨਾ। ਇਕ ਬਾਂਸ ਮਾਰਿਆ, ਦੋ ਮਾਰੇ; ਗਿਣਦੇ ਜਾਂਦੇ ਨੇ। ਜਦੋਂ ਬਾਰਾਂ-ਤੇਰਾਂ ਲੱਗੇ ਤਾਂ ਕਹਿੰਦੇ ਕਿ ਹੁਣ ਤੂੰ ਬੱਸ ਹੀ ਨਹੀਂ ਕਰਨੀ? ਨੱਠ ਜਾਹ ਇਥੋਂ। ਨਮਸ਼ਕਾਰ ਕਰੀ, ਦੋਏ ਹੱਥ ਜੋੜੇ, ਤੁਰ ਆਏ।

ਸੋ ਭਾਈ ਲਹਿਣਾ ਜੀ ਦਸਦੇ ਨੇ ਸੰਗਤਾਂ ਨੂੰ ਕਿ ਪ੍ਰੇਮੀਓ! ਸਾਰੀ ਜ਼ਿੰਦਗੀ ਆਪਾਂ ਇਨ੍ਹਾਂ ਦੇ ਪਿਆਰ ਥਾਪੜੇ ਲੈਂਦੇ ਰਹੇ ਤੇ ਇਨ੍ਹਾਂ ਦੇ ਜਲਾਲ ਦੇ ਨਾਲ ਰੋਸ਼ਨੀ ਦਾ ਆਨੰਦ ਮਾਣਦੇ ਰਹੇ, ਰਸ ਦਾ ਅਨੰਦ ਮਾਣਦੇ ਰਹੇ। ਹੁਣ ਜਲਾਲ ਦੇ ਕੁਤਕੇ ਵੀ ਖਾਓ। ਉਹ ਵੀ ਕੋਈ ਬੁਰੀ ਬਾਤ ਨਹੀਂ ਹੈ। ਡੰਡਾ ਐਨੇ ਜੋਰ ਨਾਲ ਵੱਜਦਾ ਹੈ, ਸਹਿ ਨਹੀਂ ਹੁੰਦਾ, ਬੜਾ ਮੁਸ਼ਕਲ ਹੈ। ਸੋ ਆਪ ਸਾਰਿਆਂ ਨੂੰ ਬਾਰ-ਬਾਰ ਦਿਲਾਸਾ ਦਿੰਦੇ ਨੇ ਕਿ ਇਹ ਗੁਰੂ ਦਾ ਸਾਂਗ ਹੈ, ਭਰਮਣਾ ਨਹੀਂ ਚਾਹੀਦਾ।

ਕੱਲ੍ਹ ਬੜੀ ਲੰਮੀ ਵਿਚਾਰ ਹੋਈ ਸੀ ਕਿ ਜਦੋਂ ਗੁਰੂ ਕਸਵੱਟੀ ਲਾ ਦਿੰਦਾ ਹੈ ਫੇਰ ਸਿੱਖ ਦੇ ਵਾਸਤੇ ਹੱਦ ਤੋਂ ਜ਼ਿਆਦਾ ਮੁਸ਼ਕਲ ਹੋ ਜਾਂਦੀ ਹੈ ਕਿ ਸਹਿ ਲਵੇ। ਬੜਾ ਮੁਸ਼ਕਲ ਹੈ ਸਾਧ ਸੰਗਤ ਜੀ! ਨਾ ਸੰਤਾਂ ਦੀ ਕਸਵੱਟੀ ਸਹੀ ਜਾਂਦੀ ਹੈ ਤੇ ਨਾ ਗੁਰੂ ਦੀ ਕਸਵੱਟੀ ਕਿਉਂਕਿ ਦੋਏ ਬੇਲਾਗ ਹੁੰਦੇ ਨੇ, ਇਨ੍ਹਾਂ ਨੂੰ ਇਹ ਨਹੀਂ ਹੁੰਦਾ ਕਿ ਕੋਈ ਆਵੇ।

ਕਬੀਰ ਸਾਹਿਬ ਨੇ ਇਕ ਵਾਰੀ ਸੰਗਤ ਤੇ ਕਸਵੱਟੀ ਲਾਈ। ਬਹੁਤੇ ਇਕੱਠ ਹੋਣ ਲੱਗ ਗਏ। ਆਪ ਨੇ ਸੋਚਿਆ ਕਿ ਇਉਂ ਤਾਂ ਨਹੀਂ ਜਾਂਦੇ, ਕਸਵੱਟੀ ਲਾਈ ਜਾਵੇ। ਸੋ ਇਕ ਵੇਸਵਾ ਸੀ ਉਸੇ ਸ਼ਹਿਰ ਵਿਚ। ਉਹ ਆਪ ਦੇ ਉਪਦੇਸ਼ ਨਾਲ ਉਚੇ ਜੀਵਨ ਵਾਲੀ ਹੋ ਗਈ ਪਰ ਲੋਕਾਂ ਦੀ ਨਿਗ੍ਹਾ ਉਸ ਦੇ ਉਤੇ ਇਹੀ ਸੀ ਕਿ ਇਹ ਵੇਸਵਾ ਹੈ, ਅੰਦਰ ਦੀ ਅਵਸਥਾ ਨਹੀਂ ਸੀ ਜਾਣਦੇ।

ਕਬੀਰ ਸਾਹਿਬ ਨੇ ਇਕ ਦਿਨ ਉਸ ਨੂੰ ਨਾਲ ਲਿਆ ਤੇ ਇਕ ਹੱਥ ਵਿਚ ਰੰਗੀਨ ਪਾਣੀ ਦੀ ਬੋਤਲ, ਸ਼ਰਾਬ ਵਰਗੀ ਲੈ ਲਈ ਤੇ ਥੋੜ੍ਹੀ-ਥੋੜ੍ਹੀ ਦੇਰ ਬਾਅਦ ਮੂੰਹ ਨੂੰ ਲਾ ਲੈਂਦੇ ਨੇ ਤੇ ਰੌਲਾ ਪਾਉਂਦੇ ਹੋਏ ਜਾਂਦੇ ਨੇ। ਸਾਰੇ ਸ਼ਹਿਰ ਵਿਚ ਦੀ ਲੰਘ ਗਏ। ਜਿੰਨੇ ਕੱਚੇ ਸੇਵਕ ਸੀ, ਸਭ ਕਹਿਣ ਲੱਗੇ ਕਿ ਕਬੀਰ ਸਾਹਿਬ ਨੂੰ ਇਹ ਕੀ ਹੋ ਗਿਆ? ਇਨ੍ਹਾਂ ਦਾ ਇਕ ਸੇਵਕ ਸ਼ਹਿਰ ਦਾ ਰਾਜਾ ਵੀ ਸੀ, ਉਸ ਦੇ ਮਹਿਲਾਂ (ਮਹੱਲਾਂ) ਵੱਲ ਚਲੇ ਗਏ। ਰਾਜੇ ਨੇ ਦੂਰੋਂ ਦੇਖਿਆ ਕਿ ਗੁਰੂ ਜੀ ਆ ਰਹੇ ਨੇ। ਰਾਣੀ ਨੂੰ ਬੁਲਾਇਆ ਕਹਿੰਦੇ, ਆਹ ਕੀ ਹੋ ਗਿਆ ਇਨ੍ਹਾਂ ਨੂੰ?"

ਕਹਿੰਦੀ, "ਮਹਾਰਾਜ! ਇਨ੍ਹਾਂ ਦਾ ਕੋਈ ਕੌਤਕ ਹੋਣਾ ਹੈ।"

ਕਹਿੰਦਾ, ਕੌਤਕ ਨਹੀਂ! ਮੈਨੂੰ ਦੱਸ ਗਏ ਨੇ ਕਿ ਕਬੀਰ ਸਾਹਿਬ ਅੱਜ ਪਤਾ ਨਹੀਂ ਕੀ ਹੋ ਗਿਆ, ਵੇਸਵਾ ਨੂੰ ਨਾਲ ਲਿਆ ਹੋਇਆ ਹੈ, ਸ਼ਰਾਬ ਦੀ ਬੋਤਲ ਮੂੰਹ ਨੂੰ ਲਾਉਂਦੇ ਨੇ ਤੇ ਰੌਲਾ ਪਾਉਂਦੇ ਜਾਂਦੇ ਨੇ।"

ਰਾਣੀ ਕਹਿੰਦੀ, "ਤੁਸੀਂ ਸਿਦਕ ਵਿਚ ਰਹੋ।"

ਕਹਿੰਦਾ, "ਕਾਹਦਾ ਸਿਦਕ ਰੱਖਾਂ। ਇਹ ਜੁਲਾਹਾ ਸੀ, ਜੁਲਾਹੇ ਦਾ ਜੁਲਾਹਾ ਹੀ ਰਿਹਾ; ਓਹੀ ਕੰਮ ਕਰ ਦਿੱਤਾ। ਮੈਂ ਤਾਂ ਸਮਝਿਆ ਸੀ ਕਿ ਬਹੁਤ ਵੱਡਾ ਹੈ।"

ਰਾਣੀ ਬਾਰ-ਬਾਰ ਸਮਝਾਉਂਦੀ ਹੈ ਕਿ ਨਾ ਮਹਾਰਾਜ! ਗੁਰੂ ਦੇ ਉਤੇ ਤਰਕ ਨਹੀਂ ਕਰੀਦੀ, ਸੰਤ ਉਤੇ ਤਰਕ ਕਰੇ ਤੇ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ। ਇਕ ਕਲਾ ਬੈਰਾਗ ਦੀ ਕਈ ਜਨਮਾਂ ਦੇ ਵਿਚ ਪ੍ਰਾਪਤ ਹੁੰਦੀ ਹੈ। ਰੂਹਾਨੀ ਜੀਵਨ ਬਿਲਕੁਲ ਖਤਮ ਹੋ ਜਾਇਆ ਕਰਦਾ ਹੈ। ਜੇ ਗੁਰੂ ਤੇ ਤਰਕ ਕਰ ਦਿਓ ਤਾਂ ਸਾਰਾ ਜੀਵਨ ਖਤਮ ਹੋ ਜਾਂਦਾ ਤੇ ਕਈ ਜੀਵਨ ਉਸ ਦੇ ਭ੍ਰਿਸ਼ਟੇ ਜਾਂਦੇ ਨੇ ਪਰ ਰਾਜੇ ਦੇ ਮਨ ਵਿਚ ਤਰਕ ਹੈ।

ਕਬੀਰ ਸਾਹਿਬ ਨੇੜੇ ਨੂੰ ਉਸੇ ਤਰ੍ਹਾਂ ਆਉਂਦੇ ਨੇ ਲਟਬੌਰਿਆਂ ਵਾਂਗੂ, ਪੈਰ ਮਸਾਂ ਲਗਦਾ ਹੈ ਧਰਤੀ ਤੇ, ਰੌਲਾ ਪਾਉਂਦੇ ਆਉਂਦੇ ਨੇ। ਰਾਜਾ ਉਠ ਕੇ ਖੜ੍ਹਾ ਨਹੀਂ ਹੋਇਆ। ਰਾਜੇ ਦੀਆਂ ਭਵਾਂ ਚੜ੍ਹੀਆਂ ਹੋਈਆਂ ਨੇ, ਮੱਥੇ ਵਿਚ ਤਿਉੜੀ ਪਈ ਹੋਈ ਹੈ ਤੇ ਬੁਲ੍ਹ ਦੰਦਾਂ ਵਿਚ ਲੈ ਕੇ ਟੁਕਦਾ ਹੈ ਕਿ ਮੈਂ ਸਭ ਕੁਝ ਬੋਲ ਦੇਵਾਂ ਪਰ ਫੇਰ ਸੋਚਦਾ ਹੈ, ਕੁਝ ਦਿਮਾਗ ਕੰਮ ਕਰ ਰਿਹਾ ਹੈ। ਕਬੀਰ ਸਾਹਿਬ ਨੇ ਰਾਜੇ ਦੇ ਗਲੀਚੇ ਤੇ ਬੋਤਲ ਡੋਲ੍ਹ ਦਿੱਤੀ। ਹਵਾ ਦੇ ਨਾਲ ਸ਼ਰਾਬ ਵਰਗਾ ਮੁਸ਼ਕ ਆਇਆ।

ਰਾਜਾ ਕਹਿਣ ਲੱਗਿਆ, "ਕਬੀਰ! ਆਹ ਕੀ ਕਰਿਆ ਤੂੰ? ਮੇਰਾ ਐਡਾ ਕੀਮਤੀ ਗਲੀਚਾ ਖਰਾਬ ਕਰ ਦਿੱਤਾ।"

ਕਬੀਰ ਸਾਹਿਬ ਕਹਿੰਦੇ, "ਤੇਰਾ ਗਲੀਚਾ ਖਰਾਬ ਨਹੀਂ ਹੋਇਆ, ਅਸੀਂ ਤਾਂ ਜਗਨਨਾਥ ਪੁਰੀ ਦੇ ਮੰਦਰ ਦੀ ਅੱਗ ਬੁਝਾਈ ਹੈ।"

ਰਾਣੀ ਨੇ ਸਮਝਾਇਆ ਰਾਜੇ ਨੂੰ ਕਿ ਮਹਾਰਾਜ! ਜੇ ਕੋਈ ਬਚਨ ਕਰਨਾ ਹੋਵੇ ਤਾਂ ਪਹਿਲਾਂ ਵਿਚਾਰ ਜ਼ਰੂਰੀ ਹੁੰਦੀ ਹੈ, ਵਿਚਾਰ ਤੋਂ ਬਗੈਰ ਬਚਨ ਨਹੀਂ ਕਰਨਾ ਚਾਹੀਦਾ। ਸੋ ਇਨ੍ਹਾਂ ਦੇ ਮੁਖ ਤੋਂ ਇਹ ਫੁਰਮਾਨ ਹੋਇਆ ਹੈ ਕਿ ਮੰਦਰ ਦੀ ਅੱਗ ਬੁਝਾਈ ਹੈ, ਪਹਿਲਾਂ ਤੁਸੀਂ ਪਤਾ ਕਰ ਲਓ, ਬਾਕੀ ਗੱਲਾਂ ਫੇਰ ਕਰ ਲਿਉ।

ਸੋ ਕਬੀਰ ਸਾਹਿਬ ਐਨਾ ਕਹਿ ਕੇ ਵਾਪਸ ਚਲੇ ਜਾਂਦੇ ਨੇ ਤੇ ਰਾਜੇ ਨੇ ਘੋੜ-ਸਵਾਰ ਭੇਜਿਆ ਤੇ ਮੰਦਰ ਵਿਚ ਜਾ ਕੇ ਪਤਾ ਕਰਵਾਇਆ। ਉਹ ਕਹਿੰਦੇ ਕਿ ਹੁਣੇ ਹੀ ਥੋੜ੍ਹੀ ਦੇਰ ਪਹਿਲਾਂ ਅਚਾਨਕ ਅੱਗ ਲੱਗ ਗਈ ਸੀ ਮੰਦਰ ਨੂੰ, ਤੇ ਕੋਈ ਆਸ ਨਹੀਂ ਸੀ ਕਿ ਇਹ ਬੁਝ ਜਾਏਗੀ ਪਰ ਪਤਾ ਨਹੀਂ ਕੀ ਹੋਇਆ, ਪ੍ਰਮੇਸ਼ਰ ਦੀ ਐਸੀ ਕਿਰਪਾ ਹੋਈ ਕਿ ਅਚਾਨਕ ਹੀ ਅੱਗ ਬੁਝ ਗਈ।

ਉਸ ਵੇਲੇ ਰਾਜਾ ਬੜਾ ਪਛਤਾਇਆ ਕਿ ਮੈਂ ਆਪਣੇ ਗੁਰੂ ਨੂੰ ਕਿੰਨੀਆਂ ਮਾੜੀਆਂ ਗੱਲਾਂ ਕਹਿ ਦਿੱਤੀਆਂ ਤੇ ਮੇਰੇ ਮਨ ਵਿਚ ਕਿੰਨੀ ਘਿਰਣਾ ਉਨ੍ਹਾਂ ਵਾਸਤੇ ਪੈਦਾ ਹੋਈ। ਸੋ ਕਸਵੱਟੀ ਨਾ ਸਹਿ ਸਕਿਆ।

ਸੋ ਏਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਕਹਿੰਦੇ ਨੇ ਕਿ ਗੁਰਸਿਖੋ! ਇਹ ਗੁਰੂ ਦਾ ਸਾਂਗ ਹੈ। ਨਾ ਘਬਰਾਓ, ਸਿਦਕ ਵਿਚ ਰਹੋ। ਕੋਈ ਵਿਰਲਾ ਹੀ ਹੈ ਜਿਹੜਾ ਕਸਵੱਟੀ ਸਹਿ ਸਕਦਾ ਹੈ ਸਾਰਿਆਂ ਦਾ ਕੰਮ ਨਹੀਂ ਹੁੰਦਾ, ਬਹੁਤ ਮੁਸ਼ਕਲ ਹੈ। ਕੋਈ ਵੀ ਸੰਤ ਜੇ ਭੀੜਾਂ ਨੂੰ ਦੂਰ ਕਰਨਾ ਚਾਹੇ ਤਾਂ ਮਾਮੂਲੀ ਜਿਹੀ ਗੱਲ ਹੁੰਦੀ ਹੈ ਉਨ੍ਹਾਂ ਵਾਸਤੇ, ਸਾਰੀਆਂ ਸੰਗਤਾਂ ਪਾਸੇ ਹਟ ਜਾਇਆ ਕਰਦੀਆਂ ਨੇ, ਕੋਈਓ ਰਹਿ ਜਾਂਦਾ ਹੈ ਵੱਡੇ ਦਿਲ ਵਾਲਾ, ਹੋਰ ਨਹੀਂ ਰਿਹਾ ਕਰਦਾ।

ਸੋ ਦੇਖਦੇ-ਦੇਖਦੇ ਗੁਰੂ ਨਾਨਕ ਸਾਹਿਬ ਓਥੇ ਵੀ ਆ ਗਏ - ਧਰਮਸ਼ਾਲਾ ਵਿਚ, ਤੇ ਆਉਂਦੇ ਹੀ ਕਹਿੰਦੇ, "ਤੁਸੀਂ ਇਥੇ ਕੀ ਕਰਦੇ ਹੋ? ਤੁਸੀਂ ਜਾਂਦੇ ਕਿਉਂ ਨਹੀਂ? ਮੈਂ ਜਦੋਂ ਤੁਹਾਨੂੰ ਕਹਿੰਦਾ ਹਾਂ ਚਲੇ ਜਾਓ।"

ਨੱਠ ਕੇ ਜਾ ਕੇ ਇਕ ਦੇ ਕੁਤਕਾ ਮਾਰਦੇ ਨੇ, ਬਾਕੀ ਸਭ ਨੱਠ ਲੈਂਦੇ ਨੇ, ਕੋਈ ਏਧਰ ਨੂੰ ਜਾਂਦਾ ਹੈ ਕੋਈ ਓਧਰ ਨੂੰ ਜਾਂਦਾ ਹੈ। ਜਿਹੜੇ ਸਿਦਕੀ ਸਿੱਖ ਸਨ ਉਹ ਖੜ੍ਹੇ ਨੇ। ਮਹਾਰਾਜ ਜੀ ਉਨ੍ਹਾਂ ਦੇ ਵੀ ਮਾਰੀ ਜਾਂਦੇ ਨੇ ਤੇ ਕਹਿੰਦੇ ਤੁਸੀਂ ਜਾਂਦੇ ਕਿਉਂ ਨਹੀਂ? ਕੋਈ ਜਵਾਬ ਨਹੀਂ ਹੈ। ਉਸ ਤੋਂ ਬਾਅਦ ਮਹਾਰਾਜ ਫੇਰ ਮੁੜ ਕੇ ਜੰਗਲ ਵੱਲ ਨੂੰ ਚੱਲ ਪਏ। ਚਲਦਿਆਂ-ਚਲਦਿਆਂ ਫੇਰ ਕਾਫੀ ਭੀੜ ਨਾਲ ਤੁਰ ਪਈ ਕਿ ਕਿੱਧਰ ਨੂੰ ਜਾਂਦੇ ਨੇ ਦੇਖੀਏ ਤਾਂ ਸਹੀ। ਅੱਗੇ ਕੀ ਦੇਖਦੇ ਨੇ ਕਿ ਧਰਤੀ ਦੇ ਉਤੇ ਲੱਖਾਂ ਦੀ ਤਾਦਾਦ ਵਿਚ ਰੁਪਈਏ ਡਿੱਗੇ ਪਏ ਨੇ। ਉਹ ਚੁਕਣੇ ਸ਼ੁਰੂ ਕਰ ਦਿੱਤੇ, ਗਠੜੀਆਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ, ਬਹੁਤ ਸਾਰੇ ਉਥੇ ਹੀ ਰੁਝ ਗਏ, ਕੁਝ ਥੋੜ੍ਹੇ ਜਿਹੇ ਅੱਗੇ ਗਏ। ਅੱਗੇ ਜਾ ਕੇ ਕੀ ਦੇਖਦੇ ਨੇ ਕਿ ਮੋਹਰਾਂ ਹੀ ਮੋਹਰਾਂ ਪਈਆਂ ਨੇ। ਜਿਹੜੇ ਰੁਪਈਆਂ ਤੇ ਨਹੀਂ ਸੀ ਗਿਰੇ, ਉਹ ਮੋਹਰਾਂ ਉਤੇ ਗਿਰ ਗਏ। ਉਸ ਤੋਂ ਅੱਗੇ ਚਲੇ ਗਏ। ਉਥੇ ਹੀਰੇ ਜਵਾਹਰਾਤ ਬੇਅੰਤ ਪਏ ਨੇ। ਕਹਿਣ ਲੱਗੇ ਪਹਿਲਾਂ ਰੁਪਈਏ ਆਏ, ਫੇਰ ਮੋਹਰਾਂ ਆਈਆਂ, ਹੁਣ ਹੀਰੇ ਆਏ; ਸਾਰੇ ਚੁੱਕਣ ਲੱਗ ਗਏ। ਗੁਰੂ ਮਹਾਰਾਜ ਜੀ ਉਸੇ ਤੇਜੀ ਨਾਲ ਜਾ ਰਹੇ ਨੇ, ਨਾਲ ਸਿਰਫ ਤਿੰਨ ਰਹਿ ਗਏ ਜਿਹੜੇ ਮਹਾਰਾਜ ਜੀ ਦੇ ਪਿਛੇ ਪਿਛੇ ਉਸੇ ਤਰ੍ਹਾਂ ਜਾਂਦੇ ਨੇ। ਮਹਾਰਾਜ ਜੀ ਪਿਛੇ ਮੁੜ ਕੇ ਕੁਤਕੇ ਮਾਰਦੇ ਨੇ, ਰੁਕ ਕੇ ਖੜ੍ਹ ਜਾਂਦੇ ਨੇ; ਜਦੋਂ ਚਲਦੇ ਨੇ, ਫੇਰ ਪਿਛੇ ਚੱਲ ਪੈਂਦੇ ਨੇ। ਬਾਕੀਆਂ ਤੇ, ਸਾਧ ਸੰਗਤ ਜੀ! ਮਾਇਆ ਦਾ ਅਸਰ ਹੋ ਗਿਆ। ਇਸ ਮਾਇਆ ਨੇ ਸਾਰਾ ਹੀ ਸੰਸਾਰ ਮੋਹਿਆ ਹੋਇਆ ਹੈ - ਇਕ ਦੋ ਚਾਰ ਨਹੀਂ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਇਸ ਮਾਇਆ ਮੋਹਣੀ ਨੇ,***
***ਪਿਆਰਿਓ, ਮੋਹ ਲਿਆ ਜੱਗ ਸਾਰਾ -2, 2.***
***ਮੋਹ ਲਿਆ ਜਗ ਸਾਰਾ ਪਿਆਰੇ -2, 2.***
***ਇਸ ਮਾਇਆ ਮੋਹਣੀ ਨੇ,....... -2.***

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥***
***ਪੰਨਾ - 643***

ਵੱਡੇ ਵੱਡੇ ਸੰਸਾਰ ਵਿਚ ਹੋਏ ਨੇ ਜਿਨ੍ਹਾਂ ਨੇ ਇਹ ਦਾਵਾ ਕਰ ਦਿੱਤਾ ਸੀ ਕਿ ਸਾਨੂੰ ਗਿਆਨ ਹੋ ਗਿਆ,

ਅਸੀਂ ਨਹੀਂ ਹੁਣ ਮੋਹੇ ਜਾ ਸਕਦੇ। ਵੇਦ-ਵਿਆਸ ਜੀ ਦਾ ਇਕ ਚੇਲਾ ਸੀ ਜਿਸ ਦਾ ਨਾਂ ਜੈਮਿਨੀ ਸੀ। ਇਸ ਨੇ ਛੇ ਸਾਸ਼ਤਰਾਂ ਦੇ ਵਿਚੋਂ ਇਕ 'ਨਿਆਏ ਸਾਸ਼ਤਰ' ਬਣਾਇਆ ਹੈ। ਉਸ ਦੇ ਵਿਚ ਇਹ ਲਿਖ ਦਿੱਤਾ ਕਿ ਜਿਸ ਵਕਤ ਆਦਮੀ ਨੂੰ ਗਿਆਨ ਹੋ ਜਾਵੇ, ਫੇਰ ਇਹ ਮਾਇਆ ਤੋਂ ਮੋਹਿਆ ਨਹੀਂ ਜਾ ਸਕਦਾ। ਮਾਇਆ ਦਾ ਇਕ ਰੂਪ ਤਾਂ ਹੈ ਨਹੀਂ, ਜਿੰਨਾ ਦੇਖਦੇ ਹੋ ਤੁਸੀਂ ਇਹ ਸਭ ਮਾਇਆ ਹੈ। ਜਿਹੜੀ ਚੀਜ਼ ਦਾ ਨਾਂ ਹੈ, ਰੂਪ ਹੈ, ਉਹ ਮਾਇਆ ਹੀ ਹੈ। ਨਾਮ ਤਾਂ ਵਾਹਿਗੁਰੂ ਦਾ ਵੀ ਹੈ ਪਰ ਅਸਲ ਨਾਮ ਕੋਈ ਨਹੀਂ ਹੈ ਉਸ ਦਾ, ਉਹ ਅਨਾਮ ਹੈ ਉਹ। ਸਾਰਿਆਂ ਨਾਵਾਂ ਦਾ ਅਧਾਰ ਹੁੰਦਾ ਹੈ, ਉਥੇ ਮਾਇਆ ਨਹੀਂ ਹੈ। ਜਿਹੜੇ ਉਸ ਅਧਾਰ ਹੁੰਦਾ ਦੇ ਉਤੇ ਹਨ ਉਨ੍ਹਾਂ ਸਾਰਿਆਂ ਨੂੰ ਮਾਇਆ ਕਹਿੰਦੇ ਨੇ। ਪੁੱਤਰ ਵੀ ਮਾਇਆ, ਪੈਸਾ ਵੀ, ਮਕਾਨ ਵੀ, ਆਪਣਾ ਸਰੀਰ ਵੀ, ਇਸਤਰੀ ਵੀ ਤੇ ਪੁਰਸ਼ ਵੀ, ਇਹ ਸਭ ਮਾਇਆ ਹੀ ਮਾਇਆ ਹੈ। ਅਹੁਦੇ ਵੀ ਮਾਇਆ, ਉਸਤਤ ਵੀ ਮਾਇਆ ਹੈ। ਇਹ ਚੀਜ਼ਾਂ ਬੰਦੇ ਨੂੰ ਮੋਂਹਦੀਆਂ ਨੇ, ਨਿਕਲਣ ਨਹੀਂ ਦਿੰਦੀਆਂ। ਐਸੀ ਜਬਰਦਸਤ ਇਨ੍ਹਾਂ ਵਿਚ ਤਾਕਤ ਹੈ ਕਿ ਉਹ ਨਿਕਲਣ ਨਹੀਂ ਦਿੰਦੀਆਂ, ਘੁੰਮਣ ਘੇਰੀ ਵਿਚ ਪਾ ਲੈਂਦੀਆਂ ਹਨ ਤੇ ਨਿਕਲੇ ਹੋਇਆਂ ਨੂੰ ਫੇਰ ਸੁੱਟ ਲੈਂਦੀਆਂ ਨੇ।

ਜੈਮਿਨੀ ਗ੍ਰੰਥ ਪੂਰਾ ਕਰਕੇ ਵਿਆਸ ਜੀ ਦੇ ਪਾਸ ਲੈ ਗਿਆ, ਉਹ ਬੜੇ ਅਨੁਭਵੀ ਮਹਾਂਪੁਰਸ਼ ਸਨ। ਉਹ ਕਾਰਕ ਨੇ ਸਾਧ ਸੰਗਤ ਜੀ। ਜਿਹੜਾ ਕਾਰਕ ਹੁੰਦਾ ਹੈ, ਚਾਰ ਅਰਬ ਬੱਤੀ ਕਰੋੜ ਸਾਲ ਦੀ ਉਮਰ ਭੋਗਿਆ ਕਰਦਾ ਹੈ। ਬ੍ਰਹਮਗਿਆਨੀ ਹੋਰ ਹੁੰਦਾ ਹੈ। ਬ੍ਰਹਮ ਗਿਆਨੀ ਬਹੁਤ ਉਚਾ ਹੁੰਦਾ ਹੈ, ਕਾਰਕ ਹੇਠਾਂ ਹੋਇਆ ਕਰਦਾ ਹੈ। ਉਹ ਬਦੇਹ-ਮੁਕਤਿ ਨਹੀਂ ਹੋਇਆ ਕਰਦਾ। ਮੁਕਤ ਤਾਂ ਹੁੰਦਾ ਹੈ ਉਹ, ਪਰ ਹੇਠਲੇ ਦਰਜੇ ਦੀ ਮੁਕਤੀ ਉਸ ਦੇ ਕੋਲ ਹੁੰਦੀ ਹੈ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਪੰਨਾ - 273***

ਸੋ ਏਸ ਤਰ੍ਹਾਂ ਦੇ ਨਾਲ ਵੇਦ ਵਿਆਸ ਜੀ ਨੂੰ ਪੜ੍ਹਾਇਆ ਤੇ ਜਦੋਂ ਉਨ੍ਹਾਂ ਨੇ ਉਹ ਸੂਤਰ ਪੜ੍ਹਿਆ ਤਾਂ ਕਹਿਣ ਲੱਗੇ, "ਜੈਮਿਨੀ ਜੀ! ਆਹ ਕੱਟ ਦਿਓ ਕਿਉਂਕਿ ਜਿਤਨਾ ਪਰਮੇਸ਼ਰ ਤਕੜਾ ਹੈ, ਓਡੀ ਹੀ ਉਸ ਦੀ ਮਾਇਆ ਤਕੜੀ ਹੈ।"

ਕਹਿੰਦਾ, "ਨਹੀਂ ਜੀ! ਇਹ ਹੋ ਹੀ ਨਹੀਂ ਸਕਦਾ, ਜਦੋਂ ਦਾਣੇ ਭੁੱਜ ਜਾਣ ਤਾਂ ਹਰੇ ਨਹੀਂ ਹੋ ਸਕਦੇ।"

ਉਹ ਕਹਿੰਦੇ, "ਇਹ ਬਾਤ ਨਹੀਂ ਹੈ, ਮਾਇਆ ਵਿਚ ਐਨੀ ਸ਼ਕਤੀ ਹੈ ਕਿ ਭੁੱਜੇ ਦਾਣੇ ਵੀ ਹਰੇ ਕਰ ਦਿੰਦੀ ਹੈ।"

ਦੋਹਾਂ ਦਾ ਤਕਰਾਰ ਹੋ ਗਿਆ। ਵਿਆਸ ਜੀ ਨੇ ਸੋਚਿਆ ਕਿ ਇਹ ਏਸ ਤਰ੍ਹਾਂ ਨਹੀਂ ਸਮਝਦਾ, ਇਸ ਦੇ ਉਤੇ ਕਸਵੱਟੀ ਲਾਈਏ ਫੇਰ ਇਹ ਸਮਝੇਗਾ। ਸੋ ਐਸਾ ਮਾਇਆ ਦਾ ਜਾਲ ਰਚ ਦਿੱਤਾ ਆਪ ਨੇ ਕਿ ਸ਼ਾਮ ਹੋ ਗਈ, ਜੰਗਲ ਵਿਚ ਇਕ ਬੀਬੀ ਦੇ ਰੋਣ ਦੀ ਆਵਾਜ਼ ਆ ਰਹੀ ਹੈ, ਬੜੀ ਦਰਦਨਾਕ ਆਵਾਜ਼ ਹੈ, ਕੋਈ ਨਹੀਂ ਹੈ ਉਸ ਦੇ ਕੋਲ। ਜੈਮਿਨੀ ਆਪਣੇ ਆਸ਼ਰਮ ਵਿਚ ਰਹਿੰਦਾ ਹੈ। ਇਸ ਨੇ ਉਸ ਦੀ ਆਵਾਜ਼ ਸੁਣੀ, ਦਿਲ ਵਿਚ ਆਇਆ ਕਿ ਇਸ ਦੇ ਕੰਮ ਆਉਣਾ ਚਾਹੀਦਾ ਹੈ, ਪਤਾ ਨਹੀਂ ਇਸ ਅਬਲਾ ਨੂੰ ਕੀ ਦੁੱਖ ਹੈ। ਫੇਰ ਮੈਂ ਵੀ ਇਨਸਾਨ ਹਾਂ, ਪੱਥਰ ਤਾਂ ਹਾਂ ਨਹੀਂ। ਸੋ ਰਹਿਮ ਆਇਆ, ਦਇਆ ਆਈ ਤੇ ਦਇਆ ਦੇ ਵਸ ਵਿਚ ਆ ਕੇ ਉਹ ਉਥੇ ਚਲਿਆ ਗਿਆ ਤੇ ਜਾ ਕੇ ਕਹਿਣ ਲੱਗਿਆ ਕਿ ਐ ਲੜਕੀ! ਕਿਆ ਬਾਤ ਹੈ?

ਕਹਿੰਦੀ, "ਬਾਤ ਇਹ ਹੈ ਮੁਨੀ ਜੀ! ਇਥੇ ਮੈਂ ਤੇ ਮੇਰਾ ਪਤੀ ਜਾ ਰਹੇ ਸੀ। ਇਕ ਸ਼ੇਰ ਨੇ ਮੇਰਾ ਪਤੀ ਖਾ ਲਿਆ। ਹੁਣ ਮੈਨੂੰ ਰਸਤੇ ਦਾ ਨਹੀਂ ਪਤਾ ਕਿ ਕਿਧਰ ਨੂੰ ਜਾਂਦਾ ਹੈ। ਭਿਆਨਕ ਆਵਾਜ਼ਾਂ ਆ ਰਹੀਆਂ ਨੇ ਤੇ ਇਥੇ ਭੀਲ ਵਗੈਰਾ ਹੋਰ ਬਹੁਤ ਰਾਖਸ਼ ਕਿਸਮ ਦੇ ਲੋਕ ਰਹਿੰਦੇ ਨੇ। ਪਤਾ ਨਹੀਂ ਮੇਰਾ ਕੀ ਹਾਲ ਹੋਵੇ, ਮੈਨੂੰ ਕੋਈ ਆਸਰਾ ਨਹੀਂ ਹੈ ਤੇ ਮੈਂ ਪਰਮੇਸ਼ਰ ਨੂੰ ਯਾਦ ਕਰਕੇ ਰੋ ਰਹੀ ਹਾਂ ਕਿ ਹੇ ਪ੍ਰਭੂ! ਮੈਨੂੰ ਕੋਈ ਆਸਰਾ ਦੇਹ, ਮੇਰਾ ਕੋਈ ਬੰਦੋਬਸਤ ਕਰ।"

ਜੈਮਿਨੀ ਦੇ ਦਿਲ ਵਿਚ ਦਰਦ ਆਇਆ ਤੇ ਆਸ਼ਰਮ ਵਿਚ ਨਾਲ ਲੈ ਆਇਆ। ਅੱਜ ਪਹਿਲਾ ਦਿਨ ਸੀ ਕਿ ਆਸ਼ਰਮ ਵਿਚ ਕਿਸੇ ਇਸਤ੍ਰੀ ਨੂੰ ਲਿਆਇਆ। ਉਸਨੂੰ ਆਪਣਾ ਕਮਰਾ ਦੇ ਦਿੱਤਾ।

ਕਹਿਣ ਲੱਗਿਆ, "ਇਉਂ ਕਰੀਂ! ਦਰਵਾਜ਼ਾ ਅੰਦਰੋਂ ਬੰਦ ਕਰ ਲੈ। ਇਥੇ ਜਾਨਵਰ ਅਤੇ ਰਾਖਸ਼ ਆਇਆ ਕਰਦੇ ਨੇ, ਬੜੀਆਂ ਕਿਸਮ ਦੀਆਂ ਆਵਾਜ਼ਾਂ ਦਿੰਦੇ ਨੇ, ਤੂੰ ਇਹ ਦਰਵਾਜ਼ਾ ਨਹੀਂ ਖੋਲ੍ਹਣਾ, ਕਿੰਨੀਆਂ ਹੀ ਆਵਾਜ਼ਾਂ ਦੇਣ, ਚਾਹੇ ਮੇਰਾ ਬੋਲ ਬਣਾ ਕੇ ਹੀ ਦੇਣ। ਜੇ ਮੈਂ ਵੀ ਕਹਾਂ ਤਾਂ ਵੀ ਤੂੰ ਦਰਵਾਜ਼ਾ ਨਹੀਂ ਖੋਲ੍ਹਣਾ।"

ਪੱਕੀ ਕਰ ਦਿੱਤੀ ਤੇ ਨਾਲ ਦੇ ਕਮਰੇ ਵਿਚ ਆਪ ਠਹਿਰ ਗਿਆ। ਉਹ ਲੜਕੀ ਵੇਦਾਂ ਦੀਆਂ ਰਿਚਾਂ ਬੜੇ ਪਿਆਰ ਨਾਲ, ਮਿੱਠੇ ਗਲੇ ਨਾਲ ਗਾਉਣ ਲੱਗ ਗਈ। ਜਦੋਂ ਉਸ ਦੇ ਸੰਗੀਤ ਦੀ ਆਵਾਜ਼ ਇਸ ਦੇ ਕੰਨਾਂ ਵਿਚ ਪਈ, ਨੇੜੇ ਆ ਗਿਆ ਤੇ ਅਖੀਰ ਦਰਵਾਜ਼ੇ ਕੋਲ ਆ ਕੇ ਸੁਣਦਾ ਰਿਹਾ। ਮਾਇਆ ਪੈ ਗਈ, ਮਨ ਵਿਚ ਆ ਗਿਆ ਕਿ ਦਰਵਾਜ਼ਾ ਖੁਲ੍ਹਾਅ ਲਈਏ, ਮੰਦੇ ਖਿਆਲ ਉਠਣੇ ਸ਼ੁਰੂ ਹੋ ਗਏ। ਇਸ ਨੇ ਆਵਾਜ਼ ਮਾਰੀ ਕਿ ਦਰਵਾਜ਼ਾ ਖੋਲ੍ਹ, ਮੈਂ ਜੈਮਿਨੀ ਹਾਂ।

ਉਹ ਕਹਿੰਦੀ, "ਮੈਂ ਤਾਂ ਸਵੇਰ ਦਿਨ ਚੜ੍ਹੇ ਤੋਂ ਪਹਿਲਾਂ ਖੋਲ੍ਹਣਾ ਹੀ ਨਹੀਂ।"

ਕਹਿੰਦਾ, "ਤੂੰ ਮੇਰਾ ਕਮਰਾ ਮੱਲ ਕੇ ਬੈਠ ਗਈ, ਦਰਵਾਜਾ ਕਿਉਂ ਨਹੀਂ ਖੋਲ੍ਹਦੀ? ਮੈਂ ਦਰਵਾਜੇ ਤੋੜ ਦਿਆਂਗਾ।"

ਕਹਿੰਦੀ, "ਕੁਝ ਕਰ, ਤੂੰ ਹੀ ਕਿਹਾ ਸੀ ਕਿ ਦਰਵਾਜ਼ੇ ਨਹੀਂ ਖੋਲ੍ਹਣੇ।"

ਅਖੀਰ ਛੱਤ ਤੇ ਚੜ੍ਹ ਕੇ ਛੱਪਰ ਪਾੜ ਲਿਆ ਤੇ ਜਦੋਂ ਅੰਦਰ ਜਾਣ ਲੱਗਿਆ ਕਾਹਲੀ ਵਿਚ, ਮੋਢਿਆਂ ਦੇ ਥੱਲੇ ਤੱਕ ਥੱਲੇ ਆ ਗਿਆ, ਬਾਹਾਂ ਬਾਹਰ ਰਹਿ ਗਈਆਂ, ਉਥੇ ਹੀ ਲਟਕ ਗਿਆ। ਨਾਂਹ ਹੇਠਾਂ ਜਾ ਹੁੰਦਾ ਹੈ ਨਾਂਹ ਉਪਰ ਨਿਕਲ ਹੁੰਦਾ ਹੈ ਵਿਚਾਲੇ ਫਸ ਗਿਆ। ਸਾਰੀ ਰਾਤ ਲਟਕਦਾ ਰਿਹਾ। ਸਵੇਰੇ ਵਿਆਸ ਜੀ ਆ ਗਏ ਤੇ ਆਵਾਜ਼ ਦਿੱਤੀ, "ਬੇਟਾ ਜੈਮਿਨੀ! ਕਿਥੇ ਹੈਂ ਤੂੰ?" ਸ਼ਰਮਿੰਦਾ ਹੈ, ਹੁਣ ਬੋਲਦਾ ਨਹੀਂ। ਲੜਕੀ ਨੇ ਦਰਵਾਜ਼ਾ ਖੋਲ੍ਹ ਦਿੱਤਾ। ਦੇਖਦੇ ਨੇ, ਲਟਕ ਰਿਹਾ ਹੈ ਤੋਰੀ ਵਾਂਗ, ਨਾ ਹੇਠਾਂ ਹੁੰਦਾ ਹੈ ਨਾ ਉਤੇ ਹੁੰਦਾ ਹੈ। ਸਹਾਰਾ ਦੇ ਕੇ ਕੱਢਿਆ।

ਕਹਿੰਦੇ, "ਕਿਉਂ ਬੇਟਾ! ਤੈਨੂੰ ਮੈਂ ਕੀ ਕਿਹਾ ਸੀ ਤੇ ਤੂੰ ਮੈਨੂੰ ਕੀ ਜਵਾਬ ਦਿੱਤਾ ਸੀ? ਜੇ ਗੁਰੂ ਦੀ ਕਿਰਪਾ ਨਾ ਹੋਵੇ ਤਾਂ ਮਾਇਆ ਤੋਂ ਕੋਈ ਬਚ ਨਹੀਂ ਸਕਦਾ, ਕਸਵੱਟੀ 'ਚੋਂ ਪਾਰ ਨਹੀਂ ਹੋ ਸਕਦਾ। ਸਿਰਫ ਓਹੀ ਹੋ ਸਕਦਾ ਹੈ ਜਿਸ ਦੇ ਉਤੇ ਗੁਰੂ ਦੀ ਕਿਰਪਾ ਹੋਵੇ, ਬਾਕੀ ਨਹੀਂ ਕੋਈ ਕੁਝ ਕਰ ਸਕਦਾ।"

ਕਹਿੰਦਾ, "ਮਹਾਰਾਜ! ਠੀਕ ਹੈ, ਮੈਂ ਭੁੱਲ ਗਿਆ।"

ਸੋ ਇਸ ਮਾਇਆ ਵਿਚੋਂ ਕੋਈ ਨਹੀਂ ਨਿਕਲ ਸਕਦਾ ਜੇ ਕਸਵੱਟੀ ਲੱਗ ਜਾਵੇ। ਸੋ ਤਿੰਨ ਰਹਿ ਗਏ, ਬਾਕੀ ਸਭ ਝੜ ਗਏ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਦੋਹਾਂ ਨੂੰ ਕਹਿਣ ਲੱਗੇ - ਬਾਬਾ ਬੁੱਢਾ ਜੀ ਨੂੰ ਤੇ ਦੂਨੀ ਚੰਦ ਨੂੰ ਕਿ ਤੁਸੀਂ ਜਾਂਦੇ ਹੋ ਜਾਂ ਨਹੀਂ। ਜਾਓ - ਜਾਓ ਸਾਰੇ। ਪਿਛੇ ਖੜ੍ਹ ਗਏ ਦੋਏ ਕਿ ਜਦੋਂ ਲਹਿਣਾ ਜੀ ਮੁੜਨਗੇ, ਫੇਰ ਮੁੜਾਂਗੇ ਅਸੀਂ, ਤੇ ਜਦੋਂ ਲਹਿਣਾ ਜੀ ਇਕੱਲੇ ਰਹਿ ਗਏ ਤਾਂ ਮਹਾਰਾਜ ਨੇ ਬੜਾ ਘੂਰ ਕੇ ਇਨ੍ਹਾਂ ਵੱਲ ਦੇਖਿਆ -

***ਪੁਨ ਲਹਿਣੇ ਕੀ ਦਿਸ ਗੁਰ ਹੇਰਾ॥***
***ਠਾਂਢੋ ਧਰਮ ਨ ਤ੍ਰਾਸ ਘਨੇਰਾ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਕੀ ਦੇਖਿਆ, ਕਿ ਉਵੇਂ ਜਿਵੇਂ ਖੜ੍ਹਾ ਹੈ ਭੋਰਾ ਜਿੰਨਾ ਵੀ ਡਰ ਨਹੀਂ ਹੈ। ਡਰ ਭਾਵੇਂ ਕਿੰਨਾ ਹੀ ਦਿੱਤਾ ਹੋਇਆ ਹੈ ਪਰ ਡਰ ਨਹੀਂ।

***ਰਿਸ ਕਰ ਤਿਸ ਕੋ ਬਚਨ ਉਚਾਰਾ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਬੜੇ ਗੁੱਸੇ ਵਿਚ ਆ ਕੇ ਬਚਨ ਉਚਾਰਿਆ।

***ਕਿਉਂ ਠਾਂਢੇ ਅਬ ਜਾਹੁ ਸਿਧਾਰਾ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਇਥੇ ਖੜ੍ਹਾ ਕੀ ਕਰਦਾ ਹੈਂ? ਤੂੰ ਜਾਂਦਾ ਕਿਉਂ ਨਹੀਂ? ਉਸ ਵੇਲੇ ਆਪ ਨੇ ਦੋਏ ਹੱਥ ਜੋੜ ਲਏ ਤੇ ਕਹਿੰਦੇ, "ਪਾਤਿਸ਼ਾਹ! ਮੈਂ ਕਿਥੇ ਜਾਵਾਂ? ਚੰਦ, ਸੂਰਜ, ਤਾਰੇ, ਸਮੁੰਦਰ, ਧਰਤੀ, ਪਹਾੜ, ਮਾਰੂਥਲ, ਦਰਿਆ, ਅਸਮਾਨ, ਪਤਾਲ ਹੋਰ ਜਿਥੇ ਤੱਕ ਨਿਗ੍ਹਾ ਜਾਂਦੀ ਹੈ, ਕਿਤੇ ਮੇਰਾ ਥਾਂ ਨਹੀਂ। ਪਾਤਿਸ਼ਾਹ! ਜੇ ਮੇਰੀ ਥਾਂ ਹੈ ਤਾਂ ਤੇਰੇ ਚਰਨਾਂ ਵਿਚ ਹੈ, ਹੋਰ ਮੇਰੀ ਕਿਤੇ ਕੋਈ ਥਾਂ ਨਹੀਂ ਹੈ। ਸਭ ਕੁਝ ਛੱਡ ਦਿੱਤਾ, ਜੇ ਸੰਸਾਰ ਵਿਚ ਕੁਝ ਰੱਖਿਆ ਹੈ ਤਾਂ ਕੇਵਲ ਤੇਰੇ ਚਰਨ ਰੱਖੇ ਨੇ, ਮੈਨੂੰ ਨਹੀਂ ਹੈ ਕੋਈ ਆਸਰਾ।"

ਏਸ ਤਰ੍ਹਾਂ ਕਹਿੰਦੇ ਨੇ, ਪੜ੍ਹੋ ਪਿਆਰ ਨਾਲ -

***ਧਾਰਨਾ - ਮੈਂ ਕਿਥੇ ਜਾਵਾਂ ਓ, ਮਾਲਕਾ,***
***ਮੈਨੂੰ ਠਉਰ ਨਾ ਕੋਈ -2, 2.***
***ਮੈਨੂੰ ਠਉਰ ਨਾ ਕੋਈ ਮਾਲਕਾ -2, 2.***
***ਮੈਂ ਕਿਥੇ ਜਾਵਾਂ ਓ, ਮਾਲਕਾ,.......... -2.***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***

***(ਰਹਰਾਸਿ ਸਾਹਿਬ)***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥***

***ਪੰਨਾ - 791***

ਹੇ ਪਾਤਿਸ਼ਾਹ! ਸੰਸਾਰ ਦੇ ਅੰਦਰ ਕੋਈ ਹੋਰ ਥਾਉਂ ਨਹੀਂ ਸਿਵਾਏ ਤੇਰੇ ਚਰਨਾਂ ਤੋਂ -

***ਕਹਿਤ ਭਯੋ ਗੁਰ ਠਹੁਰ ਨ ਕੋਈ॥***
***ਕਿਤ ਕੋ ਜਾਹੁੰ ਸ਼ਰਨ ਪ੍ਰਭ ਤੋਹੀ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਕਹਿੰਦੇ ਮੈਂ ਜਾਵਾਂ ਕਿਥੇ? ਕੋਈ ਥਾਉਂ ਹੋਵੇ ਤਾਂ ਉਥੇ ਜਾਵਾਂ। ਮੈਨੂੰ ਤਾਂ ਕੋਈ ਥਾਉਂ ਹੀ ਨਹੀਂ ਹੈ - ਸਾਰੀ ਸ੍ਰਿਸ਼ਟੀ ਦੇ ਅੰਦਰ, ਨਾ ਦਰਿਆ ਵਿਚ, ਨਾ ਸਮੁੰਦਰ ਵਿਚ, ਨਾ ਸੂਰਜ ਵਿਚ, ਨਾ ਚੰਦਰਮਾ ਤੇ, ਨਾ ਬਨਸਪਤੀ ਵਿਚ, ਨਾ ਕਿਸੇ ਘਰ ਵਿਚ, ਕਿਤੇ ਥਾਂ ਨਹੀਂ; ਜੇ ਥਾਂ ਹੈ ਪਾਤਿਸ਼ਾਹ ਤਾਂ ਤੇਰੇ ਚਰਨਾਂ ਵਿਚ ਹੈ।

ਐਸੀਆਂ ਅਵਸਥਾਵਾਂ ਵਿਚ ਜਿਹੜੇ ਮਹਾਂਪੁਰਸ਼ਾਂ ਦੇ ਪਿਆਰੇ ਹੋਇਆ ਕਰਦੇ ਨੇ, ਉਨ੍ਹਾਂ ਨੂੰ ਪੁਛ ਕੇ ਦੇਖੋ, ਉਹ ਜਾਣਦੇ ਨੇ ਦੂਸਰਿਆਂ ਨੂੰ ਤਾਂ ਇਹ ਕਹਾਣੀ ਲਗਦੀ ਹੈ।

ਨਿਜ਼ਾਮੁਦੀਨ ਔਲੀਆ ਬਾਬਾ ਫਰੀਦ ਜੀ ਦੇ ਮੁਰੀਦ ਸਨ। ਬਹੁਤ ਉਚੀ ਕਮਾਈ ਵਾਲੇ ਵੇਪਰਵਾਹ ਸਨ। ਸੱਤ ਬਾਦਸ਼ਾਹੀਆਂ ਉਨ੍ਹਾਂ ਦੇ ਹੁੰਦੇ ਲੰਘੀਆਂ ਪਰ ਆਪਣੀ ਦਰਗਾਹ ਵਿਚ ਬਾਦਸ਼ਾਹ ਦੇ ਪੈਰ ਨਹੀਂ ਪੈਣ ਦਿੱਤੇ। ਇਕ ਪ੍ਰੇਮੀ ਸੀ, ਉਸ ਨੇ ਨੇੜੇ ਮਕਾਨ ਬਣਾ ਲਿਆ। ਸਾਰਾ ਦਿਨ ਮਹੱਲ ਦੀ ਖਿੜਕੀ ਵਿਚ ਬੈਠਾ ਦਰਸ਼ਨ ਕਰੀ ਜਾਂਦਾ ਸੀ। ਬੜੀ ਵਾਰੀ ਸੁਨੇਹੇ ਭੇਜੇ ਕਿ ਮੈਨੂੰ ਕਦਮ-ਬੋਸੀ ਕਰ ਲੈਣ ਦਿਓ। ਪਰ ਹਰ ਵਾਰੀ ਜਵਾਬ ਦੇ ਦਿੱਤਾ ਕਿ ਨਹੀਂ, ਰਾਜਾ ਨਹੀਂ ਸਾਡੇ ਕੋਲ ਆ ਸਕਦਾ। ਇਹ ਬੇਪਰਵਾਹੀ ਹੋਇਆ ਕਰਦੀ ਹੈ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

***ਪੰਨਾ - 473***

ਪਰਵਾਹ ਨਹੀਂ ਹੋਇਆ ਕਰਦੀ ਸੰਸਾਰ ਦੀ ਬਿਲਕੁਲ ਵੀ। ਗਰਜ (ਲੋੜ) ਤੋਂ ਉਤੇ ਉਠੇ ਹੋਏ ਹੁੰਦੇ ਨੇ। ਸੰਸਾਰ ਵਿਚ ਵਾਸ਼ਨਾ ਚੱਲ ਰਹੀ ਹੈ ਸਭ ਦੇ ਅੰਦਰ ਪਰ ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਖ੍ਯੈ ਹੋਈਆਂ ਹੁੰਦੀਆਂ ਹਨ।

ਮਨੋ ਨਾਸ, ਵਾਸਨਾ ਖੈ, ਅਤੇ ਨਿਰੋਲ ਤਤ੍ਵ ਗਿਆਨ ਹੋਇਆ ਕਰਦਾ ਹੈ।

ਜਦੋਂ ਇਹ ਤਿੰਨ ਚੀਜ਼ਾਂ ਆ ਜਾਣ ਤਾਂ ਸਾਧੂ ਹੋਇਆ ਕਰਦਾ ਹੈ ਪੂਰਾ। ਸੋ ਆਪ ਦਾ ਇਕ ਮੁਰੀਦ ਖੁਸਰੋ ਜਿਹੜਾ ਰਾਜਸੀ ਕਵੀ ਸੀ, ਸੱਤ-ਬਾਦਸ਼ਾਹੀਆਂ ਦਾ ਕਵੀ ਰਿਹਾ ਹੈ ਉਹ। ਜਦੋਂ ਸੇਵਾ ਮੁਕਤ ਹੋਇਆ, ਉਸ ਵੇਲੇ ਸਾਰਾ ਸਮਾਨ ਦੋ ਸੌ ਊਠ ਤੇ ਲਦਿਆ ਉਸ ਨੇ। ਕਾਫਲਾ ਜਾਂਦਾ ਹੈ ਬਹੁਤ ਵੱਡਾ। ਏਧਰ ਇਕ ਐਸਾ ਕੌਤਕ ਹੋਇਆ। ਜਦੋਂ ਇਹ ਦਿੱਲੀਓਂ ਇਜਾਜ਼ਤ ਲੈ ਕੇ ਤੁਰਿਆ ਕਿ ਮੈਂ ਘਰ ਛੱਡ ਆਵਾਂ ਤਾਂ ਜਦੋਂ ਇਹ ਕਾਫਲੇ ਸਮੇਤ ਜਾ ਰਿਹਾ ਹੈ, ਉਸ ਵੇਲੇ ਇਕ ਬੰਦਾ ਆਇਆ। ਉਸ ਦੇ ਕੋਲ ਜੁੱਤੀ ਸੀ। ਉਹ ਪਹਿਲਾਂ ਦਿੱਲੀ ਆਇਆ ਨਿਜ਼ਾਮੁਜੀਨ ਔਲੀਆ ਦੇ ਪਾਸ। ਉਥੇ ਆ ਕੇ ਬੇਨਤੀ ਕਰੀ ਕਿ ਮੇਰੀ ਲੜਕੀ ਦੀ ਸ਼ਾਦੀ ਹੈ, ਮੇਰੀ ਮਦਦ ਕਰੋ। ਉਹ ਕਹਿੰਦੇ ਕਿ ਪ੍ਰੇਮੀਆਂ! ਸਾਡੇ ਕੋਲ ਜੋ ਕੁਝ ਆਉਂਦਾ ਹੈ - ਚਾਹੇ ਹਜ਼ਾਰ ਆ ਜਾਵੇ, ਚਾਹੇ ਦਸ-ਹਜ਼ਾਰ ਆ ਜਾਵੇ, ਅਸੀਂ ਉਸੇ ਵੇਲੇ ਮੁਕਾ ਦਿੰਦੇ ਹਾਂ, ਜਮ੍ਹਾਂ ਨਹੀਂ ਅਸੀਂ ਰਖਿਆ ਕਰਦੇ। ਇਹ ਕਲਾ ਦੀ ਜੜ੍ਹ ਹੈ - ਮਾਇਆ ਜਮ੍ਹਾ ਹੋ ਜਾਣੀ, ਇਸ ਨੂੰ ਛੇਤੀ ਹੀ ਮੁਕਾਉਣ ਦੀ ਗੱਲ ਕਰੋ। ਅਸੀਂ ਨਹੀਂ ਰੱਖਦੇ ਤੇ ਏਸ ਤਰ੍ਹਾਂ ਕਰ, ਜਿਹੜਾ ਕੱਲ੍ਹ ਨੂੰ ਚੜ੍ਹਾਵਾ ਹੋਏਗਾ ਉਹ ਲੈ ਜਾਈਂ। ਉਹ ਕਹਿੰਦਾ, ਇਕ ਦਿਨ ਦੇ ਚੜ੍ਹਾਵੇ ਨਾਲ ਤਾਂ ਕੁਝ ਹੋਣਾ ਨਹੀਂ। ਉਹ ਕਹਿੰਦੇ ਕਿ ਤਿੰਨ ਦਿਨ ਠਹਿਰ ਜਾ, ਤਿੰਨਾਂ ਦਿਨਾਂ ਦਾ ਲੈ ਲਈਂ। ਕੁਦਰਤ ਐਸੀ ਹੋਈ ਇਕ ਪੈਸਾ ਵੀ ਮੱਥਾ ਨਾ ਕਿਸੇ ਨੇ ਟੇਕਿਆ ਤਿੰਨਾ ਦਿਨਾਂ ਵਿਚ। ਇਹ ਦੇਖੀ ਜਾਂਦਾ ਹੈ ਕਿ ਹੁਣ ਮੱਥਾ ਟੇਕਿਆ, ਹੁਣ ਟੇਕਿਆ ਪਰ ਕਿਸੇ ਨੇ ਪੈਸਾ ਮੱਥਾ ਨਾ ਟੇਕਿਆ। ਅਖੀਰ ਕਹਿਣ ਲੱਗਿਆ, "ਔਲੀਆ! ਮੇਰੀ ਕਿਸਮਤ ਤਾਂ ਹਦ ਤੋਂ ਜ਼ਿਆਦਾ ਮਾੜੀ ਹੈ ਇਥੇ ਢੇਰ ਲੱਗੇ ਰਹਿੰਦੇ ਨੇ ਤੇ ਜਦੋਂ ਮੇਰੀ ਵਾਰੀ ਆਈ ਤਾਂ ਕੋਈ ਨਹੀਂ ਆਇਆ।"

ਕਹਿੰਦੇ, "ਪ੍ਰੇਮੀਆਂ! ਹੁਣ ਅਸੀਂ ਕੀ ਕਰੀਏ?"

ਕਹਿੰਦਾ, "ਮਹਾਰਾਜ! ਤੁਸੀਂ ਸ਼ਕਤੀ ਨਾਲ ਰੋਕ ਦਿੱਤਾ।" ਕਿਉਂਕਿ ਫੇਰ ਸੰਤਾਂ ਦੇ ਉਤੇ ਸ਼ੱਕ ਕਰ ਲੈਂਦੀ ਹੈ ਦੁਨੀਆਂ।

ਉਹ ਕਹਿੰਦੇ, "ਨਹੀਂ! ਸ਼ਕਤੀ ਨਾਲ ਨਹੀਂ ਰੋਕਿਆ, ਆਇਆ ਹੀ ਨਹੀਂ ਕੋਈ।" ਸੋ ਉਸ ਵੇਲੇ ਕਹਿਣ ਲੱਗੇ ਕਿ ਤੂੰ ਖਾਲੀ ਕਿਉਂ ਜਾਣਾ ਹੈ, ਸਾਡਾ ਜੋੜਾ ਲੈ ਜਾ।

ਜੋੜਾ ਉਸ ਨੇ ਲੈ ਲਿਆ। ਉਹ ਵੀ ਬਦਾਯੂੰ ਦੇ ਰਹਿਣ ਵਾਲਾ ਸੀ ਤੇ ਕਾਫਲੇ ਦੇ ਨਾਲ ਜਾ ਮਿਲਿਆ। ਕਾਫਲੇ ਵਿਚ ਜਾ ਕੇ ਗੱਲ ਬਾਤ ਚੱਲੀ ਤੇ ਅਮੀਰ-ਖੁਸਰੋ ਨੂੰ ਪਤਾ ਲੱਗਿਆ ਕਿ ਜੋੜਾ! ਮੇਰੇ ਮੁਰਸ਼ਦ ਦਾ ਜੋੜਾ!! ਲੈ ਲਿਆ ਉਸ ਤੋਂ, ਪਹਿਲਾਂ ਸੀਸ ਤੇ ਰੱਖਿਆ, ਫੇਰ ਨੇਤਰਾਂ ਤੇ ਲਾਇਆ ਫੇਰ ਛਾਤੀ ਨਾਲ ਲਾਇਆ, ਘੁਟਿਆ ਉਸ ਨੂੰ।

ਕਹਿਣ ਲੱਗੇ, "ਪ੍ਰੇਮੀਆਂ! ਵੇਚਣਾ ਹੈ?"

ਕਹਿੰਦਾ, "ਮੈਂ ਦੇਖਿਆ ਹੈ ਕਿ ਤੁਹਾਨੂੰ ਇਸ ਜੋੜੇ ਨਾਲ ਬੜਾ ਪਿਆਰ ਹੈ, ਲੈ ਲਓ।"

ਕਹਿੰਦੇ, "ਇਹ ਜੋੜਾ ਮਾਮੂਲੀ ਨਹੀਂ ਹੈ। ਇਸ ਦੇ ਵਿਚ ਤਾਂ ਬੇਅੰਤ ਬਰਕਤਾਂ ਨੇ, ਫੇਰ ਨਾ ਕਹੀਂ ਕਿ ਤੇਰੇ ਨਾਲ ਧੋਖਾ ਹੋ ਗਿਆ।" ਫੇਰ ਵੀ ਸਮਝ 'ਚ ਨਾ ਆਈ ਗੱਲ।

ਕਹਿਣ ਲੱਗਿਆ, "ਤੁਸੀਂ ਦਿਓ ਜਿੰਨੇ ਪੈਸੇ ਦਿੰਦੇ ਹੋ।"

ਕਹਿੰਦੇ, "ਆਹ ਮੇਰੀ ਸਾਰੀ ਜਿੰਦਗੀ ਦੀ ਕਮਾਈ - ਦੋ ਸੌ ਊਠ, ਇਹ ਸਾਰੇ ਹੀ ਲੈ ਲੈ ਤੇ ਮੈਨੂੰ ਜੋੜਾ ਦੇ ਦੇ।"

ਸਾਰਾ ਕਾਫਲਾ ਉਸ ਦੇ ਹਵਾਲੇ ਕਰਕੇ ਜੋੜਾ ਲੈ ਲਿਆ ਤੇ ਸੀਸ ਤੇ ਰੱਖ ਕੇ ਵਾਪਸ ਆ ਗਏ।

ਨਿਜ਼ਾਮੁਦੀਨ ਔਲੀਆ ਨੇ ਪੁਛਿਆ, "ਖੁਸਰੋ! ਤੂੰ ਮੁੜ ਆਇਆ?"

ਕਹਿੰਦਾ, "ਔਲੀਆ! ਮੈਂ ਜਾ ਨਹੀਂ ਸੀ ਸਕਦਾ! ਆਪ ਨੇ ਮੇਰੇ ਤੇ ਬੜੀ ਭਾਰੀ ਕਿਰਪਾ ਕੀਤੀ ਕਿ ਜੋੜਾ ਭੇਜ ਕੇ ਮੈਨੂੰ ਬੁਲਾ ਲਿਆ।"

ਸੋ ਆਪ ਉਥੇ ਰਹਿੰਦੇ ਰਹੇ ਤੇ ਰਹਿੰਦੇ ਰਹਿੰਦੇ ਉਚੀ ਅਵਸਥਾ ਵਿਚ ਚਲੇ ਗਏ। ਸੰਤਾਂ ਪਾਸ ਰਹਿੰਦੇ ਤਾਂ ਬੇਅੰਤ ਰਹਿੰਦੇ ਨੇ ਪਰ ਕੋਈ ਕੋਈ ਹੈ ਜਿਹੜਾ ਉਚਾ ਲੰਘ ਜਾਂਦਾ ਹੈ, ਬਾਕੀ ਤਾਂ ਥੱਲੇ ਰਹਿ ਜਾਂਦੇ ਨੇ। ਸੋ ਇਕ ਸਕਿੰਟ ਵਾਸਤੇ ਵੀ ਆਪ ਜੁਦਾ ਨਹੀਂ ਹੁੰਦੇ। ਉਸ ਤਰ੍ਹਾਂ ਦੇ ਹੀ ਬੱਤੀ ਮੁਰੀਦ ਸੀ ਉਨ੍ਹਾਂ ਕੋਲ। ਉਨ੍ਹਾਂ ਨੇ ਸੋਚਿਆ, ਇਨ੍ਹਾਂ ਤੇ ਕਸਵੱਟੀ ਲਾ ਕੇ ਦੇਖੀਏ ਕਿ ਨਿਤਰਦਾ ਕਿਹੜਾ ਹੈ। ਅੱਜ ਦਿੱਲੀ ਸ਼ਹਿਰ ਵੱਲ ਨੂੰ ਚਲ ਪਏ, ਨਾਲ ਹੀ ਬੱਤੀ ਮੁਰੀਦ ਨੇ। ਵੇਸ਼ਵਾਵਾਂ ਦੇ ਬਜ਼ਾਰ ਵਿਚ ਚਲੇ ਗਏ। ਇਕ ਵੇਸ਼ਵਾ ਦਾ ਖੁੱਲ੍ਹਾ ਦਰਵਾਜ਼ਾ ਦੇਖ ਕੇ ਔਲੀਆ ਉਤੇ ਚੜ੍ਹ ਗਏ ਤੇ ਮੁਰੀਦਾਂ ਨੂੰ ਹੇਠਾਂ ਖੜ੍ਹਾਅ ਦਿੱਤਾ। ਓਧਰ ਜਦੋਂ ਉਸ ਨੇ ਦੇਖਿਆ ਕਿ ਮੇਰੇ ਘਰ ਵਿਚ ਔਲੀਆ ਆ ਗਿਆ ਤਾਂ ਉਹ ਨਮਸ਼ਕਾਰਾਂ ਕਰਦੀ ਹੈ। ਦ੍ਰਿਸ਼ਟੀ ਕਰਨ ਦੀ ਦੇਰ ਸੀ; ਸਾਰੇ ਪਾਪ ਝਾੜ ਦਿੱਤੇ, ਸ਼ੁਧ ਕਰ ਦਿੱਤਾ ਹਿਰਦਾ।

ਹੱਥ ਜੋੜ ਕੇ ਬੇਨਤੀ ਕਰਦੀ ਹੈ ਕਿ ਸੇਵਾ ਦਸੋ ਮਹਾਰਾਜ! ਤੁਸੀਂ ਏਸ ਮੰਦੇ ਘਰ ਵਿਚ ਆ ਗਏ, ਜਿਥੇ ਨਰਕ ਹੀ ਨਰਕ ਹੈ ਨਿਰਾ।

ਕਹਿੰਦੇ, "ਬੀਬੀ! ਤੇਰੇ ਤੱਕ ਕੰਮ ਹੈ ਸਾਨੂੰ। ਆਹ ਜਿਹੜੇ ਮੁਰੀਦ ਨੇ ਇਨ੍ਹਾਂ ਨੂੰ ਨਠਾਉਣ ਦਾ ਕੋਈ ਹੀਲਾ ਕਰ। ਦੌੜਾਅ ਦੇ ਇਨ੍ਹਾਂ ਨੂੰ, ਇਹ ਇਥੇ ਨਾ ਰਹਿਣ।"

ਕਹਿੰਦੀ, "ਲਓ ਮਹਾਰਾਜ! ਇਹ ਤਾਂ ਮਾਮੂਲੀ ਗੱਲ ਹੈ।"

ਉਸ ਵੇਲੇ ਸਾਂਗ ਰਚ ਲਿਆ। ਸ਼ਰਾਬ ਲੈ ਆਂਦੀ, ਕਬਾਬ ਲੈ ਆਂਦਾ।

ਉਨ੍ਹਾਂ ਨੂੰ ਏਸ ਤਰ੍ਹਾਂ ਜ਼ਾਹਿਰ ਹੋਇਆ ਕਿ ਔਲੀਆ ਵਾਸਤੇ ਜਾ ਰਹੀ ਹੈ ਸ਼ਰਾਬ, ਫੇਰ ਲੈ ਆਂਦੀ ਬੋਤਲ। ਨਾਲੇ ਗੱਲਾਂ ਕਰੀ ਜਾਂਦੇ ਨੇ ਕਿ ਇਕ ਤਾਂ ਪੀ ਲਈ ਉਨ੍ਹਾਂ ਨੇ, ਹੁਣ ਦੂਜੀ ਪੀਣ ਲੱਗੇ ਨੇ। ਅੱਧੀ ਰਾਤ ਤੱਕ ਵੀਹ ਚਲੇ ਗਏ, ਬਾਰਾਂ ਰਹਿ ਗਏ। ਉਸ ਤੋਂ ਬਾਅਦ ਫੇਰ ਸੋਚਦੇ ਰਹੇ, ਉਹ ਵੀ ਝੜ ਗਏ। ਅਖੀਰ ਦੋ ਰਹਿ ਗਏ।

ਜਿਹੜਾ ਦੂਜਾ ਸੀ, ਉਹ ਚਾਰ ਵਜੇ ਕਹਿਣ ਲੱਗਿਆ, "ਖੁਸਰੋ! ਇਹ ਤਾਂ ਔਲੀਆ ਗਿਰ ਗਿਆ, ਇਸ ਦੇ ਮਗਰ ਕੀ ਲਗਣਾ ਹੈ। ਵੇਸ਼ਵਾ ਦੇ ਰਾਤ ਕੱਟੀ ਹੈ ਇਸ ਨੇ। ਚੱਲ ਚਲੀਏ।"

ਉਹ ਕਹਿੰਦਾ, "ਮੈਂ ਤਾਂ ਨਹੀਂ ਜਾਣਾ।"

ਦੂਸਰਾ ਚਲਿਆ ਗਿਆ ਤੇ ਇਹ ਇਕੱਲਾ ਰਹਿ ਗਿਆ।

ਉਹ ਬੀਬੀ ਕਹਿਣ ਲੱਗੀ, "ਮਹਾਰਾਜ! ਇਕ ਰਹਿ ਗਿਆ, ਉਹ ਨਹੀਂ ਜਾਂਦਾ। ਬਾਕੀ ਤਾਂ ਸਭ ਚਲੇ ਗਏ।"

ਕਹਿਣ ਲੱਗੇ, "ਉਸ ਨੂੰ ਵੀ ਭੇਜੋ, ਕੁਟਾਈ ਕਰੋ ਓਸ ਦੀ।"

ਡੰਡੇ ਲੈ ਕੇ ਕੁੱਟਣ ਲੱਗ ਗਏ। ਉਹ ਫੇਰ ਵੀ ਨਾ ਜਾਵੇ। ਉਥੇ ਹੀ ਲੰਮਾ ਪੈ ਗਿਆ, ਕਹਿੰਦਾ, "ਮਾਰ ਦਿਓ ਭਾਵੇਂ, ਮੈਂ ਇਥੋਂ ਨਹੀਂ ਜਾਣਾ।"

ਔਲੀਆ ਕਹਿੰਦੇ, "ਘੜੀਸ ਕੇ ਸੁੱਟ ਆਓ ਉਸ ਨੂੰ।"

ਬਜ਼ਾਰ ਵਿਚ ਘੜੀਸ ਕੇ ਦੂਰ ਤੱਕ ਸੁੱਟ ਆਏ। ਜ਼ਖਮ ਹੋ ਗਏ ਸਰੀਰ ਦੇ ਉਤੇ। ਉਹ ਫੇਰ ਤੁਰ ਕੇ ਆ ਗਿਆ। ਉਹ ਫੇਰ ਘੜੀਸ ਕੇ ਸੁੱਟ ਆਉਂਦੇ ਨੇ, ਫੇਰ ਆ ਜਾਂਦਾ ਹੈ ਫੇਰ ਘੜੀਸ ਕੇ ਸੁੱਟ ਆਉਂਦੇ ਨੇ।

ਅਖੀਰ ਆ ਕੇ ਕਹਿਣ ਲੱਗੇ, ਮਹਾਰਾਜ! ਉਹ ਨਹੀਂ ਜਾਂਦਾ, ਬਥੇਰਾ ਘੜੀਸ-ਘੜੀਸ ਅਸੀਂ ਸੁੱਟ ਕੇ ਆਉਂਦੇ ਹਾਂ।"

ਏਨੇ ਨੂੰ ਔਲੀਆ ਬਾਹਰ ਨਿਕਲ ਆਏ। ਕਹਿੰਦੇ, "ਓਹ ਖੁਸਰੋ! ਤੂੰ ਕਿਉਂ ਨਹੀਂ ਜਾਂਦਾ; ਜਿਥੇ ਸਾਰੇ ਚਲੇ ਗਏ, ਤੂੰ ਕਿਉਂ ਨਹੀਂ ਗਿਆ?"

ਕਹਿੰਦਾ, "ਔਲੀਆ! ਜਿਨ੍ਹਾਂ ਦਾ ਕੋਈ ਥਾਂ ਸੀ ਉਹ ਚਲੇ ਗਏ। ਉਨ੍ਹਾਂ ਨੂੰ ਕੋਈ ਠਾਹਰ ਸੀ, ਆਪਣੀ ਠਾਹਰ ਵਿਚ ਚਲੇ ਗਏ ਤੇ ਮੇਰੀ ਤਾਂ ਸੰਸਾਰ ਵਿਚ ਤੇਰੇ ਚਰਨਾਂ ਤੋਂ ਬਗੈਰ ਕੋਈ ਠਾਹਰ ਨਹੀਂ ਹੈ, ਸੋ ਮੈਂ ਕਿਥੇ ਜਾਵਾਂ?"

ਉਸ ਵੇਲੇ ਔਲੀਆ ਵਜਦ ਵਿਚ ਆ ਗਿਆ। ਰੂਹਾਨੀ ਕਾਂਗ ਉਠ ਖੜ੍ਹੀ, ਬੁੱਕਲ ਵਿਚ ਲੈ ਲਿਆ, ਪੂਰਾ ਕਰ ਦਿੱਤਾ ਉਸੇ ਵੇਲੇ।

ਸੋ ਇਸੇ ਤਰ੍ਹਾਂ ਭਾਈ ਲਹਿਣਾ ਜੀ ਬੇਨਤੀਆਂ ਕਰਦੇ ਨੇ ਕਿ ਸੱਚੇ ਪਾਤਿਸ਼ਾਹ! ਜਿਨ੍ਹਾਂ ਦੀਆਂ ਥਾਵਾਂ ਸਨ ਉਹ ਤਾਂ ਚਲੇ ਗਏ।

***ਕਹਿਤ ਭਯੋ ਗੁਰ ਠਹੁਰ ਨ ਕੋਈ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਮੇਰੀ ਤਾਂ ਠਹੁਰ ਹੀ ਕੋਈ ਨਹੀਂ ਹੈ -

***ਕਿਤ ਕੋ ਜਾਹੁੰ ਸ਼ਰਨ ਪ੍ਰਭ ਤੋਹੀ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਮੈਂ ਹੁਣ ਤੁਹਾਡੀ ਸ਼ਰਨ ਆਇਆ ਹਾਂ ਤੇ ਹੁਣ ਮੈਂ ਜਾਵਾਂ ਕਿਥੇ?

ਕਹਿੰਦੇ, "ਜਾਂਦਾ ਹੈਂ ਕਿ ਨਹੀਂ?"

ਕਹਿੰਦਾ, "ਨਹੀਂ ਮਹਾਰਾਜ! ਮੇਰਾ ਠਹੁਰ ਹੀ ਨਹੀਂ ਕੋਈ, ਮੈਂ ਜਾਵਾਂ ਕਿਥੇ ਦੱਸੋ।"

***ਸੁਨਤ ਕਹਯੋ ਗੁਰ ਜੇ ਨਹਿੰ ਜਾਵਹੁ॥***
***ਤਬ ਬਿਲੰਭ ਬਿਨ ਮੁਰਦਹਿ ਖਾਵਹੁ॥***

***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਕਹਿੰਦੇ, ਲਹਿਣਿਆ! ਟਿਕਾਣਾ ਤੈਨੂੰ ਵੀ ਨਹੀਂ ਲੱਭਦਾ ਤੇ ਟਿਕਾਣਾ ਮੈਨੂੰ ਵੀ ਨਹੀਂ ਲੱਭ ਰਿਹਾ। ਇਸ ਮਾਮਲੇ ਵਿਚ ਆਪਾਂ ਦੋਏ ਇਕੋ ਜਿਹੇ ਹਾਂ।" ਇਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਮੈਨੂੰ ਦਿਸਦਾ ਟਿਕਾਣਾ ਨਾ,***
***ਜਿਥੇ ਆਪਣੀ ਜੋਤ ਟਿਕਾਵਾਂ -2, 4.***

ਸੋ ਤਿੰਨ ਰਹਿ ਗਏ ਸਾਧ ਸੰਗਤ ਜੀ! ਸਰੀਰ ਇਕ ਚਾਹੀਦਾ ਹੈ ਤਿੰਨਾਂ ਵਿਚੋਂ ਤੇ ਉਹ ਸਰੀਰ ਚਾਹੀਦਾ ਹੈ ਜਿਥੇ ਗੁਰੂ ਨਾਨਕ ਮਹਾਰਾਜ ਜੀ ਦੀ ਜੋਤ ਟਿਕ ਜਾਵੇ। ਸੋ ਉਸ ਵੇਲੇ ਆਪ ਨੇ ਕਿਹਾ ਕਿ ਜੇ ਨਹੀਂ ਜਾਣਾ ਤਾਂ ਔਹ ਦੇਖੋ ਸਾਹਮਣੇ ਮੁਰਦਾ ਪਿਆ ਹੈ, ਉਹ ਖਾਓ। ਬੜਾ ਔਖਾ ਹੈ ਸਾਧ ਸੰਗਤ ਜੀ! ਕਹਾਣੀ ਸੁਣਨੀ ਸੁਖਾਲੀ ਹੈ ਤੇ ਗੱਲ ਬਹੁਤ ਔਖੀ ਹੈ।

***ਧਾਰਨਾ - ਪਰਚਾ ਪੈ ਗਿਆ ਗੁਰਾਂ ਵਲੋਂ ਔਖਾ,***
***ਤਨ ਮਨ ਡੋਲਣ ਲੱਗਿਆ -2, 2.***
***ਮੇਰੇ ਪਿਆਰੇ, ਤਨ ਮਨ ਡੋਲਣ ਲੱਗਿਆ -2, 2.***
***ਪਰਚਾ ਪੈ ਗਿਆ ਗੁਰਾਂ ਵਲੋਂ ਔਖਾ,......-2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥***

***ਪੰਨਾ - 1366***

ਇਮਤਿਹਾਨ ਆ ਗਿਆ। ਮਰਜੀਵੜਾ ਪਾਸ ਹੁੰਦਾ ਹੈ, ਦੂਜਾ ਨਹੀਂ ਪਾਸ ਹੋਇਆ ਕਰਦਾ। ਜਿੰਨਾ ਵੱਡਾ ਮੁਰਸ਼ਦ ਹੋਇਆ ਕਰਦਾ ਹੈ, ਓਨਾਂ ਵੱਡਾ ਹੀ ਪਰਚਾ ਹੋਇਆ ਕਰਦਾ ਹੈ।

ਸੋ ਬਾਬਾ ਫਰੀਦ ਜੀ ਨੇ ਬਾਰਾਂ ਸਾਲ ਪਹਿਲਾਂ ਤਪ ਕਰਿਆ, ਰਿਧੀਆਂ ਸਿਧੀਆਂ ਆ ਗਈਆਂ, ਸ਼ਕਤੀਆਂ ਆ ਗਈਆਂ। ਮਾਂ ਕੋਲ ਵਾਪਸ ਆ ਰਹੇ ਨੇ। ਰਸਤੇ ਵਿਚ ਇਕ ਬੀਬੀ ਮਿਲੀ। ਉਸ ਨੇ ਦੱਸ ਦਿੱਤਾ ਕਿ ਫਰੀਦਾ! ਇਹ ਚਿੜੀਆਂ ਨਹੀਂ ਕਿ ਮਾਰ ਕੇ ਜੀਉਂਦੀਆਂ ਕਰ ਦਏਂਗਾ। ਜੰਗਲ ਵਿਚ ਚਿੜੀਆਂ ਮਾਰੀਆਂ ਸੀ ਤੇ ਜੀਉਂਦੀਆਂ ਕੀਤੀਆਂ ਸੀ। ਸੋਚਿਆ ਕਿ ਇਹ ਲੜਕੀ ਤਾਂ ਘਰ ਵਿਚ ਰਹਿੰਦੀ ਹੋਈ ਮੈਥੋਂ ਵੱਧ ਸ਼ਕਤੀ ਰੱਖਦੀ ਹੈ।

ਕਹਿੰਦੇ, "ਬੀਬਾ! ਪਾਣੀ ਪਿਲਾ।"

ਕਹਿੰਦੀ, "ਦਰਵੇਸ! ਠਹਿਰ!! ਹੋਰ ਜਿਹੜੇ ਆਉਂਦੇ ਨੇ ਤਾਂ ਪਾਣੀ ਪਿਲਾਈ ਜਾਂਦੀ ਹੈ।

ਪਿਛੋਂ ਪੁਛਿਆ, "ਬੀਬਾ! ਮੈਨੂੰ ਪਾਣੀ ਕਿਉਂ ਨਹੀਂ ਸੀ ਪਿਲਾਉਂਦੀ?"

ਕਹਿੰਦੀ, "ਦਰਵੇਸ! ਤੇਰੇ ਕੋਲ ਅੱਖ ਨਹੀਂ? ਤੂੰ ਦੇਖ ਲੈਂਦਾ ਕਿ ਮੈਂ ਕੀ ਕਰਦੀ ਸੀ?"

ਕਹਿੰਦਾ, "ਹੈਂ! ਤੂੰ ਕੁਝ ਕਹਿ ਰਹੀ ਸੀ।"

ਕਹਿੰਦੀ, "ਹਾਂ, ਅੱਖ ਹੈ ਤੇਰੇ ਕੋਲ?"

ਕਹਿੰਦਾ, "ਨਾ, ਇਹ ਅੱਖ ਮੇਰੇ ਕੋਲ ਨਹੀਂ ਹੈ।"

ਕਹਿੰਦੀ, "ਮੇਰੀ ਭੈਣ ਦੇ ਘਰ ਨੂੰ ਅੱਗ ਲੱਗ ਗਈ ਸੀ, ਇਥੋਂ ਅੱਠ ਦਸ ਮੀਲ ਦੇ ਉਤੇ ਹੈ ਤੇ ਮੈਂ ਇਹ ਪਾਣੀ ਡੋਲ੍ਹ ਕੇ ਉਸ ਦੇ ਘਰ ਦੀ ਅੱਗ ਬੁਝਾਅ ਰਹੀ ਸੀ। ਜਾਹ! ਪਤਾ ਕਰ ਆ।

ਪਤਾ ਕਰ ਆਇਆ ਤੇ ਫੇਰ ਮੁੜ ਕੇ ਆ ਗਿਆ।

ਕਹਿੰਦਾ, "ਬੀਬਾ! ਐਡੀ ਸ਼ਕਤੀ ਘਰ ਵਿਚ ਰਹਿੰਦੇ ਹੋਏ?"

ਕਹਿੰਦੀ, "ਬਾਬਾ! ਸਾਡਾ ਤ੍ਰੀਮਤਾਂ ਦਾ ਜੋ ਰੱਬ ਹੈ ਉਹ ਸਾਡਾ ਪਤੀ ਹੋਇਆ ਕਰਦਾ ਹੈ। ਉਸ ਨੂੰ ਮੈਂ ਪਰਮੇਸ਼ਰ ਰੂਪ ਮੰਨਦੀ ਹਾਂ, ਉਸ ਦੀ ਸੇਵਾ ਕਰਦੀ ਹਾਂ। ਉਸ ਦੇ ਵਿਚੋਂ ਹੀ ਆਹ ਤੁਛ ਜਿਹੀਆਂ ਸ਼ਕਤੀਆਂ ਪ੍ਰਾਪਤ ਹੋਈਆਂ ਨੇ। ਤੂੰ ਸਾਧੂ ਹੈਂ, ਬਾਰਾਂ ਸਾਲ ਲਾ ਕੇ ਆਇਆ ਹੈਂ, ਤੈਨੂੰ ਵੀ ਕੁਝ ਪ੍ਰਾਪਤ ਹੋਇਆ?"

ਹੈਰਾਨ ਹੋ ਗਿਆ। ਮੁੜ ਕੇ ਫੇਰ ਚਲਿਆ ਗਿਆ, ਜਾ ਕੇ ਫੇਰ ਘੋਰ ਤਪਸਿਆ ਕਰੀ।

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਭਾਗ॥***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***

***ਪੰਨਾ - 1382***

ਐਸੀ ਅਵਸਥਾ ਹੋ ਗਈ, ਮੁਰਦਿਆਂ ਵਾਂਗ ਬਣ ਗਏ। ਆਵਾਜ਼ ਆਈ ਕਿ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***

***ਪੰਨਾ - 1378***

ਫਰੀਦਾ ਜਿਸਨੂੰ ਟੋਲ੍ਹਦਾ ਹੈਂ ਉਹ ਤਾਂ ਤੇਰੇ ਅੰਦਰ ਵਸਦਾ ਹੈ। ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ, ਟੋਲ੍ਹ ਲੈ ਕੋਈ ਪੂਰਾ ਬਖਸ਼ਿਆ ਹੋਇਆ, ਮਿਲਿਆ ਹੋਇਆ, ਉਹ ਤੈਨੂੰ ਮਿਲਾ ਦਏਗਾ। ਜੰਗਲਾਂ ਵਿਚੋਂ ਰੱਬ ਨਹੀਂ ਮਿਲਦਾ, ਰੱਬ ਤੇਰੇ ਅੰਦਰ ਹੈ, ਤੇਰੀ ਅੱਖ ਬੰਦ ਹੋਈ ਹੋਈ ਹੈ, ਉਹ ਅੱਖ ਖੁੱਲ੍ਹਾਅ ਲੈ, ਖੁੱਲ੍ਹ ਜਾਂਦੀ ਹੈ ਮਹਾਂਪੁਰਸ਼ਾਂ ਨਾਲ, ਫੇਰ ਤੈਨੂੰ ਰੱਬ ਹਰ ਥਾਂ ਤੇ ਨਜ਼ਰ ਆਏਗਾ। ਬਖਤਿਆਰ ਕਾਕੀ ਕੋਲ ਚਲਿਆ ਗਿਆ, ਉਥੇ ਜਾ ਕੇ ਮੁਰਸ਼ਦ ਧਾਰਨ ਕਰਿਆ। ਚੌਦਾਂ ਸਾਲ ਸੇਵਾ ਕਰਦੇ ਨੂੰ ਲੰਘ ਗਏ। ਪਹਿਲੇ ਦਿਨ ਬਚਨ ਹੋਏ ਸੀ। ਸ਼ਕਤੀਆਂ ਦਿਖਾਈਆਂ, ਮੁਰਸ਼ਦ ਨੇ ਗਿਣਿਆ ਨਾ ਕਿ ਐਵੇਂ ਹੀ ਕੋਈ ਫੋਕਾ ਬੰਦਾ ਆ ਗਿਆ। ਚੌਦਾਂ ਸਾਲ ਲੱਗੇ, ਮੁਰਸ਼ਦ ਦੁਬਾਰਾ ਨਹੀਂ ਸੀ ਬੋਲਿਆ, ਪਰ ਸਾਰਾ ਹੀ ਪਤਾ ਹੁੰਦਾ ਹੈ ਸੰਤਾਂ ਨੂੰ ਕਿ ਕਿਹੜਾ ਸੇਵਾ ਕਰਦਾ ਹੈ, ਕੌਣ ਨਾਮ ਜਪਦਾ ਹੈ, ਕਿਹੜਾ ਲਗਨ ਵਿਚ ਹੈ, ਕਿਹੜਾ ਲਗਨ ਤੋਂ ਬਾਹਰ ਹੈ, ਕਿਹੜਾ ਦਿਖਾਵੇ ਵਿਚ ਹੈ। ਸਭ ਜਾਣਦੇ ਸਨ। ਅੰਦਰ ਕਦਰ ਸੀ ਕਿ ਜੇ ਕੋਈ ਹੈ ਇਸ ਡੇਰੇ ਦੇ ਅੰਦਰ, ਏਸ ਤਕੀਏ ਦੇ ਅੰਦਰ ਤਾਂ ਕੇਵਲ ਫਰੀਦ ਹੈ ਤੇ ਅੱਜ ਉਸ ਦੀ ਕਮਾਈ ਘਾਲ ਜਿਹੜੀ ਸੀ, ਉਹ ਸਿਰੇ ਲੱਗ ਗਈ ਤੇ ਪਰਚਾ ਪਾ ਦਿੱਤਾ। ਰਾਤ ਨੂੰ ਐਨੀ ਜ਼ੋਰ ਦਾ ਮੀਂਹ ਵਰਸਿਆ, ਐਨਾ ਝਾਂਜਾ ਚਲਿਆ, ਝੱਖੜ ਚਲਿਆ ਕਿ ਅੰਦਰ ਆ ਆ ਕੇ ਮੀਂਹ ਪਿਆ, ਛਰਾਟੇ ਆਉਣ ਤੇ ਜਿਥੇ ਅੱਗ ਦੱਬੀ ਹੋਈ ਸੀ, ਓਸ ਟੋਏ ਵਿਚ ਵੀ ਪਾਣੀ ਜਮ੍ਹਾਂ ਹੋ ਗਿਆ।

ਫਰੀਦ ਆਪਣੇ ਨੇਮ ਅਨੁਸਾਰ ਉਠਿਆ ਤੇ ਮੁਰਸ਼ਦ ਦੇ ਇਸ਼ਨਾਨ ਵਾਸਤੇ ਪਾਣੀ ਗਰਮ ਕਰਨ ਲਈ ਜਦੋਂ ਉਥੇ ਗਿਆ ਤਾਂ ਹੈਰਾਨ ਹੋ ਗਿਆ ਕਿ ਟੋਏ ਵਿਚ ਤਾਂ ਪਾਣੀ ਭਰਿਆ ਹੋਇਆ ਹੈ ਤੇ ਅੱਗ ਬੁਝ ਚੁੱਕੀ ਹੈ ਸਾਰੀ। ਸੋ ਬਹੁਤ ਅਫਸੋਸ ਵਿਚ ਆ ਗਿਆ ਤੇ ਸੋਚਿਆ ਕਿ ਮੇਰੀ ਚੌਦਾਂ ਸਾਲ ਦੀ ਇਹ ਮਿਹਨਤ, ਬਾਰਾਂ ਸਾਲਾਂ ਦਾ ਪਹਿਲਾ ਤਪ ਤੇ ਬਾਰਾਂ ਸਾਲਾਂ ਦਾ ਦੂਸਰਾ ਤਪ, ਜੇ ਅੱਜ ਮੈਂ ਫੇਲ੍ਹ ਹੋ ਗਿਆ ਤਾਂ ਅਠੱਤੀ ਸਾਲ ਗਏ ਮੇਰੇ। ਬਹੁਤ ਸੋਚਾਂ ਸੋਚਦਾ ਹੈ। ਅਖੀਰ ਖਿਆਲ ਆਇਆ ਕਿ ਸ਼ਹਿਰ ਵਿਚ ਜਾਵਾਂ, ਨਾਲ ਹੀ ਸੋਚਿਆ ਕਿ ਚਿੱਕੜ ਬਹੁਤ ਹੈ, ਭਿੱਜ ਜਾਵਾਂਗਾ ਪਰ ਨਾਲ ਦੀ ਨਾਲ ਕਿਹਾ -

***ਫਰੀਦ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥***

***ਪੰਨਾ - 1379***

ਏਸ ਤਰ੍ਹਾਂ ਦੇ ਨਾਲ ਵਿਚਾਰ ਕਰਦਾ ਹੈ -

***ਧਾਰਨਾ - ਜੇ ਚਲਦਾਂ ਤਾਂ ਭਿੱਜਦੀ ਹੈ ਕੰਬਲੀ,***
***ਜੇ ਚਲਦਾਂ, ......,***
***ਰਹਿੰਦਾਂ ਨੇਹੁੰ ਟੁਟਦਾ ਮੇਰਾ, ਮੇਰਾ,***
***ਰਹਿੰਦਾਂ ਨੇਹੁੰ ਟੁਟਦਾ, ਜੇ ਚਲਦਾਂ -2, 2.***
***ਜੇ ਚਲਦਾਂ ਤਾਂ ਭਿਜਦੀ ਹੈ ਕੰਬਲੀ,... ।***

ਸਮੱਸਿਆ ਹੋ ਗਈ, ਮੀਂਹ ਪੈ ਰਿਹਾ ਹੈ, ਸਰਦੀ ਦਾ ਮਹੀਨਾ ਹੈ, ਹੱਥ ਬਾਹਰ ਨਹੀਂ ਨਿਕਲਦਾ। ਚਿੱਕੜ ਹੀ ਚਿੱਕੜ ਹੋਇਆ ਪਿਆ ਹੈ। ਹੁਣ ਜੇ ਇਸ਼ਨਾਨ ਨਹੀਂ ਕਰਾਉਂਦਾ ਤਾਂ ਚੌਦਾਂ ਸਾਲ ਦਾ ਨੇਮ ਟੁੱਟ ਜਾਂਦਾ ਹੈ। ਉਸ ਵੇਲੇ ਫੈਸਲਾ ਕਰਿਆ ਕਿ ਜੋ ਹੋਣਾ ਹੈ ਹੋ ਜਾਵੇ ਪਰ ਮੇਰਾ ਨੇਹੁੰ ਨਹੀਂ ਟੁਟਣਾ ਚਾਹੀਦਾ -

***ਧਾਰਨਾ - ਮੇਰੀ ਟੁਟੇ ਨਾ ਪ੍ਰੇਮ ਵਾਲੀ ਡੋਰੀ,***
***ਭਿੱਜ ਭਾਵੇਂ ਜਾਵੇ ਕੰਬਲੀ -2, 2.***
***ਮੇਰੇ ਪਿਆਰੇ, ਭਿੱਜ ਭਾਵੇਂ ਜਾਵੇ ਕੰਬਲੀ -2.***
***ਵਾਹਵਾ-ਵਾਹਵਾ, ਭਿੱਜ ਭਾਵੇਂ ਜਾਵੇ ਕੰਬਲੀ -2.***
***ਮੇਰੀ ਟੁਟੇ ਨਾ ਪ੍ਰੇਮ ਵਾਲੀ ਡੋਰੀ,....... -2.***

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥***

***ਪੰਨਾ - 1379***

ਕੰਬਲੀ ਲਈ ਉਤੇ, ਭਿੱਜਦੇ ਹੋਏ, ਠੁਰ ਠੁਰ ਕਰਦੇ ਹੋਏ ਆਪ ਅਜਮੇਰ ਸ਼ਰੀਫ ਵੱਲ ਨੂੰ ਚੱਲ ਰਹੇ ਨੇ। ਬਜਾਰ ਵਿਚ ਫਿਰਦੇ ਨੇ, ਰਾਤ ਦਾ ਇਕ ਵੱਜਿਆ ਹੋਇਆ ਹੈ। ਸਾਰਿਆਂ ਦੇ ਘਰਾਂ ਵਿਚ ਹਨ੍ਹੇਰਾ ਹੈ, ਕੋਈ ਨਹੀਂ ਜਾਗ ਰਿਹਾ, ਮੀਂਹ ਪੈ ਰਿਹਾ ਹੈ। ਛਾਛੜੇ ਦਾ ਮੀਂਹ ਪੈਂਦਾ ਹੈ, ਜ਼ੋਰ

ਦੀ ਹਵਾ ਚੱਲ ਰਹੀ ਹੈ।

ਸੋ ਅੱਗੇ ਜਾ ਕੇ ਦੇਖਦੇ ਨੇ ਕਿ ਇਕ ਘਰ ਦੇ ਅੰਦਰੋਂ ਖਿੜਕੀਆਂ ਦੇ ਵਿਚੋਂ ਲੋਅ ਆ ਰਹੀ ਹੈ - ਕਿਸੇ ਦੀਵੇ ਦੀ। ਜੇ ਹਨ੍ਹੇਰਾ ਹੋਵੇ ਤਾਂ ਚਾਹੇ ਇਕ ਦੀਵਾ ਜਲਦਾ ਹੋਵੇ ਤਾਂ ਦੂਰ-ਦੂਰ ਤੱਕ ਦਿਸਣ ਲੱਗ ਜਾਂਦਾ ਹੈ। ਉਥੇ ਜਾ ਕੇ ਦਸਤਕ ਦਿੱਤੀ, ਦਰਵਾਜ਼ਾ ਖੜਕਾਇਆ।

ਆਵਾਜ਼ ਆਈ, "ਕੌਣ?"

ਕਹਿੰਦਾ, "ਮੈਂ ਫਰੀਦ ਹਾਂ, ਮੁਰਸ਼ਦ ਦਾ ਮੁਰੀਦ।"

ਆਵਾਜ਼ ਆਈ, "ਫਰੀਦਾ! ਜਿਸ ਦਰਵਾਜ਼ੇ ਨੂੰ ਤੂੰ ਖੜਕਾਉਂਦਾ ਹੈਂ ਇਹ ਪੀਰਾਂ ਮੁਰੀਦਾਂ ਦਾ ਦਰਵਾਜ਼ਾ ਨਹੀਂ, ਇਥੇ ਪੀਰਾਂ ਮੁਰੀਦਾਂ ਦਾ ਨਹੀਂ ਕੋਈ ਕੰਮ। ਇਥੋਂ ਤਾਂ ਨਰਕ ਦੇ ਟਿਕਟ ਮਿਲਦੇ ਨੇ।"

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***
***ਪੰਨਾ - 642***

ਕਹਿੰਦਾ, "ਬੀਬੀ! ਮੈਂ ਸਮਝਿਆ ਨਹੀਂ।"

ਕਹਿੰਦੀ, "ਫਰੀਦਾ! ਇਹ ਤਾਂ ਵੇਸ਼ਵਾ ਦਾ ਘਰ ਹੈ।"

ਕਹਿੰਦਾ, "ਬੀਬਾ! ਚਾਹੇ ਵੇਸ਼ਵਾ ਦਾ ਘਰ ਹੈ ਪਰ ਮੈਨੂੰ ਅੱਜ ਕੰਮ ਪਿਆ ਹੈ ਤੇਰੇ ਤੱਕ। ਕਿਰਪਾ ਕਰ ਤੇ ਹੇਠਾਂ ਆ ਕੇ ਮੇਰੀ ਬੇਨਤੀ ਸੁਣ।"

ਹੇਠਾਂ ਆ ਗਈ। ਮੁਰਸ਼ਦ ਨੇ ਐਸਾ ਸਖਤ ਕਰ ਦਿੱਤਾ ਆਪਣੀ ਸ਼ਕਤੀ ਦੇ ਨਾਲ ਉਸ ਦਾ ਦਿਲ ਕਿ ਉਹ ਬਹੁਤ ਕੜਕ ਕੇ ਬੋਲਦੀ ਹੈ।

ਕਹਿੰਦੀ, "ਕੀ ਕੰਮ ਹੈ? ਇਥੇ ਆ ਕੇ ਦਰਵਾਜ਼ਾ ਖੜਕਾਇਆ ਹੈ ਮੇਰਾ।"

ਕਹਿਣ ਲੱਗੇ, "ਬੀਬਾ! ਮੇਰੇ ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਰਿਹਾ ਹੈ ਛੇਤੀ, ਅੱਗ ਬੁਝ ਗਈ ਹੈ ਤੇ ਮੈਨੂੰ ਅੱਗ ਚਾਹੀਦੀ ਹੈ।"

ਕਹਿੰਦੀ, "ਅੱਗ ਚਾਹੀਦੀ ਹੈ? ਅੱਗ ਕਿਤੇ ਮੁਫਤ ਮਿਲ ਜਾਏਗੀ ਤੈਨੂੰ?"

ਕਹਿੰਦਾ, "ਬੀਬਾ! ਮੈਥੋਂ ਜੋ ਮੰਗਣਾ ਹੈ ਮੰਗ।"

ਉਹ ਕਹਿੰਦੀ, "ਤੈਨੂੰ ਆਪਣੇ ਸਰੀਰ ਦਾ ਅੰਗ ਦੇਣਾ ਪੈਣਾ ਹੈ।"

ਖੁਸ਼ ਹੋ ਗਿਆ ਕਿ ਇਹ ਤਾਂ ਸਸਤਾ ਤੇ ਸੁਖਾਲਾ ਸੌਦਾ ਹੈ। ਜੇ ਸਰੀਰ ਦੇ ਅੰਗ ਦੇ ਬਦਲੇ ਅੱਗ ਮਿਲ ਜਾਵੇ ਤੇ ਮੁਰਸ਼ਦ ਖੁਸ਼ ਹੋ ਜਾਵੇ, ਮੰਨ ਜਾਵੇ ਫੇਰ ਤਾਂ ਇਹ ਸੌਦਾ ਹੀ ਬਹੁਤ ਸਸਤਾ ਹੈ। ਇਉਂ ਪੜ੍ਹ ਲਓ -

***ਧਾਰਨਾ - ਸਿਰ ਦਿਤਿਆਂ ਜੇ ਮੁਰਸ਼ਦ ਮੰਨ ਜਾਏ,***
***ਸਿਰ ਦਿੱਤਿਆਂ,***
***ਸਿਰ ਦਿਤਿਆਂ ਜੇ ਮੁਰਸ਼ਦ ਮੰਨ ਜਾਏ,***
***ਹੱਸ ਕੇ ਸੀਸ ਵਾਰੀਏ, ਪਿਆਰਿਓ,***
***ਪਿਆਰਿਓ, ਹਸ ਕੇ ਸੀਸ ਵਾਰੀਏ,***
***ਸਿਰ ਦਿਤਿਆਂ -2.***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ - 1412***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਖੁਸ਼ ਹੋ ਗਿਆ ਬਾਬਾ ਫਰੀਦ ਕਿ ਇਹ ਤਾਂ ਬਹੁਤ ਸਸਤਾ ਸੌਦਾ ਹੈ। ਜੇ ਸੀਸ ਵੀ ਮੰਗ ਲਿਆ, ਫੇਰ ਵੀ ਸਸਤਾ ਹੀ ਸੌਦਾ ਹੈ। ਸੀਸ ਮੰਗਦਾ ਹੈ ਨਾ ਮੁਰਸ਼ਦ?

ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਹੈ। ਅਚਾਨਕ ਗੁਰੂ ਦਸਮੇਸ਼ ਪਿਤਾ ਸਿਰੀ ਸਾਹਿਬ ਕੱਢ ਕੇ ਤਖਤ ਦੇ ਉਤੇ ਖੜ੍ਹੇ ਹੋ ਗਏ ਤੇ ਆਵਾਜ਼ ਦਿਤੀ ਇਕ ਸੀਸ ਦੀ ਲੋੜ ਹੈ, ਨਿਤਰੋ ਕੋਈ ਸਿੱਖ। ਨੱਠ-ਨੱਠ ਕੇ ਨਿਕਲਦੇ ਨੇ ਇਕ, ਦੋ, ਤਿੰਨ, ਚਾਰ, ਪੰਜ ਕਿ ਐਨਾ ਸਸਤਾ ਸੌਦਾ? ਸਾਡਾ ਗੁਰੂ ਮੰਨ ਜਾਏਗਾ, ਪ੍ਰਸੰਨ ਹੋ ਜਾਏਗਾ ਸੀਸ ਦਿਤਿਆਂ। ਸੀਸ ਤਾਂ ਅਸੀਂ ਬਹੁਤ ਛੋਟੀ ਜਿਹੀ ਚੀਜ਼ ਤੇ ਹੀ ਦੇਣ ਨੂੰ ਤਿਆਰ ਹਾਂ। ਜੇ ਮੁਰਸ਼ਦ ਮੰਨ ਜਾਵੇ ਤੇ ਮੁਰਸ਼ਦ ਦੇ ਲੇਖੇ ਸਰੀਰ ਲੱਗ ਜਾਵੇ ਫੇਰ ਕੋਈ ਔਖੀ ਬਾਤ ਨਹੀਂ ਹੁੰਦੀ, ਇਹ ਬਹੁਤ ਸਸਤਾ ਸੌਦਾ ਹੈ। ਸਾਡੇ ਤਾਂ ਏਸ ਤਰ੍ਹਾਂ ਹੈ ਕਿ ਛੋਟੀ ਜਿਹੀ ਚੀਜ਼ ਤੇ ਹੀ ਅਸੀਂ ਸੀਸ ਕੁਰਬਾਨ ਕਰਨ ਨੂੰ ਤਿਆਰ ਹਾਂ। ਏਸ ਤਰ੍ਹਾਂ ਫੁਰਮਾਉਂਦੇ ਨੇ-

***ਧਾਰਨਾ - ਸੀਸ ਵੱਢ ਕੇ ਬਣਾ ਦੇਵਾਂ ਮੂੜ੍ਹਾ,***
***ਗੱਲਾਂ ਜੋ ਸੁਣਾਵੇ ਤੇਰੀਆ -2, 2.***
***ਮੇਰੇ ਸਾਹਿਬਾ! ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਸੀਸ ਵੱਢ ਕੇ ਬਣਾ ਦੇਵਾਂ ਮੂੜ੍ਹਾ... -2, 2.***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ - 558***

ਪਿਆਰੇ ਦੀਆਂ, ਮੁਰਸ਼ਦ ਦੀਆਂ ਕੋਈ ਗੱਲਾਂ ਸੁਣਾ ਦੇਵੇ ਤਾਂ ਜੀਅ ਕਰਦਾ ਹੈ ਕਿ ਇਸ ਨੂੰ ਸੀਸ ਵੱਢ ਕੇ ਇਸ ਦੇ ਉਤੇ ਬਿਠਾਈਏ। ਸੋ ਏਸ ਤਰ੍ਹਾਂ ਦੇ ਨਾਲ ਬਾਬਾ ਫਰੀਦ ਕਹਿਣ ਲੱਗੇ ਕਿ ਇਹ ਤਾਂ ਬਹੁਤ ਸਸਤਾ ਹੈ ਸੌਦਾ। ਸਰੀਰ ਦਾ ਅੰਗ ਦੇਣਾ ਤਾਂ ਕੋਈ ਵੀ ਔਖੀ ਬਾਤ ਨਹੀਂ, ਕੋਈ ਸਰੀਰ ਦਾ ਅੰਗ ਲੈ ਲਵੇ।

ਕਹਿਣ ਲੱਗੇ, "ਬੀਬਾ! ਆਹ ਸਰੀਰ ਹਾਜ਼ਰ ਹੈ, ਦੱਸ ਸਰੀਰ ਦਾ ਕਿਹੜਾ ਅੰਗ ਚਾਹੀਦਾ ਹੈ?"

ਕਹਿੰਦੀ, "ਫਰੀਦਾ! ਡੇਲਾ ਚਾਹੀਦਾ ਹੈ ਤੇਰੀ ਅੱਖ ਦਾ।"

ਸ਼ੁਕਰ ਕੀਤਾ ਮੁਰਸ਼ਦ ਦਾ ਕਿ ਡੇਲਾ ਦੇਣਾ ਕਿਹੜੀ ਔਖੀ ਗੱਲ ਹੈ। ਅੱਖ ਅੱਗੇ ਕਰ ਦਿੱਤੀ ਤੇ ਕਹਿੰਦੇ, "ਲੈ ਬੀਬੀ! ਕੱਢ ਲੈ।"

ਕਹਿੰਦੀ, "ਨਾ, ਆਪ ਕੱਢ ਕੇ ਦੇਹ।" ਪਲੇਟ ਲੈ ਆਂਦੀ ਜਾ ਕੇ।

ਫਰੀਦ ਨੇ ਉਂਗਲੀਆਂ ਪਾਈਆਂ ਦੋ, ਡੇਲਾ ਕੱਢਿਆ ਤੇ ਹਵਾਲੇ ਕਰ ਦਿੱਤਾ। ਪੱਟੀ ਬੰਨ੍ਹ ਲਈ ਆਪਣੀ ਦਸਤਾਰ ਪਾੜ ਕੇ। ਉਸੇ ਤਰ੍ਹਾਂ ਅੱਗ ਲੈ ਕੇ ਡੇਰੇ ਵਾਪਸ ਪਹੁੰਚਿਆ, ਇਸ਼ਨਾਨ ਕਰਾਇਆ। ਆਪ ਇਸ਼ਨਾਨ ਕਰਿਆ। ਕੋਈ ਬਾਤ ਨਹੀਂ ਕਹੀ ਕਿ ਮਹਾਰਾਜ! ਅੱਜ ਮੈਂ ਅੱਗ ਬਹੁਤ ਔਖਾ ਹੋ ਕੇ ਲਿਆਇਆ ਹਾਂ। ਆਹ ਫਰਕ ਹੈ ਸਾਡਾ ਤੇ ਉਹਨਾਂ ਦਾ। ਅਸੀਂ ਇਕ ਰਾਈ ਕਰਕੇ ਮਣ ਦਸਦੇ ਹਾਂ। ਥੋੜ੍ਹਾ ਜਿਹਾ ਕੰਮ ਕਰਨਾ ਪੈ ਜਾਵੇ, ਸੇਵਾ ਕਰਨੀ ਪੈ ਜਾਵੇ, ਓਹਦਾ ਹੀ ਅਸੀਂ ਰੌਲਾ ਪਾਈ ਜਾਵਾਂਗੇ ਕਿ ਆਹ ਸੇਵਾ ਮੈਂ ਕਰਦਾ ਹਾਂ, ਮੈਂ ਸੇਵਾ ਕਰਦਾ ਥੱਕ ਗਿਆ। ਓ ਭਲੇ ਮਾਣਸੋ! ਸ਼ੁਕਰ ਕਰੋ ਵਾਹਿਗੁਰੂ ਦਾ ਕਿ ਤੁਹਾਨੂੰ ਸੇਵਾ ਦੇ ਦਿਤੀ ਮਹਾਰਾਜ ਜੀ ਨੇ, ਰੋਜ਼ ਸ਼ੁਕਰ ਕਰੋ, ਦਸ ਵਾਰੀ ਮੱਥਾ ਟੇਕੋ ਕਿ ਸੱਚੇ ਪਾਤਿਸ਼ਾਹ! ਇਹ ਸੇਵਾ ਮੈਨੂੰ ਦੇਈ ਰੱਖੀਂ। ਸੇਵਾ ਤਾਂ ਭਾਗਾਂ ਵਾਲਿਆਂ ਨੂੰ ਮਿਲਦੀ ਹੈ, ਹਰ ਬੰਦੇ ਨੂੰ ਸੇਵਾ ਨਹੀਂ ਮਿਲਦੀ -

***ਕਰਿਕੇ ਨੀਚ ਸਦਾਵਣਾ ਤਾ ਪ੍ਰਭੁ ਲੇਖੈ ਅੰਦਰਿ ਪਾਈ॥***
***ਭਾਈ ਗੁਰਦਾਸ ਜੀ ਦੀ ਵਾਰ 1/16***

ਸੇਵਾ ਕਰੋ ਤੇ ਫੇਰ ਕਹੋ ਮੈਂ ਤਾਂ ਕੁਝ ਕਰਿਆ ਹੀ ਨਹੀਂ; ਸੱਚੇ ਦਿਲ ਨਾਲ ਕਹੋ। ਗੁੱਸਾ ਉਸ ਨੂੰ ਆਏਗਾ ਜਿਹੜਾ ਕਹੇਗਾ ਮੈਂ ਸੇਵਾ ਕਰਦਾ ਹਾਂ। ਹੋਰ ਕਿਸੇ ਨੂੰ ਲਾ ਦਿਓ ਤਾਂ ਔਖਾ ਹੋ ਜਾਏਗਾ ਕਿ ਮੇਰੀ ਸੇਵਾ ਉਸ ਨੂੰ ਦੇ ਦਿੱਤੀ। ਉਹ ਲੇਖੇ ਵਿਚ ਨਹੀਂ ਪਿਆ ਕਰਦੀ, ਉਹ ਥਕੇਵਾਂ ਹੋਇਆ ਕਰਦਾ ਹੈ।

ਸੋ ਛੋਟੀ ਛੋਟੀ ਗੱਲ ਨੂੰ ਅਸੀਂ ਬਹੁਤ ਵੱਡੀ ਬਣਾ ਕੇ ਦੱਸਦੇ ਹਾਂ। ਏਧਰ ਅੱਖ ਦਾ ਡੇਲਾ ਦਿੱਤਾ ਹੋਇਆ ਹੈ, ਕਿੰਨੀ ਦਰਦ ਹੁੰਦੀ ਹੋਣੀ ਹੈ, ਕਿੰਨੀ ਤਕਲੀਫ ਹੋਏਗੀ? ਆਪ ਇਸ਼ਨਾਨ ਕਰਿਆ, ਮੁਰਸ਼ਦ ਦਾ ਇਸ਼ਨਾਨ ਕਰਾਇਆ, ਕੋਈ ਗੱਲ ਨਹੀਂ ਕਰੀ ਕਿ ਮਹਾਰਾਜ! ਅੱਜ ਤਾਂ ਅੱਗ ਬੁਝ ਗਈ ਸੀ, ਆਹ ਡੇਲੇ ਦੇ ਬਦਲੇ ਲਿਆਇਆ ਹਾਂ। ਜਾਣਦੇ ਸੀ ਕਿ ਸਭ ਕੁਝ ਜਾਣਦੇ ਨੇ। ਗੋਸ਼ਾ-ਨਸ਼ੀਨ ਹੋ ਕੇ ਬੈਠ ਗਏ, ਕੰਧ ਵੱਲ ਮੂੰਹ ਕਰ ਲਿਆ, ਸਿਮਰਨ ਕਰ ਰਹੇ ਨੇ, ਦਿਨ ਚੜ੍ਹ ਗਿਆ। ਮੁਰਸ਼ਦ ਨੇ ਕਿਹਾ ਕਿ ਫਰੀਦ ਨਹੀਂ ਨਜ਼ਰ ਆ ਰਿਹਾ।

ਕਹਿੰਦੇ, "ਉਹ ਤਾਂ ਬੈਠਾ ਹੈ ਮਹਾਰਾਜ।"

ਕਹਿੰਦੇ, "ਬੁਲਾ ਕੇ ਲਿਆਓ।" ਬੁਲਾ ਕੇ ਲੈ ਆਏ, ਸਾਹਮਣੇ ਆ ਗਏ।

ਮੁਰਸ਼ਦ ਕਹਿੰਦੇ, "ਫਰੀਦਾ! ਅੱਖ ਬੰਨ੍ਹੀ ਹੋਈ ਹੈ?"

ਕਹਿੰਦਾ, "ਮੁਰਸ਼ਦ! ਅੱਖ ਆਈ ਹੋਈ ਹੈ।" ਪੰਜਾਬ ਵਿਚ 'ਆਈ ਹੋਈ' ਅੱਖ ਕਹਿੰਦੇ ਨੇ ਜੇ ਅੱਖ ਦੁਖਦੀ ਹੋਵੇ।

ਕਹਿੰਦੇ, "ਫਰੀਦਾ! ਆਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਬੰਨੀਦੀਆਂ ਨੇ। ਖੋਲ੍ਹ ਦੇ ਪੱਟੀ।"

ਪੱਟੀ ਖੋਲ੍ਹੀ ਤਾਂ ਸਵਾਈ ਅੱਖ। ਉਸੇ ਵੇਲੇ ਬੁਕਲ ਵਿਚ ਲੈ ਲਿਆ। ਸਾਰੀਆਂ ਰਿਧੀਆਂ ਸਿਧੀਆਂ, ਬ੍ਰਹਮ ਗਿਆਨ ਦੇ ਭੰਡਾਰੇ ਬਖਸ਼ ਦਿੱਤੇ। ਉਸ ਸੇਵਾ ਦੇ ਬਦਲੇ ਅੱਜ ਫਰੀਦ ਜੀ ਸਾਡੇ ਸਤਿਗੁਰੂ ਬਣੇ ਹੋਏ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ। ਅਸੀਂ ਕੋਈ ਨਹੀਂ ਕਹਿੰਦੇ ਕਿ ਇਹ ਤਾਂ ਫਰੀਦ ਜੀ ਦੀ ਬਾਣੀ ਹੈ। ਜਿਹੜਾ ਇਹ ਗੱਲ ਕਹਿੰਦਾ ਹੈ ਉਹ ਬੜਾ ਭੁੱਲ ਵਿਚ ਹੈ ਕਿਉਂਕਿ ਸਾਰੀ ਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਮੁਖਾਰਬਿੰਦ ਤੋਂ ਉਚਾਰਣ ਹੋਈ ਬਾਣੀ ਹੈ। ਕਿਸੇ ਦੀ ਬਾਣੀ ਨਹੀਂ ਇਥੇ ਸਿਵਾਏ ਗੁਰੂ ਨਾਨਕ ਮਹਾਰਾਜ ਜੀ ਤੋਂ। ਚਾਹੇ ਫਰੀਦ ਜੀ ਦਾ ਨਾਉਂ ਲਿਖਿਆ ਹੋਇਆ ਹੈ, ਚਾਹੇ ਕਬੀਰ ਜੀ ਦਾ ਨਾਮ ਹੋਵੇ, ਇਹ ਸਾਰੀ ਬਾਣੀ ਗੁਰੂ ਦਸਵੇਂ ਪਾਤਿਸ਼ਾਹ ਦੇ ਮੁੱਖ ਤੋਂ ਉਚਾਰਨ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਆਈ ਹੈ।

ਸੋ ਜਿਨ੍ਹਾਂ ਨੇ ਮਰਦਾਂ ਵਾਂਗ ਘਾਲਣਾ ਘਾਲੀਆਂ, ਉਹ ਪਹੁੰਚਦੇ ਨੇ। ਜਿਹੜੇ ਅੱਧ ਦੇ ਵਿਚ ਟੁਟਦੇ ਨੇ, ਉਹ ਰਹਿ ਜਾਂਦੇ ਨੇ ਸਾਧ ਸੰਗਤ ਜੀ। ਸੋ ਏਸ ਤਰ੍ਹਾਂ ਦੇ ਨਾਲ ਬੜਾ ਔਖਾ ਪਰਚਾ ਪਿਆ ਸੀ।

ਸੋ ਏਧਰ ਵੀ ਪਰਚਾ ਬਹੁਤ ਔਖਾ ਪੈ ਗਿਆ। ਗੁਰੂ ਨਾਨਕ ਮਹਾਰਾਜ ਜੀ ਕਹਿੰਦੇ ਕਿ ਜੇ ਮੇਰੇ ਪਿਛੋਂ ਨਹੀਂ ਲਹਿਣਾ ਤੁਸੀਂ ਤਾਂ ਜਾ ਕੇ ਮੁਰਦਾ ਖਾਓ। ਉਸ ਵੇਲੇ ਭਾਈ ਲਹਿਣਾ ਜੀ ਡਾਵਾਡੋਲ ਨਹੀਂ ਹੋਏ ਪਰ ਬਾਬਾ ਬੁਢਾ ਜੀ ਤੇ ਦੁਨੀ ਚੰਦ ਪੈਰ ਮਲਣ ਲੱਗ ਗਏ, ਤੁਰਦੇ ਨਹੀਂ, ਹੌਲੀ-ਹੌਲੀ ਕਦਮ ਪੁਟਦੇ ਨੇ ਕਿ ਹੈਂ! ਮੁਰਦਾ ਖਾਣਾ ਹੈ? ਕਿਵੇਂ ਖਾਵਾਂਗੇ ਮੁਰਦਾ? ਪਤਾ ਨਹੀਂ ਕਿੰਨੇ ਦਿਨਾਂ ਦਾ ਸੜਿਆ ਹੋਇਆ ਹੋਵੇ ਮੁਰਦਾ ਪਰ ਆਪ ਉਸ ਵੇਲੇ ਅੰਤਰ ਧਿਆਨ ਹੋ ਕੇ ਨਾਲੇ ਤੁਰੇ ਜਾਂਦੇ ਨੇ ਤੇ ਨਾਲੇ ਬੇਨਤੀ ਇਸ ਤਰ੍ਹਾਂ ਕਰਦੇ ਨੇ-

***ਧਾਰਨਾ - ਏਹੋ ਮੇਰੀ ਓ, ਬੇਨਤੀ ਗੁਰਾ -2, 2.***
***ਮੇਰਾ ਸਿਦਕ ਸਲਾਮਤ ਰਹਿ ਜਾਏ -2, 2.***
***ਮੇਰਾ ਸਿਦਕ ਸਲਾਮਤ ਰਹਿ ਜਾਏ ਮਾਲਕਾ,***
***ਬੇਨਤੀ ਗੁਰਾ,***
***ਏਹੋ ਮੇਰੀ ਓ, ਬੇਨਤੀ ਗੁਰਾ....... -2.***

ਇਸ਼ਾਰਾ ਕਰ ਦਿੱਤਾ ਕਿ ਉਹ ਸਾਹਮਣੇ ਮੁਰਦਾ ਪਿਆ ਹੈ, ਜੇ ਮੇਰੇ ਮਗਰੋਂ ਨਹੀਂ ਹਟਣਾ ਤਾਂ ਅੱਗੇ ਵਧੋ ਤੇ ਮੁਰਦਾ ਖਾਓ। ਸਾਹਮਣੇ ਮੁਰਦਾ ਪਿਆ ਹੈ, ਹੁਣ ਮੁਰਦਾ ਖਲਾਉਣਗੇ, ਗਿਣਤੀ ਆ ਗਈ ਮਨਾਂ ਵਿਚ ਪਰ ਭਾਈ ਲਹਿਣਾ ਜੀ - ਆਪ ਬੇਨਤੀ ਵਿਚ ਆ ਗਏ ਕਿ ਪਾਤਿਸ਼ਾਹ! ਅਸੀਂ ਤੇਰੇ ਸੇਵਕ ਹਾਂ, ਜੋ ਤੈਨੂੰ ਭਾਉਂਦਾ ਹੈ, ਅਸੀਂ ਤਾਂ ਤੇਰਾ ਬਚਨ ਹੀ ਮੰਨਣਾ ਹੈ ਤੇ ਸਾਡਾ ਸਿਦਕ ਸਲਾਮਤ ਰਹਿ ਜਾਵੇ -

***ਧਾਰਨਾ - ਭਾਵੇਂ ਮੁਰਦਾ ਖਲਾ ਦੇ ਮਾਲਕਾ,***
***ਅਸੀਂ ਤੇਰਾ ਹੁਕਮ ਮੰਨਣਾ -2, 2.***
***ਮੇਰੇ ਸਾਹਿਬਾ, ਅਸੀਂ ਤੇਰਾ ਹੁਕਮ ਮੰਨਣਾ -2, 2.***
***ਭਾਵੇਂ ਮੁਰਦਾ ਖਲਾ ਦੇ ਮਾਲਕਾ,.... -2.***

ਪਾਤਿਸ਼ਾਹ! ਹੁਕਮ ਤੇਰਾ ਸਿਰ ਮੱਥੇ।

***ਸੁਨ ਸ੍ਰੀ ਮੁਖ ਤੇ ਬਚਨ ਕੋ ਸ੍ਰੀ ਲਹਿਣਾ ਤਤ ਕਾਲ॥***
***ਤਤ ਛਿਨ ਮੁਰਦੇ ਢਿਗ ਗਯੋ ਸਤਿਗੁਰ ਬਚਨੰ ਪਾਲ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਬਚਨ ਦੀ ਪਾਲਣਾ ਕਰੀ ਕਿ ਪਾਤਿਸ਼ਾਹ! ਅਸੀਂ ਤਾਂ ਤੇਰਾ ਬਚਨ ਮੰਨਣਾ ਹੈ, ਸਾਨੂੰ ਨਾ ਮੁਰਦੇ ਖਾਣ ਨਾਲ ਹੈ ਨਾ ਅੰਨ ਖਾਣ ਨਾਲ ਹੈ। ਤੇਰਾ ਬਚਨ ਜੋ ਹੋ ਗਿਆ ਅਸੀਂ ਪਾਲਣਾ ਹੈ। ਕਿੰਨਾ ਫਰਕ ਹੈ ਬਚਨ ਵਿਚ; ਸਾਡੇ ਵਾਸਤੇ ਇਹ ਹੁਕਮ ਨਹੀਂ ਹੈ ਕਿ ਮੁਰਦੇ ਖਾਓ। ਸਾਡੇ ਵਾਸਤੇ ਬੜਾ ਹੀ ਸੁਖਾਲਾ ਹੁਕਮ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 305***

ਸਾਡੇ ਵਾਸਤੇ ਤਾਂ ਬੜਾ ਹੀ ਸੁਖਾਲਾ ਹੁਕਮ ਹੈ ਕਿ ਅੰਮ੍ਰਿਤ ਵੇਲੇ ਉਠੋ ਭਾਈ, ਸੁਸਤੀ ਨੂੰ ਤਿਆਗੋ, ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰੋ। ਇਸ਼ਨਾਨ ਕਰਕੇ ਜੋ ਪੰਜ ਪਿਆਰਿਆਂ ਨੇ ਨਾਮ ਦਿੱਤਾ ਹੈ ਉਸ ਨੂੰ ਜਪੋ ਤੇ ਜਦੋਂ ਦਿਨ ਚੜ੍ਹ ਜਾਵੇ ਤਾਂ ਬਾਣੀ ਪੜ੍ਹੋ, ਬਹਿੰਦੇ ਉਠਦੇ ਪ੍ਰਮੇਸ਼ਰ ਵਿਚ ਧਿਆਨ ਰੱਖੋ, ਗੁਰੂ ਦਇਆਲ ਹੋ ਜਾਏਗਾ ਤੇ ਜੀਵ ਤੇ ਬ੍ਰਹਮ ਦੀ ਏਕਤਾ ਦਾ ਉਪਦੇਸ਼ ਦੇ ਕੇ ਪਰਮੇਸ਼ਰ ਬਣਾ ਦਏਗਾ ਤੇ ਫੇਰ ਜਿਹੜਾ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਜਪਾਉਂਦਾ ਹੈ, ਮਹਾਰਾਜ ਜੀ ਕਹਿੰਦੇ ਉਸ ਦੀ ਪਦਵੀ ਐਡੀ ਉਚੀ ਹੋ ਗਈ ਕਿ ਅਸੀਂ ਉਸ ਦੇ ਚਰਨਾਂ ਦੀ ਧੂੜ ਬਣ ਜਾਂਦੇ ਹਾਂ। ਐਡਾ ਕਰੜਾ ਹੁਕਮ ਤਾਂ ਹੈ ਹੀ ਨਹੀਂ ਸਾਨੂੰ ਕਿ ਮੁਰਦੇ ਖਾਓ ਜਾਂ ਸੀਸ ਦਿਓ। ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਨੂੰ ਸਖਤ ਕਸਵੱਟੀ ਵਿਚ ਨਹੀਂ ਪਾਉਂਦੇ, ਪਾਉਂਦੇ ਤਾਂ ਹਨ ਬਹੁਤ ਸਖਤ ਹੈ, ਬੜਾ ਔਖਾ ਹੈ ਇਹਨਾਂ ਦਾ ਹੁਕਮ ਮੰਨਣਾ ਪਰ ਉਹ ਸੁਖਾਲਾ-ਸੁਖਾਲਾ ਹੀ ਹੈ, ਫੇਰ ਵੀ ਐਨਾ ਔਖਾ ਨਹੀਂ ਹੈ ਜਿੰਨਾ ਭਾਈ ਮੰਝ ਨੇ ਮੰਨਿਆ, ਜਿੰਨਾ ਲਹਿਣਾ ਜੀ ਨੇ ਮੰਨਿਆ। ਐਸਾ ਹੁਕਮ ਨਹੀਂ ਜਿੰਨਾ ਗੁਰੂ ਅਮਰਦਾਸ ਮਹਾਰਾਜ ਜੀ ਨੇ ਬਾਰਾਂ ਸਾਲ ਦਿਨ ਰਾਤ ਜਾਗ ਕੇ ਹੁਕਮ ਮੰਨਿਆ। ਸੋ ਉਸ ਵੇਲੇ ਜਦੋਂ ਬਚਨ ਸੁਣਿਆ –

***ਸੁਨ ਸ੍ਰ ਮੁਖ ਤੇ ਬਚਨ ਕੋ ਸ੍ਰੀ ਲਹਿਣਾ ਤਤ ਕਾਲ॥***
***ਤਤ ਛਿਨ ਮੁਰਦੇ ਢਿਗ ਗਯੋ ਸਤਿਗੁਰ ਬਚਨੰ ਪਾਲ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 193***

ਆਪ ਖੜ੍ਹ ਗਏ ਕੋਲ ਜਾ ਕੇ, ਏਧਰ ਹੋਏ, ਓਧਰ ਹੋਏ। ਬਾਬਾ ਬੁਢਾ ਜੀ ਤੇ ਦੁਨੀ ਚੰਦ ਦੂਰ ਖੜ੍ਹੇ ਨੇ, ਨੇੜੇ ਨਹੀਂ ਆਏ। ਆਪ ਇਕੱਲੇ ਹੀ ਰਹਿ ਗਏ।

ਮਹਾਰਾਜ ਜੀ ਕੜਕ ਕੇ ਬੋਲੇ, "ਖੜ੍ਹਾ ਕੀ ਕਰਦਾ ਹੈਂ? ਖਾਂਦਾ ਕਿਉਂ ਨਹੀਂ?"

ਕਹਿੰਦੇ, "ਪਾਤਿਸ਼ਾਹ! ਤੇਰਾ ਹੁਕਮ ਚਾਹੁੰਦਾ ਹਾਂ ਕਿ ਕਿਧਰੋਂ ਖਾਵਾਂ?"

ਮਹਾਰਾਜ ਜੀ ਕਹਿੰਦੇ, "ਸਿਰ ਵਲੋਂ ਖਾਹ।"

ਹੋਰ ਸਮੱਸਿਆ ਪੈ ਗਈ ਕਿ ਹੋਰ ਪਾਸੇ ਤਾਂ ਬੁਰਕੀ ਵੱਢੀ ਜਾਏਗੀ ਪਰ ਸਿਰ ਤੇ ਤਾਂ ਵਾਲ ਹੁੰਦੇ ਨੇ।

ਕਹਿੰਦੇ, "ਠੀਕ ਹੈ ਮਹਾਰਾਜ!" ਜਦੋਂ ਮੁਰਦੇ ਉਪਰੋਂ ਕੱਪੜਾ ਉਤਾਰਿਆ ਤਾਂ –

***ਸੇਤ ਸੁ ਬਸਤ੍ਰ ਉਤਾਰਾ ਜਬਹੀ॥***
***ਦੇਖਿਯੋ ਨੀਚੋ ਕਛੂ ਨਹਿੰ ਤਬ ਹੀ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 193***

ਕੁਝ ਵੀ ਨਹੀਂ ਇਸ ਦੇ ਥੱਲੇ ਤਾਂ –

***ਲਖ ਅਸਚਰਜ ਰਹਿਯੋ ਬਿਸਮਾਈ॥***
***ਧਾਇ ਸਤਿਗੁਰੂ ਪਗ ਲਪਟਾਈ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 193***

ਦੌੜ ਕੇ ਜਾ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਚਰਨ ਫੜ ਲਏ, ਨਾਲੇ ਉਚੀ ਉਚੀ ਰੋਂਦੇ ਨੇ, ਕਹਿੰਦੇ, "ਪਾਤਿਸ਼ਾਹ! ਐਡਾ ਸਾਂਗ ਵਰਤਿਆ ਆਪ ਨੇ। ਸਾਰੀ ਸਿੱਖੀ ਭਰਮਾ ਦਿਤੀ, ਕੋਈ ਵੀ ਨਹੀਂ ਪੂਰਾ ਉਤਰ ਸਕਿਆ ਪਾਤਿਸ਼ਾਹ! ਐਡਾ ਸਾਂਗ?" ਜੇ ਕਿਤੇ ਪਤਾ ਲੱਗ ਜਾਂਦਾ ਕਿ ਐਵੇਂ ਹੀ ਕੱਪੜਾ ਬਣਾ ਕੇ ਰੱਖਿਆ ਹੋਇਆ ਹੈ ਕਿਸੇ ਚੀਜ਼ ਦੇ ਉਤੇ ਤਾਂ ਮੈਂ ਪਾਸ ਨਹੀਂ ਸੀ ਹੋਣਾ, ਬਾਕੀ ਸਾਰਿਆਂ ਨੇ ਹੀ ਪਾਸ ਹੋ ਜਾਣਾ ਸੀ। ਪਰ ਇਕ ਚਾਹੀਦਾ ਸੀ ਓਨ੍ਹਾਂ ਨੂੰ।

ਕਹਿੰਦੇ, "ਪਾਤਿਸ਼ਾਹ! ਤੂੰ ਦਇਆਲੂ ਹੈਂ, ਤੂੰ ਕਿਰਪਾਲੂ ਹੈਂ, ਇਮਤਿਹਾਨਾਂ ਵਿਚ ਪਾਇਆ ਤੇ ਬਚਾ ਵੀ ਲਿਆ।"

ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਤੋਂ ਰਿਹਾ ਨਾ ਗਿਆ ਸਾਧ ਸੰਗਤ ਜੀ! ਆਪ ਝੁਕੇ, ਦੋਹੇ ਮੋਢਿਆਂ ਤੋਂ ਫੜ ਕੇ ਲਹਿਣਾ ਜੀ ਨੂੰ ਖੜ੍ਹਾ ਕਰ ਲਿਆ ਤੇ ਘੁਟ ਕੇ ਜੱਫੀ ਦੇ ਵਿਚ ਲੈ ਲਿਆ। ਲੱਭ ਗਿਆ ਟਿਕਾਣਾ ਕਿ ਜਿਥੇ ਮੈਂ ਆਪਣੀ ਜੋਤ ਟਿਕਾਵਾਂ। ਖੁਸ਼ੀ ਹੋ ਗਈ ਕਿ ਹੈ ਥਾਂ, ਜਿਥੇ ਮੈਂ ਆਪਣੀ ਜੋਤ ਟਿਕਾਵਾਂ ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਨੇ ਜਾਣਾ ਨਹੀਂ ਸੀ ਸੰਸਾਰ ਤੋਂ।

***'ਚਲਦਾ'***

# ਨਿੱਤ ਅਵਤਾਰ

***ਸੰਤ ਕਲਿਆਣ ਦਾਸ ਸਿੰਘ ਜੀ***
***ਸ੍ਰੀ ਅਨੰਦਪੁਰ ਸਾਹਿਬ ਵਾਲੇ***

'ਅਵਤਾਰ' ਮਤਲਬ ਹੈ ਉਤਰਨਾ, ਕਿਸੇ ਉਚੇ ਚੜ੍ਹੇ ਬੈਠੇ, ਸਥਿਤ ਦਾ ਉਤਰਨਾ, ਉਚੇ ਤੋਂ ਨੀਚੇ ਉਤਰ ਕੇ ਆਉਣਾ। ਭਾਵ ਕਿਸੇ ਉਚੇ ਸਥਾਨ, ਉਚੇ ਲੋਕ ਤੋਂ ਨੀਚੇ ਪ੍ਰਿਥਵੀ ਤੇ ਜਨਮ ਲੈਣਾ, ਅਵਤਾਰ ਧਾਰਨਾ ਹੈ। ਉਚੇ ਲੋਕ ਤੋਂ ਨੀਚੇ (ਪ੍ਰਿਥਵੀ ਤੇ) ਉਤਰਨ ਵਾਲੇ ਹਰ ਕਿਸੇ ਨੂੰ ਅਵਤਾਰ ਨਹੀਂ ਕਿਹਾ ਜਾ ਸਕਦਾ। ਜੋ ਆਤਮਾ ਅੱਛੇ ਕਰਮਾਂ, ਦਾਨ ਪੁੰਨ ਕੀਤੇ ਦਾ ਫਲ ਭੋਗ ਕੇ ਪ੍ਰਿਥਵੀ ਤੇ ਜਨਮ ਲੈਂਦੀ ਹੈ, ਭਾਵੇਂ ਉਹ ਵੀ ਉਚੇ ਤੋਂ ਨੀਚੇ ਆਈ ਹੈ, ਉਸ ਨੂੰ ਅਵਤਾਰ ਕਿਹਾ ਜਾ ਸਕਦਾ ਹੈ, ਉਹ ਉਤਰਿਆ ਨਹੀਂ, ਗਿਰਿਆ ਹੈ, ਗੇਰਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਕਿਹਾ ਹੈ ਕਿ –

***ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥***
***ਪੰਨਾ – 279***

ਨਿੰਦਕ ਦੇ ਬਾਰ ਬਾਰ ਜਨਮ ਲੈਣ ਨੂੰ ਵੀ ਅਵਤਾਰ ਕਿਹਾ ਹੈ। ਅਵਤਾਰ ਦੇ ਸ਼ਬਦਾਰਥ (ਲਫਜ਼ੀ ਮਾਇਨੇ) ਹੈਂ – ਉਤਰਨਾ, ਉਚੇ ਤੋਂ ਨੀਚੇ ਉਤਰਨਾ। ਉਤਰਨਾ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਆਪਣੇ ਆਪ (ਖੁਦ) ਸ੍ਵੈਂ ਉਤਰਨਾ, ਇਕ ਧੱਕੇ ਨਾਲ ਉਤਰਨਾ। ਕਿਤਨਾ ਦਾਨੀ ਪੁੰਨੀ ਹੋਵੇ, ਕਿਤਨਾ ਵੀ ਭਜਨੀਕ ਹੋਵੇ, ਕਿਤਨੀ ਵੀ ਉਚ ਬਿਰਤੀ ਦਾ ਮਾਲਕ ਹੋਵੇ, ਤੀਰਥ ਕੀਤੇ ਹੋਣ, ਪੂਜਾ ਕਰਦਾ ਹੋਵੇ, ਕਥਾ ਕੀਰਤਨ ਸੁਣਦਾ ਹੋਵੇ, ***'ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥'*** ਸੰਤ ਕੀ ਨਿੰਦਾ ਕਰਨ ਵਾਲਾ ਮੁੜ ਮੁੜ ਕੇ ਨੀਵੇਂ ਤੋਂ ਨੀਵਾਂ ਗਿਰਦਾ ਚਲਾ ਜਾਵੇਗਾ, ਨੀਵੀਆਂ ਜੂਨਾਂ ਦੇ ਚੱਕਰ ਵਿਚ ਪੈ ਜਾਵੇਗਾ। ਇਥੇ ਮਹਾਰਾਜ ਦਾ ਅਵਤਾਰ ਕਹਿਣ ਦਾ ਦ੍ਰਿਸ਼ਟੀਕੋਣ ਸ੍ਵੈਂ ਅਵਤਾਰ ਲੈਣ ਦਾ ਨਹੀਂ। ਨਿੰਦਿਆ ਦੇ ਨਤੀਜੇ ਦੀ ਗਿਰਾਵਟ ਹੈ।

***ਜੇ ਓਹੁ ਅਠਸਠਿ ਤੀਰਥ ਨਾਵੈ॥***
***ਜੇ ਓਹੁ ਦੁਆਦਸ ਸਿਲਾ ਪੂਜਾਵੈ॥***
***ਜੇ ਓਹੁ ਕੂਪ ਤਟਾ ਦੇਵਾਵੈ॥***
***ਕਰੈ ਨਿੰਦ ਸਭ ਬਿਰਥਾ ਜਾਵੈ॥***
***ਸਾਧ ਕਾ ਨਿੰਦਕੁ ਕੈਸੇ ਤਰੈ॥***
***ਸਰਪਰ ਜਾਨਹੁ ਨਰਕ ਹੀ ਪਰੈ॥***
***ਜੇ ਓਹੁ ਗ੍ਰਹਨ ਕਰੈ ਕੁਲਖੇਤਿ॥***
***ਅਰਪੈ ਨਾਰਿ ਸੀਗਾਰ ਸਮੇਤਿ॥***
***ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ।।***
***ਕਰੈ ਨਿੰਦ ਕਵਨੈ ਨਹੀ ਗੁਨੈ॥ ਪੰਨਾ – 875***

ਅਵਤਾਰ ਦੋ ਤਰ੍ਹਾਂ ਦੇ ਹੁੰਦੇ ਹਨ। ਇਕ 'ਨਿਮਿਤ ਅਵਤਾਰ' – ਕਿਸੇ ਨਮਿਤ, ਦੂਜਾ 'ਨਿਤ ਅਵਤਾਰ'।

ਨਿਮਿਤ ਅਵਤਾਰ ਅਕਾਲ ਪੁਰਖ ਦੀ ਰਜ਼ਾਅ ਨਾਲ ਉਹ ਆਪ ਸਰਗੁਣ ਰੂਪ ਧਾਰ ਕੇ ਕਿਸੇ ਵਿਸ਼ੇਸ਼ (ਖਾਸ) ਨਿਮਿਤ ਲਈ, ਖਾਸ ਮਕਸਦ ਲਈ, ਨਿਮਿਤ (ਕਿਸੇ ਕਾਰਣ ਨੂੰ ਲੈ ਕੇ) ਆਪਣੇ ਸ੍ਵੈ ਸਰੂਪ, ਨਿਰਗੁਣ ਸਵਰੂਪ ਤੋਂ ਸਰਗੁਣ ਰੂਪ ਧਾਰ ਕੇ ਉਤਰਦੇ ਹਨ, ਭਾਵ ਅਵਤਾਰ ਲੈਂਦੇ ਹਨ। ਜਿਵੇਂ –

***ਪਰਿਤ੍ਰਾਣਾਮ ਸਾਧੂਨਾਮੰਚ ਵਿਨਾਸ਼ਚਾਏਦੁਸ਼ਕ੍ਰਿਤਾਮ,***
***ਧਰਮ ਸੰਸਥਾਪਨਾਏ ਸਮ ਭਵਾਮੀ ਯੁਗੇ ਯੁਗੇ॥ (ਗੀਤਾ)***

***ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥***
***ਪੰਨਾ – 451***

ਪ੍ਰਹਿਲਾਦ ਦੇ ਬਚਾਉਣ ਲਈ ਹਰਨਾਖਸ਼ ਨੂੰ ਮਾਰ ਕੇ ਧਰਮ ਸਥਾਪਿਤ ਕਰਨ ਲਈ ਨਰਸਿੰਘ ਅਵਤਾਰ ਲਿਆ। ਸੰਤਾਂ ਰਿਸ਼ੀਆਂ ਮੁਨੀਆਂ ਦੀ ਰੱਖਿਆ ਤੇ ਰਾਵਣ ਆਦਿਕ ਰਾਖਸ਼ਾਂ ਦੇ ਮਾਰਨ ਨਿਮਿਤ ਰਾਮ ਨੇ ਅਵਤਾਰ ਲਿਆ।

ਪਿਤਾ ਨੇ ਨਾਨੇ ਨੂੰ ਜੇਲ੍ਹ 'ਚੋਂ ਕੱਢਿਆ, ਪਾਪੀ ਕੰਸ ਨੂੰ ਮਾਰਿਆ, ਅਨਿਆਈ ਦੁਰਯੋਧਨ ਦਾ ਰਾਜ ਖਤਮ ਕਰਕੇ ਧਰਮੀ ਪਾਂਡੂਆਂ ਦਾ ਰਾਜ ਸਥਾਪਿਤ ਕੀਤਾ। ਇਸ ਨਿਮਿਤ (ਕਾਰਣ) ਕ੍ਰਿਸਨਾ ਅਵਤਾਰ ਲਿਆ।

ਕਲਜੁਗ ਵਿਚ ਅਧਰਮੀ ਅਤਿਆਚਾਰੀ ਮੁਗਲ ਰਾਜ ਨੂੰ ਅਨਿਆਂ ਕਰਨ ਤੋਂ ਰੋਕਣ ਲਈ ਹਿੰਦੂ ਧਰਮ ਦੇ ਪਤਨ ਨੂੰ ਰੋਕਣ ਲਈ, ਪਖੰਡੀਆਂ ਤੇ ਕਰਮਕਾਂਡੀਆਂ ਦਾ ਪਾਜ ਖੋਲ੍ਹਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਿਮਿਤ ਅਵਤਾਰ ਧਾਰਨਾ ਪਿਆ – 'ਕੂੜ ਅਮਾਵਸ ਸਚੁ ਚੰਦਰਮਾ ਦੀਸੈ ਨਾਹੀ ਕਹਿ ਚੜਿਆ।' ਝੂਠ ਦੀ ਮੱਸਿਆ ਵਾਲੇ ਦਿਨ ਸੱਚ ਦਾ ਚੰਦਰਮਾ ਛੁੱਪ ਗਿਆ ਸੀ। ਰਾਜੇ ਅਧਰਮੀ, ਪਰਜਾ ਦਾ ਸੋਸ਼ਣ ਕਰਨ ਵਾਲੇ ਹੋ ਗਏ ਸਨ, 'ਧਰਮ ਪੰਖ ਕਰ ਉਡਰਿਆ' 'ਧਰਮ ਸੰਸਥਾਪਨਾਰਥਾਇ' ਧਰਮ ਦੀ ਸਥਾਪਨਾ ਕਰਨ ਲਈ –

***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥ ਪੰਨਾ – 145***

ਦੁਨੀ ਅੰਧੇਰੇ ਵਿਚ ਭਟਕ ਰਹੀ ਸੀ। ਕੋਈ ਮਾਰਗ, ਪੱਥ, ਪੰਥ ਚਾਹੀਦਾ ਸੀ ਜਿਸ ਤੇ ਚੱਲ ਕੇ ਆਪਣੇ ਆਤਮ ਸਰੂਪ ਪ੍ਰਮਾਤਮਾ ਨੂੰ ਮਿਲਿਆ ਜਾਵੇ। ਸੋ ਇਸ ਨਮਿਤ (ਕਾਰਣ) ਗੁਰੂ ਨਾਨਕ ਜੀ ਆਇ।

ਇਸ ਮਕਸਦ ਨੂੰ ਪੂਰਾ ਕਰਨ ਦਸ ਜਾਮਿਆਂ ਵਿਚ ਜੋਤਿ ਨੂੰ ਲੱਗਾ, ਤਾਰ ਹਾਜ਼ਰ ਨਾਜ਼ਰ ਕਾਇਮ ਰੱਖ ਕੇ ਪੂਰਾ ਕੀਤਾ। ਦਸਵੇਂ ਜਾਮੇ ਵਿਚ ਪੰਥ ਦੀ ਸਾਜਨਾ ਕੀਤੀ, ਅੰਧੇਰਾ ਦੂਰ ਕਰਕੇ ਉਜਾਲਾ ਪਸਾਰਿਆ, ਖਾਲਸਾ ਪੰਥ ਦੀ ਸਾਜਨਾ ਕੀਤੀ। ਚਰਨ ਪਾਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਪਿਲਾਇਆ। ਗ੍ਰਿਹਸਥ ਤੇ ਸੰਨਿਆਸ ਇਕ ਥਾਂ ਇਕਠੇ ਕੀਤੇ। ਇਕੋ ਸਖਸ਼ੀਅਤ ਵਿਚ ਚਾਰ ਵਰਣ ਸਮੋਏ, ਜਦੋਂ ਖਾਲਸਾ ਵਿਦਿਆ ਪੜ੍ਹਦਾ ਪੜ੍ਹਾਉਂਦਾ ਹੈ, ਨਿਤਨੇਮ ਬਾਣੀ ਪੜ੍ਹਦਾ ਹੈ, ਮਾਲਾ ਫੇਰਦਾ ਹੈ ਬੰਦਗੀ ਕਰਦਾ ਹੈ। ਦਾਨ ਦਿੰਦਾ ਹੈ, ਦਾਨ ਲੈਂਦਾ ਹੈ। (ਖੱਟ ਕਰਮ ਬ੍ਰਾਹਮਣ ਦੇ ਹਨ – ਵਿਦਿਆ ਪੜ੍ਹਨੀ ਪੜ੍ਹਾਉਣੀ, ਦਾਨ ਦੇਣਾ ਦਾਨ ਲੈਣਾ, ਯੱਗ ਕਰਨਾ ਯੱਗ ਕਰਾਉਣਾ) ਧੂਪ ਦੀਪ ਕਰਦਾ ਹੈ, ਪਾਠ ਕਰਦਾ ਹੈ, ਪਾਠ ਕਰਾਉਂਦਾ ਹੈ, ਓਦੋਂ ਬ੍ਰਾਹਮਣ ਹੁੰਦਾ ਹੈ। ਜਦੋਂ ਗਰੀਬ ਤੇ ਧਰਮ ਰੱਖਿਆ ਲਈ ਹਥਿਆਰ ਚੁੱਕਦਾ ਹੈ ਓਦੋਂ ਕਸ਼ਤਰੀ ਹੁੰਦਾ ਹੈ। ਜਦੋਂ ਖੇਤੀ ਤੇ ਹੱਟੀ ਕਰਦਾ ਹੈ, ਕਿਰਤ ਕਰਦਾ ਹੈ, ਓਦੋਂ ਵੈਸ਼ ਹੁੰਦਾ ਹੈ। ਜਦੋਂ ਪੱਖਾ ਝਲਦਾ ਹੈ, ਸੰਗਤ ਦੇ ਜੂਠੇ ਭਾਂਡੇ ਮਾਜਦਾ ਹੈ, ਜੋੜੇ ਝਾੜਦਾ ਹੈ ਓਦੋਂ ਸ਼ੂਦਰ ਹੁੰਦਾ ਹੈ। ਜਦੋਂ ਵਿਦਿਆ ਪੜ੍ਹਦਾ ਹੈ (ਗੁਰਬਾਣੀ ਦਾ ਅਧਿਐਨ ਕਰਦਾ ਹੈ), ਗੁਰਦੁਆਰੇ ਜਾ ਗੁਰੂ ਦੀ ਸੰਗਤ ਦੀ, ਮਹਾਂਪੁਰਸ਼ਾਂ ਦੀ ਸੇਵਾ ਕਰਦਾ ਹੈ, ਓਦੋਂ ਬ੍ਰਹਮਚਰਯ ਆਸ਼ਰਮ ਧਾਰਨ ਕਰਦਾ ਹੈ; ਜਦੋਂ ਬਾਲ ਬੱਚੇ ਤੇ ਪਰਿਵਾਰ ਵਿਚ ਪਰਚਦਾ ਹੈ, ਕ੍ਰਿਤ ਕਰਦਾ ਹੈ, ਅਭਿਆਗਤ ਦੀ ਸੇਵਾ ਕਰਦਾ ਹੈ, ਦਸਵੰਧ ਕਢਦਾ ਹੈ, ਓਦੋਂ ਗ੍ਰਿਹਸਥੀ ਹੁੰਦਾ ਹੈ। ਜਦੋਂ ਅੰਮ੍ਰਿਤ ਵੇਲੇ ਘਰ ਵਿਚ ਹੀ ਇਕਾਂਤ ਬੈਠ ਕੇ ਨਾਮ ਅਭਿਆਸ ਕਰਦਾ ਹੈ, ਸਿਮਰਨ ਕਰਦਾ ਹੈ –

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ਪੰਨਾ – 305***

ਓਦੋਂ ਬਾਨ ਪ੍ਰਸਥ (ਜੰਗਲਾਂ ਵਿਚ ਰਹਿਣ ਵਾਲਾ ਸਾਧੂ) ਧਾਰਨ ਕਰਦਾ ਹੈ। ਜਦੋਂ ਸੰਗਤ ਨੂੰ ਸੰਬੋਧਨ ਕਰਦਾ ਹੈ, ਉਪਦੇਸ਼ ਕਰਦਾ ਹੈ, ਕੀਰਤਨ ਕਰਦਾ ਹੈ, ਓਦੋਂ ਸੰਨਿਆਸੀ ਹੁੰਦਾ ਹੈ।

ਗੁਰੂ ਮਹਾਰਾਜ ਨੇ ਸ਼ਖਸ਼ੀ ਗੁਰੂ ਵਰਜਿਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਗੁਰੂ ਧਾਰਨ ਕਰਾਇਆ, ਦੇਹਧਾਰੀ ਜਾਂ ਦੇਹ ਨੂੰ ਗੁਰੂ ਨਹੀਂ ਮੰਨਣਾ ਕਿਉਂਕਿ ਦੇਹ ਅਨਿਤ ਹੈ, ਨਾਸ਼ਵਾਨ ਹੈ, ਮਰਨ ਵਾਲੀ ਹੈ। ਗੁਰੂ ਅਮਰ ਹੈ, ਸਦੀਵੀ ਹੈ, ਸੋ ਸ਼ਬਦ ਹੀ ਵਾਸਤਵ ਵਿਚ ਗੁਰੂ ਹੈ, ਕਿਉਂਕਿ ਸ਼ਬਦ ਸਦੀਵੀ ਹੈ, ਅਬਿਨਾਸ਼ੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਹੈ, ਅਮਰ ਹੈ, ਅਬਿਨਾਸ਼ੀ ਹੈ, ਇਸ ਲਈ ਗੁਰੂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਕੱਲਿਆਂ ਨੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ, ਪੰਜ ਪਿਆਰਿਆਂ ਨੂੰ ਛਕਾਇਆ, ਫੇਰ ਪੰਜ ਪਿਆਰਿਆਂ ਤੋਂ ਆਪ ਛਕਿਆ ਤੇ ਗੁਰੂ ਤੋਂ, ਸਿੰਘ ਵੀ ਬਣ ਗਏ, ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਸਿੱਖਾਂ ਤੋਂ ਸਿੰਘ ਤੇ ਖਾਲਸਾ ਪਦਵੀ ਦਿਤੀ। ਇਹ ਮਾਰਗ, ਸ਼ੁੱਧ ਰਾਹ, ਰਸਤਾ, ਪੰਥ ਚਾਲੂ ਕੀਤਾ। ਹੁਣ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹੋਣਗੇ, ਕੇਵਲ ਪੂਜਾ ਇਕ ਦੀ ਹੋਵੇਗੀ। ਉਪਦੇਸ਼ ਪੰਜ ਪਿਆਰੇ ਦੇਣਗੇ, ਇਕੱਲਾ ਸਿੰਘ ਅੰਮ੍ਰਿਤ ਨਹੀਂ ਛਕਾ ਸਕਦਾ, ਨਾਮ ਨਹੀਂ ਦੇ ਸਕਦਾ, ਪੰਜ ਪਿਆਰਿਆਂ ਰਾਹੀਂ ਦਿਤਾ ਮੰਤ੍ਰ ਹੀ ਫਲੀਭੂਤ ਹੋਵੇਗਾ। ਸੰਕੇ ਦੂਰ ਤੇ ਗਾਈਡੈਂਸ ਕਿਸੇ ਇਕ ਨਾਮ ਅਭਿਆਸੀ ਗੁਰਸਿੱਖ ਮਹਾਂਪੁਰਸ਼ ਤੋਂ ਕਰਤਾ ਸਕਦੇ ਹੋ। ਮਹਾਂਪੁਰਸ਼ਾਂ ਦੀ, ਸੰਤਾਂ ਦੀ ਸੰਗਤ ਜ਼ਰੂਰੀ ਹੈ। ਦੇਹਧਾਰੀ ਗੁਰੂ ਦਾ ਕਰਤੱਵ ਪੰਜ ਪਿਆਰੇ ਕਰਨਗੇ ਪਰ ਗੁਰੂ ਨਹੀਂ ਕਹਾਉਣਗੇ। ਸਵਾਰ ਜਹਾਜ਼ ਵਿਚ ਹੀ ਹੋਣਾ ਪੈਂਦਾ ਹੈ, ਪਾਰ ਜਹਾਜ਼ੇ ਚੜ੍ਹ ਕੇ ਹੀ ਹੋਣਾ ਹੈ। ਮਲਾਹ ਦੇ ਮੋਢੇ ਚੜ੍ਹ ਕੇ ਪਾਰ ਨਹੀਂ ਹੋਣਾ ਪਰ ਮਲਾਹ ਦੀ ਲੋੜ ਵੀ ਹੈ, ਤਾਂ ਹੀ ਜਹਾਜ਼ੇ ਚੜ੍ਹ ਹੋਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਹਾਜ਼ ਹਨ, ਚੜ੍ਹਾਉਣ ਵਾਲੇ ਪੰਜ ਪਿਆਰੇ ਹਨ।

ਪੰਜ ਪਿਆਰੇ, ਰਹਿਤ ਵਿਚ ਪੂਰੇ, ਬੰਦਗੀ ਵਾਲੇ, ਸਹੀ ਟ੍ਰੇਂਡ ਮਲਾਹ ਹੋਣੇ ਚਾਹੀਦੇ ਹਨ। ਘੱਟੋ ਘੱਟ ਇਕ ਪਿਆਰਾ ਤਾਂ ਪੂਰਾ ਮਲਾਹ ਹੋਵੇ। ਕਿਸੇ ਪੂਰਨ ਗੁਰਸਿੱਖ ਮਹਾਂਪੁਰਖ ਪਿਆਰੇ ਦੀ ਸਰਪ੍ਰਸਤੀ ਹੇਠਾਂ ਅੰਮ੍ਰਿਤ ਛਕਿਆ ਝਬਦੇ ਨਾਮ ਪ੍ਰਗਟ ਹੋ ਜਾਂਦਾ ਹੈ। (ਇਹ ਵਿਚਾਰ ਕਿਤੇ ਫੇਰ ਕਰਾਂਗੇ)

ਗੁਰੂ ਦਸਮ ਪਾਤਸ਼ਾਹ ਨੇ ਇਹ ਸਿੱਖੀ ਦਾ ਬਾਗ ਲਾਇਆ ਤੇ ਆਪ ਦੇਹ ਕਰਕੇ ਚਲੇ ਗਏ। ਜਿਸ ਨਿਮਿਤ ਨੂੰ ਲੈ ਕੇ ਅਵਤਾਰ ਲਿਆ ਸੀ ਉਹ ਪੂਰਾ ਕਰ ਗਏ, ਪੰਥ ਸਾਜ ਗਏ, ਪੰਜ ਪਿਆਰਿਆਂ ਨੂੰ ਪ੍ਰਵਰਿਸ਼ ਤੇ ਦੇਖਭਾਲ ਦੀ ਸੇਵਾ ਲਾ ਗਏ। ਜਿਸ ਤਰ੍ਹਾਂ ਬਾਗ ਬਗੀਚੇ ਨੂੰ ਲਾ ਦੇਣ ਨਾਲ ਹੀ ਨਹੀਂ ਸਰ ਜਾਂਦਾ, ਉਸਦੀ ਸੰਭਾਲ ਕਰਨੀ (1) ਪਾਣੀ ਦੇਣਾ (2) ਗ਼ੈਰ ਜੜੀ ਬੂਟੀ ਦੀ ਗੁਡਾਈ ਕਰਨੀ (3) ਖਾਦ ਪਾਣੀ (4) ਡੰਗਰਾਂ ਤੋਂ ਰਾਖੀ ਕਰਨੀ (5) ਸੁੱਕਿਆਂ ਦੀ ਥਾਂ ਨਵੀਂ ਰੁਪਾਈ ਕਰਨੀ (ਵਾਧੇ ਲਈ ਨਵੀਂ ਪੌਦ ਲਿਆ ਕੇ ਲਾਉਣੀ। ਇਹ ਛੇ ਬਾਤਾਂ ਕਰਨੀਆਂ ਪੈਂਦੀਆਂ ਹਨ ਤਾਂ ਬਾਗ ਕਾਇਮ ਰਹਿੰਦਾ ਹੈ।

ਗੁਰੂ ਮਹਾਰਾਜ ਨਿਮਿਤ ਅਵਤਾਰ ਸਨ। ਆਪਣਾ ਨਿਮਿਤ, ਜਿਸ ਲਈ ਆਏ ਸਨ, ਪੂਰਾ ਕਰ ਗਏ। ਹੁਣ ਇਸ ਨੂੰ ਕਾਇਮ ਰੱਖਣ ਲਈ ਸੁਘੜ ਮਾਲੀਆਂ ਦੀ ਲੋੜ ਹੈ। ਉਹ ਹਨ ਗੁਰੂ ਸਿੱਖ, ਪੂਰਨ ਮਹਾਂਪੁਰਖ, ਨਿਤ ਅਵਤਾਰ ਜੋ ਕਿਸੇ ਸਮੇਂ ਇਕੋ ਵਾਰ ਕਈ ਕਈ ਤੇ ਕਿਤੇ ਕਿਤੇ ਆਂਵਦੇ ਰਹੇ ਹਨ ਅਤੇ ਹੁਣ ਵੀ ਹਨ।

ਮਹਾਰਾਜ ਨੇ ਪਹਿਲਾਂ ਭਾਈ ਦਇਆ ਸਿੰਘ ਜੀ ਨੂੰ ਮੁਖੀ ਬਣਾ ਕੇ ਅੰਮ੍ਰਿਤ ਪ੍ਰਚਾਰ ਲਈ ਸੇਵਾ ਲਈ, ਇਨ੍ਹਾਂ

ਤੋਂ ਇਨ੍ਹਾਂ ਇਕ ਵਾਰ ਸੌ ਸਿੱਖਾਂ ਨੇ ਅੰਮ੍ਰਿਤ ਪਾਨ ਕੀਤਾ ਜਿਨ੍ਹਾਂ ਵਿਚੋਂ ਬਾਬਾ ਸੋਭਾ ਸਿੰਘ ਜੀ ਨਿਤ ਅਵਤਾਰ ਪ੍ਰਗਟ ਹੋਇ। ਉਨ੍ਹਾਂ ਤੋਂ ਬੇਦੀ ਸਾਹਿਬ ਸਿੰਘ ਜੀ, ਇਹ ਰਾਜ ਯੋਗੀ ਤੇ ਬੜੇ ਕਲਾਵਾਨ ਸੁਘੜ ਮਾਲੀ ਹੋਏ, (ਲੰਮਾ ਵਿਸਤਾਰ ਨਾ ਕਰਾਂ) ਇਸ ਸੰਪਰਦਾ ਵਿਚ ਅਨੇਕਾਂ ਮਹਾਂਪੁਰਸ਼ ਨਿਤ ਅਵਤਾਰ ਹੁੰਦੇ ਰਹੇ, ਆਖਿਰ ਬਾਬਾ ਕਰਮ ਸਿੰਘ ਹੋਤੀ ਮਰਦਾਨ ਨਿਤ ਅਵਤਾਰ ਹੋਏ। ਉਨ੍ਹਾਂ ਤੇ ਬਾਬਾ ਆਇਆ ਸਿੰਘ ਤੇ ਬਾਬਾ ਅਤਰ ਸਿੰਘ ਰੇਰੂ ਸਾਹਿਬ ਮਹਾਨ ਨਿਤ ਅਵਤਾਰ ਸਨ, ਬਾਬਾ ਆਇਆ ਸਿੰਘ ਤੋਂ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲੇ ਵੀ ਨਿਤ ਅਵਤਾਰ ਸਨ, ਇਨ੍ਹਾਂ ਤੋਂ ਬਹੁਤ ਸਿੱਖੀ ਵਧੀ ਤੇ ਨਾਮ ਰਸੀਏ ਪੈਦਾ ਹੋਏ। ਕਈਆਂ ਨੂੰ ਰਸਤੇ ਪਾਇਆ।

ਬਾਬਾ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਤੋਂ ਬੜੀ ਸੰਗਤ ਦਾ ਉਧਾਰ ਹੋਇਆ, ਇਹ ਵੀ ਮਹਾ ਨਿਤ ਅਵਤਾਰ ਸਨ। ਇਨ੍ਹਾਂ ਤੋਂ ਬਾਬਾ ਭਗਵਾਨ ਸਿੰਘ ਤੇ ਬਾਬਾ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ ਹੋਏ। ਰਾੜੇ ਸਾਹਿਬ ਵਾਲੇ ਇਕ ਮਹਾਨ ਨਿਤ ਅਵਤਾਰ ਸਨ, ਇਕ ਅਦੁੱਤੀ ਸਾਦਾ ਧਾਰਨਾਵਾਂ ਨਾਲ ਕੀਰਤਨ ਦਾ ਪ੍ਰਵਾਹ ਚਲਾਇਆ। ਲੱਖਾਂ ਜੀਵਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਗੁਰੂ ਦੇ ਲੜ ਲਾਇਆ, ਨਾਮ ਜਪਣ ਵਾਲੇ ਸੈਂਕੜੇ ਸਾਧੂ ਪੈਦਾ ਕਰ ਦਿਤੇ। ਲੱਖਾਂ ਨੂੰ ਸਿੱਖੀ ਵਿਚ ਪ੍ਰਪੱਕ ਕੀਤਾ, ਇਨ੍ਹਾਂ ਦੇ ਅਨੁਆਈ ਦਰਜਨਾਂ ਪ੍ਰਤਾਪੀ ਸਾਧੂ ਹਨ ਜੋ ਕਿ ਇਨ੍ਹਾਂ ਦੀ ਕੀਰਤਨ ਸ਼ੈਲੀ ਵਿਚ ਦੁਨੀਆਂ ਵਿਚ ਗੁਰਬਾਣੀ ਦੀ ਮਹਿਕ ਖਿਲਾਰ ਰਹੇ ਹਨ, ਅਣਗਿਣਤ ਪ੍ਰਾਣੀਆਂ ਨੂੰ ਗੁਰੂ ਦੇ ਜਹਾਜ਼ੇ ਚੜ੍ਹਾ ਰਹੇ ਹਨ।

ਇਨ੍ਹਾਂ ਦੇ ਮਹਾਨ ਸ਼ਰਧਾਲੂਆਂ ਵਿਚੋਂ ਹੀ ਉਭਰ ਕੇ ਆਈ ਇਕ ਮਹਾਨ ਸ਼ਖ਼ਸ਼ੀਅਤ, ਇਨ੍ਹਾਂ ਤੋਂ ਵਰੋਸਾਈ ਮਹਾਨ ਆਤਮਾ 'ਬਾਬਾ ਵਰਿਆਮ ਸਿੰਘ ਜੀ' ਰਤਵਾੜੇ ਸਾਹਿਬ ਵਾਲੇ ਸਨ। ਉਹ ਗੁਰੂ ਦੇ ਹੁਕਮ ਨਾਲ ਆਏ ਨਿਤ ਅਵਤਾਰ ਸਨ। ਓਨ੍ਹਾਂ ਥੋੜ੍ਹੇ ਸਮੇਂ ਵਿਚ ਹੀ ਜੋ ਅਦੁੱਤੀ ਕਾਰਨਾਮੇ ਕੀਤੇ, ਉਹ ਅਨੰਤ ਹਨ।

## ਪਾਰਜਾਤ ਰਤਵਾੜੇ ਦਾ

*ਕਈ ਜਨਮਾਂ ਤੋਂ ਕਰੀ ਤਪੱਸਿਆ,*
*ਕਠਨ ਘਾਲਨਾ ਘਾਲੀ ਤੂੰ।*
*ਰਾਮ ਕਵਰ ਦਾ ਰੂਪ ਧਾਰ ਕੇ,*
*ਕੀਤੀ ਕਥਾ ਨਿਰਾਲੀ ਤੂੰ।*
*ਬਚਪਨ ਤੋਂ ਹੀ ਇਸ ਜਨਮ ਵਿਚ,*
*ਓਹੀ ਕਾਰ ਸੰਭਾਲੀ ਤੂੰ।*
*ਨਾਮ ਅਭਿਆਸ ਸੰਤਨ ਕੀ ਸੇਵਾ,*
*ਕੀਤੀ ਹੋ ਪਗਰਾਲੀ ਤੂੰ।*
*ਕਿਰਨ ਰੋਸ਼ਨੀ ਉਸ ਤੋਂ ਲੀਤੀ,*
*ਜੋ ਸੀ ਸੂਰਜ ਰਾੜੇ ਦਾ।*
*ਮਨੋ ਕਾਮਨਾ ਪੂਰੀ ਕਰਦਾ,*
*ਪਾਰਜਾਤ ਰਤਵਾੜੇ ਦਾ।*
*ਤਨ ਮਨ ਧਨ ਸਭਿ ਲੇਖੇ ਲਾਇਆ,*
*ਗੁਰ ਦੇ ਅਰਪਣ ਕਰ ਕਰ ਕੇ।*
*ਗੁਰਬਾਣੀ ਦਾ ਜੱਸ ਫੈਲਾਇਆ,*
*ਨਗਰ ਨਗਰ ਜਾ ਘਰ ਘਰ ਕੇ।*
*ਮਨ ਮੋਹਣਾ ਕੀਰਤਨ ਕਰ ਕਰ,*
*ਬੋਲ ਕਬੋਲ ਸਹਿ ਜਰ ਜਰ ਕੇ।*
*ਪ੍ਰੇਮ ਪ੍ਰੀਤ ਦੇ ਊਣੇ ਭਾਂਡੇ,*
*ਦਿਤੇ ਭਗਤੀ ਭਰ ਭਰ ਕੇ।*
*ਗਿਆਨ ਦਾ ਸਾਗਰ ਹੋ ਗਿਆ ਉਹ,*
*ਨਾਵਾਕਿਫ ਊੜੇ ਆੜੇ ਦਾ।*
*ਮਨੋ ਕਾਮਨਾ ਪੂਰੀ ਕਰਦਾ, ਪਾਰਜਾਤ ਰਤਵਾੜੇ ਦਾ।*

*ਵਿਦਿਆ ਮੰਦਰ ਹਸਪਤਾਲ ਬਣਾਏ, ਵੱਡਾ ਸੀ ਉਪਕਾਰੀ ਤੂੰ।*
*ਅੰਨ ਪਾਣੀ ਦਾ ਲੰਗਰ ਕੀਤਾ, ਚੌਬੀ ਘੰਟੇ ਜਾਰੀ ਤੂੰ।*
*ਕਥਾ ਕੀਰਤਨ ਦੀ ਮਰਿਆਦਾ, ਰਚਿਆ ਨੇਮ ਅਤਿ ਭਾਰੀ ਤੂੰ।*
*ਲੱਖਾਂ ਲੜ ਗੁਰੂ ਦੇ ਲਾਏ, ਤਪਦੀ ਦੁਨੀਆਂ ਠਾਰੀ ਤੂੰ।*
*ਧੁਜਾ ਬੁਲੰਦ ਏਕਤਾ ਕੀਤੀ, ਸਦਾ ਵਿਰੋਧੀ ਪਾੜੇ ਦਾ।*
*ਮਨੋ ਕਾਮਨਾ ਪੂਰੀ ਕਰਦਾ, ਪਾਰਜਾਤ ਰਤਵਾੜੇ ਦਾ।*

*ਤਨ ਮਨ ਠੰਡਾ ਹੋ ਜਾਂਦਾ ਸੀ, ਤੇਰੀ ਛਾਂਵੇਂ ਬਹਿ ਬਹਿ ਕੇ।*
*ਕਈ ਅਹੱਲਿਆ ਤਰ ਗਈਆਂ, ਚਰਨਾਂ ਦੇ ਨਾਲ ਖਹਿ ਖਹਿ ਕੇ।*
*ਕਈ ਨਾਮ ਦੇ ਧਾਰੀ ਬਣ ਗਏ, ਤੇਰੀ ਸੰਗਤ ਬਹਿ ਬਹਿ ਕੇ।*
*ਔਗੁਣ ਅਮਲ ਛੁਡਾਏ ਭੈੜੇ, ਬਚਨ ਅਮੋਲਕ ਕਹਿ ਕਹਿ ਕੇ।*
*ਮਿਹਰਬਾਨ ਤੂੰ ਵੱਡਾ ਦਇਆਲੂ, ਸਦਾ ਸਹਾਇਕ ਮਾੜੇ ਦਾ।*
*ਮਨੋ ਕਾਮਨਾ ਪੂਰੀ ਕਰਦਾ, ਪਾਰਜਾਤ ਰਤਵਾੜੇ ਦਾ।*

*ਕਈ ਟਕਸਾਲੀ ਸਿੱਕੇ ਬਣ ਗਏ, ਬਾਰਾਂ ਬਣ ਬਣ ਤੁਰ ਗਏ ਨੇ।*
*ਬੜੇ ਬੜੇ ਵਿਦਵਾਨ ਤੁਹਾਥੋਂ, ਪੁੱਛਾਂ ਪੁਛਦੇ ਤੁਰ ਗਏ ਨੇ।*
*ਤੁਹਾਡੇ ਪੌਦ ਜਖੀਰੇ ਤੋਂ, ਗੁਲਜ਼ਾਰਾਂ ਬਣ ਬਣ ਤੁਰ ਗਏ ਨੇ।*
*ਸਾਇ 'ਚ ਅੰਡੇ ਪਲ ਪਲ ਕੇ, ਤੇ ਡਾਰਾਂ ਬਣ ਬਣ ਤੁਰ ਗਏ ਨੇ।*
*ਪੰਜ ਦੂਤਾਂ ਨੂੰ ਢਾਉਣ ਵਾਲਾ, ਵੱਡਾ ਮਲ ਅਖਾੜੇ ਦਾ।*
*ਮਨੋ ਕਾਮਨਾ ਪੂਰੀ ਕਰਦਾ, ਪਾਰਜਾਤ ਰਤਵਾੜੇ ਦਾ।*

*ਬੜੇ ਬੜੇ ਬਹੁ ਰਚੇ ਸਮਾਗਮ, ਰਚਤੀ ਧਰਮ ਸ੍ਰਿਸ਼ਟੀ।*
*ਬੀਜਿਆ ਨਾਮ ਦਿਲਾਂ ਦੇ ਖੇਤੀਂ, ਕੀਤੀ ਪਿਆਰ ਬ੍ਰਿਸ਼ਟੀ (ਬਰਖਾ)।*
*ਨਾਮ ਬਾਣੀ ਤੇ ਕਥਾ ਕੀਰਤਨ, ਇਹ ਤੇਰੀ ਯੂਨੀਵਰਸਿਟੀ।*
*ਏਕ ਬ੍ਰਹਮ ਦੁਤੀਯਾ ਨਾਸਤੀ, ਦ੍ਵੈਤ ਅਵਿਦਿਆ ਭ੍ਰਸ਼ਟੀ।*
*ਦਾਸ ਕਲਿਆਣ ਨੇ ਲੱਖਾਂ ਵੇਖੇ, ਸਾਧਨਾ ਤੇਰੇ ਤਾੜੇ ਦਾ।*
*ਮਨੋ ਕਾਮਨਾ ਪੂਰੀ ਕਰਦਾ, ਪਾਰਜਾਤ ਰਤਵਾੜੇ ਦਾ।*

*ਸੰਤ ਕਲਿਆਣ ਦਾਸ ਸਿੰਘ ਜੀ*

¶

# ਰਤਵਾੜਾ ਸਾਹਿਬ ਦੇ ਮਹਾਂਪੁਰਸ਼ - ਸੰਤ ਵਰਿਆਮ ਸਿੰਘ ਜੀ

***ਸੰਤ ਸਾਧੂ ਸਿੰਘ ਜੀ,***
***ਸੰਗਰੂਰ***

**ਨੋਟ** - ਮਹਾਂਪੁਰਖਾਂ ਦੀ ਪ੍ਰੇਰਨਾ ਅਤੇ ਪਿਆਰ ਦਾ ਸਦਕਾ ਭਾਵੇਂ ਪਹਿਲਾਂ ਵੀ ਦਾਸ 'ਆਤਮ ਮਾਰਗ' ਮੈਗਜ਼ੀਨ ਵਿਚ ਲੇਖ ਭੇਜਦਾ ਰਿਹਾ ਹੈ ਜਿਨ੍ਹਾਂ ਨੂੰ ਸੰਗਤਾਂ ਨੇ ਨਿਵਾਜਿਆ ਔਰ ਬਹੁਤ ਸਾਰਿਆਂ ਨੇ ਪ੍ਰਸ਼ੰਸਾ ਵੀ ਕੀਤੀ ਹੈ। ਮਿਤੀ 15-8-2002 ਨੂੰ ਰਤਵਾੜਾ ਸਾਹਿਬ ਵਿਖੇ ਮਹਾਂਪੁਰਖਾਂ ਦੀ ਪਵਿੱਤਰ ਯਾਦ ਮਨਾਉਣ ਸਬੰਧੀ ਹੋਈ ਭਾਰੀ ਇਕੱਤਰਤਾ ਵਿਚ ਸੰਗਤਾਂ ਵਲੋਂ ਦਾਸ ਨੂੰ ਹੁਕਮ ਹੋਇਆ ਕਿ ਮਹਾਂਪੁਰਖਾਂ ਨੇ ਦਾਸ ਨੂੰ ਰੱਜ ਰੱਜ ਕੇ ਪਿਆਰ ਦਿਤਾ ਹੈ। ਇਹ ਗੱਲ ਕਿਸੇ ਪੁਸ਼ਟੀ ਦੀ ਮਹੁਤਾਜ ਨਹੀਂ। ਸਾਰੀਆਂ ਸੰਗਤਾਂ ਇਸ ਪਿਆਰ ਨੂੰ ਭਲੀ ਭਾਂਤ ਜਾਣਦੀਆਂ ਹਨ। ਹੁਕਮ ਹੋਇਆ ਕਿ ਦਾਸ ਮਹਾਂਪੁਰਖਾਂ ਸਬੰਧੀ ਕੁਝ ਵਿਚਾਰ 'ਆਤਮ ਮਾਰਗ' ਮੈਗਜ਼ੀਨ ਲਈ ਲਿਖ ਕੇ ਭੇਜੇ। ਦਾਸ ਨੇ ਸੰਗਤਾਂ ਦੇ ਹੁਕਮ ਅੱਗੇ ਸਿਰ ਨਿਵਾਇਆ ਅਤੇ ਸਵੀਕਾਰ ਕੀਤਾ ਕਿ ਆਪ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਯਤਨ ਕਰਾਂਗਾ।

ਸਾਧ ਸੰਗਤ ਜੀ, ਵਾਹਿਗੁਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ***'ਕੀਤਾ ਪਸਾਉ ਏਕੋ ਕਵਾਉ॥'(ਪੰਨਾ-3)*** ਦੇ ਮਹਾਂਵਾਕ ਅਨੁਸਾਰ ਕੀਤੀ ਹੈ। ਉਹ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ। ਆਪਣੀ ਰਚਨਾ ਦੇ ਵਿਚ ਵੀ ਹੈ ਤੇ ਨਿਰਲੇਪ ਵੀ ਹੈ। ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ-

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥***
***ਕਰਿ ਆਸਣੁ ਡਿਠੋ ਚਾਉ॥ ਪੰਨਾ - 463***

ਸੱਚੀ ਸਰਕਾਰ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਰਚਣ ਸਮੇਂ ਕੁਝ ਕਾਨੂੰਨ ਵੀ ਬਣਾਏ, ਜਿਨ੍ਹਾਂ ਨੂੰ ਅਸੀਂ constitution (ਵਿਧਾਨ) ਕਹਿ ਸਕਦੇ ਹਾਂ। ਉਹ ਨਿਯਮ ਚਲਦੇ ਆਏ, ਚੱਲ ਰਹੇ ਹਨ, ਜਦ ਤਕ ਸ੍ਰਿਸ਼ਟੀ ਰਹੇਗੀ ਚਲਦੇ ਰਹਿਣਗੇ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਵਿਚ ਗੁਰੂ ਸਾਹਿਬ ਨੇ ਉਨ੍ਹਾਂ ਮਹਾਂਪੁਰਸ਼ਾਂ ਦੀ, ਜੋ ਅਕਾਲ ਪੁਰਖ ਨੂੰ ਭਾਉਂਦੇ ਹਨ, ਅਕਹਿ ਉਸਤਤ ਕੀਤੀ ਹੈ। ਇਥੋਂ ਤਕ ਫੁਰਮਾਨ ਹੈ -

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1252***

ਗੁਰੂ ਮਹਾਰਾਜ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਸਾਜਨਾ ਹੀ ਆਪਣੇ ਸੰਤਾਂ ਦਾ ਪ੍ਰਤਾਪ ਦੇਖਣ ਲਈ ਕੀਤੀ ਹੈ।

***ਜਹ ਪਸਰੈ ਪਾਸਾਰੁ ਸੰਤ ਪਰਤਾਪਿ॥ ਪੰਨਾ - 292***

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫੁਰਮਾਨ ਹੈ -

***ਹਰਿ ਹਰਿ ਜਨ ਦੁਈ ਏਕ ਹੈ,***
***ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ,***
***ਜਲ ਹੀ ਬਿਖੈ ਸਮਾਹਿ॥ ਬਚਿਤ੍ਰ ਨਾਟਕ***

***ਸੰਤਨ ਦੁਖ ਪਾਏ ਤੇ ਦੁਖੀ॥***
***ਸੁਖ ਪਾਏ ਸਾਧਨ ਕੇ ਸੁਖੀ॥ ਚੌਪਈ***

ਇਸ ਫੁਰਮਾਨ ਵਿਚ ਵੀ ਗੁਰੂ ਸਾਹਿਬ ਸੰਤਾਂ ਦੀ ਉਪਮਾ ਕਰ ਰਹੇ ਹਨ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਫੁਰਮਾਨ ਹੈ -

***ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486***

ਗੁਰਬਾਣੀ ਉਨ੍ਹਾਂ ਮਹਾਂਪੁਰਖਾਂ ਦੀ ਰੱਜ ਰੱਜ ਕੇ ਉਪਮਾ ਕਰਦੀ ਹੈ ਜਿਨ੍ਹਾਂ ਨੇ ਗੁਰਮਤਿ ਦੀਆਂ ਸ਼ਰਤਾਂ ਨੂੰ ਪੂਰਿਆਂ ਕਰਕੇ ਪਰਮ ਪਦਵੀ ਦੀ ਪ੍ਰਾਪਤੀ ਕੀਤੀ, ਆਤਮ ਸਥਿਤੀ ਦਾ ਪਰਮ ਅਨੰਦ ਮਾਣਿਆ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਪਿਆਰਿਆਂ ਦੇ ਮੁਖੀ ਬਾਬਾ ਦਇਆ ਸਿੰਘ ਜੀ ਨੂੰ ਵਰ ਦਿਤਾ, ਭਾਈ ਦਇਆ ਸਿੰਘ! ਤੇਰੀ ਸੰਪਰਦਾ ਚੱਲੇਗੀ। ਇਸ ਵਿਚ ਬੜੀ ਕਰਣੀ ਕਮਾਈ ਵਾਲੇ ਮਹਾਂਪੁਰਖ ਹੋਣਗੇ। ਸੋ ਹਜ਼ੂਰ ਦੇ ਬਚਨਾਂ ਅਨੁਸਾਰ ਰਾੜੇ ਸਾਹਿਬ ਦੀ ਸੰਪਰਦਾ ਵਿਚ ਵੱਡੇ ਵੱਡੇ ਕਰਨੀ ਕਮਾਈ ਵਾਲੇ ਮਹਾਂਪੁਰਖ ਸੁਸ਼ੋਭਤ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਹ ਵਚਨ ਵੀ ਅਟੱਲ ਹੈ ਜਿਸ ਵਿਚ ਅਜਿੱਤੇ ਰੰਧਾਵੇ ਨੇ ਬੇਨਤੀ ਕੀਤੀ ਸੀ ਕਿ ਮਹਾਰਾਜ! ਆਪ ਇਸ ਸਰੀਰ ਤੋਂ ਬਾਅਦ ਵੀ ਸੰਸਾਰ ਵਿਚ ਆਵੋਗੇ? ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, ਹਾਂ ਬੇਟਾ ਅਜਿਤਿਆ! ਦਸ ਜਾਮੇ ਗੁਰੂ ਰੂਪ ਵਿਚ ਅਤੇ 74 ਜਾਮੇ ਸੰਤ ਰੂਪ ਵਿਚ ਦਰਸ਼ਨ ਦੇਵਾਂਗੇ। ਰਾੜੇ ਸਾਹਿਬ ਵਾਲੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੂੰ ਜੇ ਰੱਬ ਦਾ ਰੂਪ ਹੀ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ। ਅਕਾਲ ਪੁਰਖ ਜੋ ਪੂਰਨ ਹੈ, ਕਦੇ ਵੀ ਆਪਣੀ ਵਡਿਆਈ ਨਹੀਂ ਚਾਹੁੰਦਾ, ਸਗੋਂ ਗੁਰੂ ਦੀ ਵਡਿਆਈ ਹੀ ਚਾਹੁੰਦਾ ਹੈ, ਗੁਰੂ ਜਸ ਹੀ ਕਰਾਉਂਦਾ ਹੈ। ਪੂਰਨ ਮਹਾਂਪੁਰਖ ਉਹੀ ਹੈ ਜੋ ਹਉਂ ਕਰਕੇ ਖਤਮ ਹੋ

ਚੁੱਕਿਆ ਹੁੰਦਾ ਹੈ। ਸਰੀਰ ਦੇ ਹੁੰਦਿਆਂ ਹੀ ਬ-ਦੇਹ ਅਵਸਥਾ ਵਿਚ ਰਹਿੰਦਾ ਹੈ, ਨਿਰ-ਵਿਕਲਪ ਰੱਬ ਵਿਚ ਨਿਵਾਸ ਰਖਦਾ ਹੈ। ਸਾਰੀ ਸ੍ਰਿਸ਼ਟੀ ਹੀ ਉਸ ਦੀ ਦੇਹ ਹੁੰਦੀ ਹੈ। ਐਸੇ ਮਹਾਂਪੁਰਖਾਂ ਲਈ ਉਸਤਤ ਨਿੰਦਿਆ ਕੀ ਮਾਅਨੇ ਰਖਦੀ ਹੈ? ਉਹ ਤਾਂ ਬਾਣੀ ਵਿਚ ਸਮਾਅ ਚੁੱਕਿਆ ਹੈ। ਦੇਖਣ ਨੂੰ ਤਾਂ ਦਿਸਦਾ ਹੈ ਪਰ ਵਾਸਤਵ ਵਿਚ ਹੁੰਦਾ ਨਹੀਂ। ਐਸੇ ਮਹਾਂਪੁਰਖ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ ਸਨ। ਉਨ੍ਹਾਂ ਕਦੀ ਵੀ ਆਪਣੇ ਨਾਮ ਨਾਲ ਸੰਤ ਨਹੀਂ ਲਿਖਿਆ। ਹਮੇਸ਼ਾ ਦਾਸ ਲਿਖਦੇ ਸਨ। ਉਨ੍ਹਾਂ ਦਾ ਜੀਵਨ ਹੀ ਨਾਮ ਔਰ ਬਾਣੀ ਸੀ। ਉਨ੍ਹਾਂ ਦੀ ਜਿੰਨੀ ਵਡਿਆਈ ਕੀਤੀ ਜਾਵੇ, ਥੋੜ੍ਹੀ ਹੈ।

***ਜੋ ਹਰਿ ਦਾਸਨ ਕੀ ਉਸਤਤਿ ਹੈ***
***ਸਾ ਹਰਿ ਕੀ ਵਡਿਆਈ॥ ਪੰਨਾ - 652***

ਐਸੇ ਸਮਰੱਥ ਮਹਾਂਪੁਰਖਾਂ ਨਾਲ ਮੇਲ ਹੋਇਆ - ਸੰਤ ਬਾਬਾ ਵਰਿਆਮ ਸਿੰਘ ਜੀ ਦਾ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ - 253***

ਭਾਵੇਂ ਪਹਿਲਾਂ ਹੋਰ ਵੀ ਮਹਾਂਪੁਰਸ਼ਾਂ ਦੀ ਅਸ਼ੀਰਵਾਦ ਨਸੀਬ ਹੋਈ ਜਿਵੇਂ ਮਹਾਂਪੁਰਖ ਸੰਤ ਭਾਈ ਰਣਧੀਰ ਸਿੰਘ ਜੀ ਸਿੱਖ ਜਗਤ ਵਿਚ ਪੂਰਨ ਗੁਰਮੁਖ ਮੰਨੇ ਜਾਂਦੇ ਹਨ। ਉਨ੍ਹਾਂ ਨੇ ਪਿਆਰ ਵੀ ਦਿਤਾ ਅਤੇ ਵਰ ਵੀ ਦਿਤਾ।

ਸੰਤ ਬਾਬਾ ਜੀ ਦੇ ਬਚਪਨ ਦੇ ਕੌਤਕ ਵੀ ਆਉਣ ਵਾਲੇ ਮਹਾਨ ਕ੍ਰਾਂਤੀਕਾਰੀ ਜੀਵਨ ਦਾ ਸੂਚਕ ਸਨ। ਛੋਟਿਆਂ ਨੂੰ ਪਿਆਰ, ਵੱਡਿਆਂ ਦਾ ਸਤਿਕਾਰ, ਅਕਾਲ ਪੁਰਖ ਤੇ ਦ੍ਰਿੜ੍ਹ ਵਿਸ਼ਵਾਸ਼, ਅੰਦਰ ਕੁਛ ਕਰਨ, ਕਰਾਉਣ ਦੀ ਜਬਰਦਸਤ ਲਗਨ।

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਨਿਰ-ਅਧਾਰ ਰਹਿ ਕੇ ਵੀ 22, 22 ਘੰਟੇ ਹਰ ਰੋਜ਼ ਤਪ ਕਰਨ ਦੀ ਸਾਖੀ ਆਪ ਜੀ ਨੇ ਦਾਸ ਨੂੰ ਸੁਣਾਈ ਹੈ। ਇਕ ਦਫਾ ਕਹਿੰਦੇ, ਮੈਂ ਮਾਨਸਾ ਵਲ ਰੋਹੀ ਬੀਆਬਾਨ ਵਿਚ ਤਪ ਕਰਦਾ ਸੀ, ਭੁੱਖ ਜਬਰਦਸਤ ਲੱਗੀ। ਮੈਂ ਇਹ ਪ੍ਰਣ ਕੀਤਾ ਹੋਇਆ ਸੀ ਕਿ ਕਿਸੇ ਤੋਂ ਕੁਝ ਮੰਗਣਾ ਨਹੀਂ। ਵਾਹਿਗੁਰੂ ਦੀ ਰਜ਼ਾਅ ਵਿਚ ਹੀ ਰਹਿਣਾ ਹੈ, ਭਾਵੇਂ ਸਰੀਰ ਰਹੇ ਜਾਂ ਨਾ ਰਹੇ। ਤੁਰਿਆ ਜਾ ਰਿਹਾ ਸੀ, ਇਕ ਜਿੰਮੀਦਾਰ ਆਪਣੇ ਖੂਹ ਤੇ ਗਾਜਰਾਂ ਧੋ ਰਿਹਾ ਸੀ। ਉਸ ਨੇ ਮੈਨੂੰ ਖਾਣ ਲਈ ਗਾਜਰਾਂ ਦਿਤੀਆਂ। ਉਸ ਗਾਜਰਾਂ ਬਦਲੇ ਮੈਂ ਉਸ ਨਮਿਤ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ। ਹੋਰ ਵੀ ਤਪ ਕਰਨ ਦੀਆਂ ਅਨੇਕ ਸਾਖੀਆਂ ਹਨ। ਇਕ ਦਫਾ ਕਹਿੰਦੇ ਮੈਂ ਤਪ ਕਰਦਾ ਸੀ, ਕਿਸੇ ਸ਼ਰਾਬੀ ਬੰਦੇ ਨੇ ਮੈਨੂੰ ਪ੍ਰਸ਼ਾਦਾ ਛਕਾਉਣਾ ਚਾਹਿਆ, ਮੈਨੂੰ ਪਤਾ ਲੱਗਿਆ ਕਿ ਇਹ ਸ਼ਰਾਬ ਪੀਂਦਾ ਹੈ। ਮੈਂ ਕਿਹਾ, ਪ੍ਰੇਮੀਆਂ! ਤੇਰਾ ਪ੍ਰਸ਼ਾਦਾ ਕੀ ਛਕਣਾ, ਤੂੰ ਤਾਂ ਸ਼ਰਾਬ ਪੀਂਦਾ ਹੈਂ। ਅਖੀਰ ਉਸ ਨੇ ਸ਼ਰਾਬ ਛੱਡਣ ਦਾ ਪ੍ਰਣ ਹੀ ਨਹੀਂ ਕੀਤਾ, ਸਾਰੀ ਜ਼ਿੰਦਗੀ ਵਾਸਤੇ ਸ਼ਰਾਬ ਛੱਡ ਦਿਤੀ।

ਇਕ ਦਫਾ ਕਹਿੰਦੇ ਮੈਂ ਤਪ ਕਰਦਾ ਸੀ, ਮੈਨੂੰ ਮਾਇਆ ਨੇ ਘੇਰਨ ਦੀ ਕੋਸ਼ਿਸ਼ ਕੀਤੀ। ਕੋਈ ਸੇਠ ਸ਼ਾਹੂਕਾਰ ਕਹਿਣ ਲੱਗਿਆ, ਮੇਰੀ ਕੋਠੀ ਰਿਹਾ ਕਰੋ, ਇਹ ਸਾਰਾ ਬਜ਼ਾਰ ਔਰ ਬਾਗ ਮੈਂ ਤੇਰੇ ਨਾਮ ਲਵਾ ਦੇਣਾ ਹੈ। ਮੈਂ ਕਿਹਾ ਇਹ ਤਾਂ ਵਾਹਿਗੁਰੂ ਵਲੋਂ ਕੋਈ ਪ੍ਰੀਖਿਆ ਹੈ। ਮੈਨੂੰ ਤਾਂ ਇਸ ਨੇ ਗੁਲਾਮ ਬਣਾ ਲੈਣਾ ਹੈ। ਮੈਂ ਰਾਤੋ ਰਾਤ ਉਥੋਂ ਦੌੜ ਆਇਆ। ਕਹਿਣ ਤੋਂ ਭਾਵ ਆਪ ਨੇ ਫੁਰਨੇ ਰਹਿਤ ਹੋ ਕੇ ਭਗਤੀ ਕੀਤੀ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ-287***

ਜਦੋਂ ਦਾਸ ਨੂੰ ਆਪ ਜੀ ਨੇ ਇਹ ਵਾਰਤਾ ਸੁਣਾਈ ਤਾਂ ਦਾਸ ਨੇ ਕਿਹਾ, ਮਹਾਰਾਜ ਜੀ! ਆਪ ਜੀ ਤੇ ਇਹ ਪੰਗਤੀਆਂ ਢੁਕਦੀਆਂ ਹਨ -

***ਮਿਟਾ ਦੇ ਅਪਨੀ ਹਸਤੀ***
***ਅਗਰ ਕੁਛ ਮਰਤਬਾ ਚਾਹੀਏ***
***ਕਿ ਦਾਨਾ ਖਾਕ ਮੇਂ ਮਿਲ ਕਰ ਹੀ***
***ਗੁਲੇ ਗੁਲਜ਼ਾਰ ਹੋਤਾ ਹੈ।***
***ਖੁਦੀ ਕੋ ਕਰ ਬੁਲੰਦ ਇਤਨਾ***
***ਹਰ ਤਕਦੀਰ ਸੇ ਪਹਿਲੇ***
***ਖੁਦਾ ਬੰਦੇ ਸੇ ਖੁਦ ਪੂਛੇ***
***ਬਤਾ ਤੇਰੀ ਰਜਾ ਕਿਆ ਹੈ।***

ਕਹਿਣ ਲੱਗੇ, ਹਾਂ ਸਭ ਕੁਛ ਹੀ ਵਾਹਿਗੁਰੂ ਜੀ ਨੂੰ ਅਰਪਣ ਕਰਨਾ ਪੈਂਦਾ ਹੈ।

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***
***ਪੰਨਾ - 918***

ਮੈਂ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲਿਆਂ ਦੇ ਪਹਿਲੀ ਵਾਰ ਬਾਬਾ ਜੀ ਦੇ ਮਿਲਾਪ ਦਾ ਜ਼ਿਕਰ ਕਰ ਰਿਹਾ ਸੀ। ਜਿਸ ਵਕਤ ਆਪ ਜੀ ਰਾੜਾ ਸਾਹਿਬ ਦਰਸ਼ਨਾਂ ਨੂੰ ਗਏ, ਸੰਤ ਮਹਾਰਾਜ ਜੀ ਕੁਰਸੀ ਤੇ ਸਸ਼ੋਭਤ ਸਨ। ਆਪ ਜੀ ਨੇ ਨਮਸਕਾਰ ਕੀਤੀ। ਸੰਤ ਮਹਾਰਾਜ ਜੀ ਨੇ ਪੁਛਿਆ, ਤੂੰ ਕੌਣ ਹੈਂ? ਬਾਬਾ ਜੀ ਕਹਿਣ ਲੱਗੇ, ਮੈਨੂੰ ਦਸਣਾ ਨਹੀਂ ਆਉਂਦਾ ਮੈਂ ਕੌਣ ਹਾਂ। ਸੰਤ ਮਹਾਰਾਜ ਜੀ ਸਮਝ ਗਏ, ਕਹਿਣ ਲੱਗੇ, ਬੈਠ ਜਾ। ਸੰਤ ਮਹਾਰਾਜ ਜੀ ਨੇ ਅੰਤਰ ਆਤਮੇ ਬਾਬਾ ਜੀ ਨਾਲ ਮਿਲਾਪ ਕੀਤਾ। ਦੱਸਿਆ ਕਿ ਤੇਰਾ ਆਪਣਾ ਆਪ ਜੀਵ ਆਤਮਾ ਹੈ। ਸੰਗਤਾਂ ਨੂੰ ਫੁਰਮਾਇਆ ਅੱਜ ਇਕ ਗੁਰਮੁਖ ਦਾ ਮਿਲਾਪ

(ਬਾਕੀ ਪੰਨਾ 57 ਤੇ)

# ਸੰਤ ਤੁਮਾਰੇ ਤੁਮਰੇ ਪ੍ਰੀਤਮ

***ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ ਸਤੰਬਰ ਅੰਕ, ਪੰਨਾ-38)*

## ਛੋਟੇ ਬਾਲਕ ਦਾ ਅਰੋਗ ਹੋਣਾ

ਇਥੇ ਇਕ ਇਹੋ ਜਿਹੀ ਘਟਨਾ ਦਾ ਜ਼ਿਕਰ ਹੈ ਜਿਸ ਦਾ ਸੰਬੰਧ ਕੇਵਲ ਗੁਰਬਾਣੀ ਉਤੇ ਪੂਰਨ ਸ਼ਰਧਾ ਅਤੇ ਭਰੋਸੇ ਨਾਲ ਹੈ। ਭੁਲੇਖੇ ਨਾਲ ਕੋਈ ਵੀ ਪ੍ਰੇਮੀ ਇਸ ਨੂੰ ਕਰਾਮਾਤ ਨਾਲ ਜੋੜਨ ਦੀ ਗਲਤੀ ਨਾ ਕਰੇ ਕਿਉਂਕਿ ਨਾਮ ਜਪਣ ਵਾਲੇ ਗੁਰਮੁਖਾਂ ਵਿਚ ਤਾਂ ਸਹਿਜ ਸੁਭਾਇ ਹੀ ਰੂਹਾਨੀ ਸ਼ਕਤੀਆਂ ਹੁੰਦੀਆਂ ਹਨ।

ਗੁਰਮੁਖ ਪਿਆਰਿਆਂ ਨੂੰ ਕਰਾਮਾਤਾਂ ਦੀ ਦਾਤ ਵਾਹਿਗੁਰੂ ਜੀ ਨਾਲ ਜੁੜੇ ਰਹਿਣ ਕਰਕੇ ਸਹਿਜ ਸੁਭਾਅ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ। ਜੇਕਰ ਕਿਸੇ ਗਰੀਬ, ਮਜ਼ਲੂਮ, ਬੀਮਾਰ ਤੇ ਉਨ੍ਹਾਂ ਨੂੰ ਦਇਆ ਆ ਜਾਵੇ ਤਾਂ ਉਸ ਦਾ ਦੁਖ ਨਵਿਰਤ ਕਰ ਦਿਆ ਕਰਦੇ ਹਨ ਕਿਉਂਕਿ ਗੁਰਮੁਖ ਪਿਆਰਿਆਂ ਦਾ ਹਿਰਦਾ ਕੋਮਲ ਹੋਇਆ ਕਰਦਾ ਹੈ। ਉਹ ਆਪਣੇ ਸਰੀਰ ਤੇ ਕਸ਼ਟ ਝੱਲ ਕੇ ਵੀ ਦੂਜੇ ਦਾ ਦੁਖ ਦੂਰ ਕਰ ਦਿਆ ਕਰਦੇ ਹਨ।

ਮਾਤਾ ਸੁਖਦੇਵ ਕੌਰ (ਸੁਖੀ) ਦੇ ਨਜਦੀਕ ਪਰਿਵਾਰ ਵਿਚੋਂ ਕਿਸੇ ਦਾ ਬੱਚਾ, ਜੋ ਕਿ ਦੋ ਤਿੰਨ ਸਾਲ ਦਾ ਸੀ, ਬੀਮਾਰ ਰਹਿੰਦਾ ਸੀ। ਉਨ੍ਹਾਂ ਨੇ ਹਕੀਮਾਂ, ਡਾਕਟਰਾਂ ਤੋਂ ਬਥੇਰਾ ਇਲਾਜ ਕਰਵਾਇਆ ਪਰੰਤੂ ਬੱਚਾ ਦਿਨੋਂ ਦਿਨ ਸੁਕਦਾ ਜਾ ਰਿਹਾ ਸੀ। ਮਾਤਾ ਉਸ ਬੱਚੇ ਨੂੰ ਬਾਬਾ ਜੀ ਪਾਸ ਲੈ ਕੇ ਆਈ ਤੇ ਕਹਿਣ ਲੱਗੀ ਕਿ ਬੇਟਾ! ਇਸ ਬੱਚੇ ਤੇ ਕਿਰਪਾ ਦ੍ਰਿਸ਼ਟੀ ਕਰੋ, ਮਹਾਰਾਜ ਅੱਗੇ ਅਰਦਾਸ ਕਰੋ, ਸੁੰਨੇ ਘਰ ਦਾ ਇਹ ਇਕੋ ਇਕ ਚਿਰਾਗ ਹੈ। ਜੇਕਰ ਬੁਝ ਗਿਆ ਤਾਂ ਘਰ ਵਿਚ ਹਨ੍ਹੇਰ ਪੈ ਜਾਵੇਗਾ। ਬਾਬਾ ਜੀ ਇਸ ਮਾਤਾ ਨੂੰ ਆਪਣੀ ਮਾਂ ਵਾਂਗ ਹੀ ਪਿਆਰ ਕਰਦੇ ਸੀ, ਉਸ ਨੂੰ ਨਾਂਹ ਵਿਚ ਉਤਰ ਨਹੀਂ ਸੀ ਦੇਣਾ ਚਾਹੁੰਦੇ ਕਿਉਂਕਿ ਬੱਚੇ ਦੀ ਹਾਲਤ ਵੀ ਇਸ ਤਰ੍ਹਾਂ ਦੀ ਸੀ ਕਿ ਹੱਡੀਆਂ ਦੀ ਮੁੱਠ ਬਣਿਆ ਹੋਇਆ ਸੀ। ਥੋੜ੍ਹੀ ਦੇਰ ਚੁਪ ਰਹੇ ਤੇ ਮਾਤਾ ਨੇ ਫੇਰ ਬੇਨਤੀ ਕੀਤੀ, ਪੁਤਰ! ਤੁਸੀਂ ਤਾਂ ਨੇਤਰ ਬੰਦ ਕਰ ਲਏ, ਇਸ ਨੂੰ ਜੀਵਨ ਬਖਸ਼ੋ। ਬਾਬਾ ਜੀ ਨੇ ਕਿਹਾ ਕਿ ਮਾਤਾ ਜੀ! ਜੀਵਨ ਤੇ ਮੌਤ ਤਾਂ ਵਾਹਿਗੁਰੂ ਦੇ ਹੱਥ ਹੈ, ਸਾਨੂੰ ਤਾਂ ਗੁਰਬਾਣੀ ਤੇ ਭਰੋਸਾ ਹੈ ਅਤੇ ਗੁਰਬਾਣੀ ਤੇ ਭਰੋਸਾ ਰੱਖ ਕੇ ਹੀ ਕਹਿ ਸਕਦੇ ਹਾਂ ਕਿ ਇਸ ਦੀ ਤੰਦਰੁਸਤੀ ਲਈ ਗੁਰਬਾਣੀ ਦਾ ਪਾਠ ਕਰਾਂਗੇ ਜੋ ਕਿ 48 ਘੰਟੇ ਇਕੋ ਚੌਂਕੜੀ ਵਿਚ, ਬਗੈਰ ਕੁਛ ਖਾਧੇ ਪੀਤੇ, ਬਗੈਰ ਕਿਸੇ ਕਿਰਿਆ ਆਦਿ ਕਰਨ ਤੋਂ ਕਰਨਾ ਪਵੇਗਾ। ਇਹ ਪਾਠ ਜਲ ਅੱਗੇ ਰੱਖ ਕੇ ਕਰਨਾ ਪਵੇਗਾ ਤੇ ਫੇਰ ਤੁਸੀਂ ਇਸ ਜਲ ਨਾਲ ਬੱਚੇ ਨੂੰ ਇਸ਼ਨਾਨ ਕਰਵਾ ਦੇਣਾ, ਮਹਾਰਾਜ ਤੇ ਭਰੋਸਾ ਰੱਖੋ, ਅਸੀਂ ਅਰਦਾਸ ਕਰਨੀ ਹੈ, ਜੀਵਨ ਉਸ ਨੇ ਬਖਸ਼ਣਾ ਹੈ ਪਰੰਤੂ ਭਰੋਸਾ ਪੂਰਨ ਤੇ ਸੌ ਫੀ ਸਦੀ ਹੋਣਾ ਚਾਹੀਦਾ ਹੈ। ਮਾਤਾ ਨੂੰ ਭਰੋਸਾ ਹੋਇਆ ਤੇ ਆਪ ਕਹਿਣ ਲੱਗੇ, ਮਾਤਾ ਜੀ! ਇਕ ਬਾਲਟੀ ਪਾਣੀ ਦੀ ਇਥੇ ਰੱਖ ਜਾਇਓ। ਕਲ੍ਹ ਸਵੇਰੇ ਮੈਂ ਪਾਠ ਤੇ ਬੈਠਾਂਗਾ ਤੇ ਪਰਸੋਂ ਸਵੇਰ ਤਕ 24 ਘੰਟੇ ਤੇ ਚੌਥੀ ਸਵੇਰੇ 8 ਵਜੇ ਤਕ 48 ਘੰਟੇ ਹੋ ਜਾਣਗੇ ਤੇ ਤੁਸੀਂ ਉਸ ਵੇਲੇ ਆ ਜਾਇਓ। ਬਾਬਾ ਜੀ ਅਰਦਾਸ ਕਰਕੇ ਬਗੈਰ ਕੁਝ ਖਾਧੇ ਪੀਤੇ ਚੌਂਕੜਾ ਮਾਰ ਕੇ ਆਪਣੇ ਕਮਰੇ ਵਿਚ ਬੈਠ ਗਏ ਤੇ ਅੰਦਰੋਂ ਕੁੰਡਾ ਬੰਦ ਕਰ ਲਿਆ। ਮਾਤਾ ਜੀ ਨੂੰ ਕਹਿ ਦਿਤਾ ਕਿ ਬਾਹਰ ਕਿਸੇ ਨੂੰ ਪਹਿਰੇ ਤੇ ਬਿਠਾ ਦਿਓ ਕਿ ਕੋਈ ਵੀ ਕੁੰਡਾ ਨਾ ਖੜਕਾਵੇ, ਨਾ ਆਵਾਜ਼ ਮਾਰੇ ਤੇ ਨਾ ਹੀ ਬਿਰਤੀ ਤੋੜੇ।

ਪੂਰੇ 48 ਘੰਟੇ ਆਪ ਗੁਰਬਾਣੀ ਦਾ ਪਾਠ ਕਰਦੇ ਰਹੇ। 48 ਘੰਟੇ ਤੋਂ ਮਾਤਾ ਬਾਹਰ ਖੜ੍ਹੀ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਬਾਬਾ ਜੀ ਬਾਹਰ ਆਉਣ ਤੇ ਬੱਚਾ ਅਰੋਗ ਹੋ ਜਾਵੇ। ਬਾਬਾ ਜੀ ਨੇ ਪਾਠ ਦੀ ਸਮਾਪਤੀ ਪਿਛੋਂ ਅਰਦਾਸ ਕੀਤੀ ਤੇ ਮਾਤਾ ਨੂੰ ਕਿਹਾ ਕਿ ਇਹ ਪਾਣੀ ਦੀ ਬਾਲਟੀ ਲੈ ਜਾਵੋ ਤੇ ਖੇਤ ਵਿਚ ਜਾ ਕੇ ਕਪਾਹ ਦੀ ਛਟੀ ਹੇਠ ਇਸ ਜਲ ਨਾਲ ਬੱਚੇ ਦਾ ਇਸ਼ਨਾਨ ਕਰਵਾ ਦਿਉ। ਜੇਕਰ ਤਾਂ ਇਸ਼ਨਾਨ ਕਰਾਉਣ ਪਿਛੋਂ ਕਪਾਹ ਦਾ ਬੂਟਾ ਮੁਰਝਾਉਣਾ ਸ਼ੁਰੂ ਹੋ ਗਿਆ ਤਾਂ ਸਮਝ ਲੈਣਾ ਕਿ ਤੁਹਾਡਾ ਬੱਚਾ ਹੁਣ ਠੀਕ ਹੋ ਜਾਵੇਗਾ। ਸੋ ਇਸੇ ਤਰ੍ਹਾਂ ਹੋਇਆ, ਇਸ਼ਨਾਨ ਕਰਾਉਣ ਤੋਂ ਕੁਝ ਦੇਰ ਬਾਅਦ ਹੀ ਕਪਾਹ ਦੇ ਬੂਟੇ ਦੇ ਪੱਤੇ ਮੁਰਝਾਉਣੇ ਸ਼ੁਰੂ ਹੋ ਗਏ ਤੇ ਫਿਰ ਉਹ ਬੂਟਾ ਸੁੱਕ ਗਿਆ ਤੇ ਬੱਚਾ ਰਾਜ਼ੀ ਹੋ ਗਿਆ।

ਕਈ ਪ੍ਰੇਮੀਆਂ ਨੂੰ ਇਸ ਬਾਰੇ ਸੰਸਾ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਵੀ ਹੋ ਜਾਂਦਾ ਹੈ? ਸਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਗਿਆਤ ਹੈ ਕਿ ਪੰਜ ਪਿਆਰੇ ਜਦੋਂ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿਚ ਅੰਮ੍ਰਿਤ ਤਿਆਰ ਕਰਦੇ ਹਨ, ਅੰਮ੍ਰਿਤ ਤਿਆਰ ਕਰਦੇ ਹੋਏ ਜਦੋਂ ਬਾਣੀ ਪੜ੍ਹਦੇ ਹਨ, ਉਨ੍ਹਾਂ ਦੀ ਨਜ਼ਰ ਉਸ ਜਲ ਉਤੇ ਹੋਇਆ ਕਰਦੀ ਹੈ। ਪੰਜਾਂ ਬਾਣੀਆਂ ਦਾ ਅਸਰ ਤੇ ਤੇਜ ਉਸ ਜਲ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਠੀਕ ਇਸੇ ਤਰ੍ਹਾਂ ਜਦੋਂ ਇਕਾਗਰ ਚਿਤ ਹੋ ਕੇ ਬਾਣੀ ਦਾ ਪਾਠ, ਜਲ ਉਤੇ ਨਿਗਾਹ ਟਿਕਾਅ ਕੇ ਕੀਤਾ ਜਾਂਦਾ ਹੈ ਤਾਂ ਬਾਣੀ ਦੀ ਸ਼ਕਤੀ ਜਲ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਗੁਰਬਾਣੀ ਨਾਮ ਰੂਪ ਹੈ। ਜਦੋਂ ਇਹ ਨਾਮ ਰੂਪ ਸ਼ਕਤੀ, ਜਲ ਵਿਚ ਆ ਗਈ ਤਾਂ ਉਹ ਅਉਖਧ ਬਣ ਜਾਂਦੀ ਹੈ।

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥ ਪੰਨਾ - 274***

ਬਾਬਾ ਜੀ ਦੇ ਆਦੇਸ਼ ਅਨੁਸਾਰ ਜਲ ਨਾਲ ਬੱਚੇ ਨੂੰ ਇਸ਼ਨਾਨ ਕਰਵਾ ਦਿਤਾ ਗਿਆ ਅਤੇ ਬੱਚਾ ਕੁਝ ਦਿਨਾਂ

ਵਿਚ ਹੀ ਨੌਂ-ਬਰ-ਨੌਂ ਹੋ ਗਿਆ। ਮਾਤਾ ਖੁਸ਼ੀ ਖੁਸ਼ੀ ਬੱਚੇ ਨੂੰ ਬਾਬਾ ਜੀ ਪਾਸ ਲੈ ਕੇ ਆਈ। ਹੁਣ ਬਾਬਾ ਜੀ ਨੇ ਮਾਤਾ ਨੂੰ ਕਿਹਾ ਕਿ ਮਾਤਾ! ਬੱਚਾ ਤਾਂ ਤੇਰਾ ਠੀਕ ਹੋ ਗਿਆ, ਹੁਣ ਤੁਹਾਨੂੰ ਇਕ ਬਚਨ ਦੇਣਾ ਪਵੇਗਾ। ਜੋ ਮੈਂ ਕਹਾਂਗਾ, ਕੀ ਤੁਸੀਂ ਮੰਨੋਗੇ? ਕਹਿਣ ਲੱਗੇ, ਹਾਂ ਬੇਟਾ ਜੀ! ਜ਼ਰੂਰ ਮੰਨਾਂਗੀ। ਬਾਬਾ ਜੀ ਨੇ ਕਿਹਾ ਕਿ ਪਹਿਲੀ ਗਲ ਤਾਂ ਇਹ ਹੈ ਕਿ ਇਸ ਬਾਰੇ ਕਿਸੇ ਨੂੰ ਦੱਸਣਾ ਨਹੀਂ ਕਿ ਇਹ ਬੱਚਾ ਕਿਥੋਂ ਠੀਕ ਹੋਇਆ ਹੈ ਅਤੇ ਮੇਰੇ ਬਾਰੇ ਕਿਸੇ ਨਾਲ ਵੀ ਗਲ ਨਹੀਂ ਕਰਨੀ। ਦੂਸਰੀ ਗੱਲ ਇਹ ਕਿ ਜੇਕਰ ਤੁਸੀਂ ਇਹ ਗੱਲ ਕਿਸੇ ਕੋਲ ਪ੍ਰਗਟ ਕੀਤੀ ਤਾਂ ਤੁਹਾਡਾ ਬੱਚਾ ਫਿਰ ਬਿਮਾਰ ਹੋ ਜਾਵੇਗਾ। ਮਾਤਾ ਕਹਿਣ ਲੱਗੀ ਕਿ ਮੈਂ ਬਚਨ ਦਿੰਦੀ ਹਾਂ। ਮਹਾਂਪੁਰਸ਼ ਕਦੀ ਵੀ ਆਪਣੇ ਆਪ ਨੂੰ ਜਣਾਇਆ ਨਹੀਂ ਕਰਦੇ। ਆਪ ਨਹੀਂ ਚਾਹੁੰਦੇ ਸਨ ਕਿ ਐਵੇਂ ਲੋਕ ਉਨ੍ਹਾਂ ਦੀ ਵਾਹਵਾ ਕਰਨ। ਦੂਸਰੇ, ਦੁਨੀਆਂ ਭਰ ਦੇ ਬਿਮਾਰ ਤੇ ਰੋਗੀ ਲਾਈਨਾਂ ਲਾ ਕੇ ਖੜ੍ਹੇ ਹੋ ਜਾਣਗੇ। ਸੰਸਾਰ ਨੂੰ ਨਾਮ ਜਪਣ ਨਾਲ, ਭਜਨ ਬੰਦਗੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਕੋਈ ਮਤਲਬ ਨਹੀਂ ਹੁੰਦਾ, ਉਹਨਾਂ ਦਾ ਤਾਂ ਕੰਮ ਸਰਨਾ ਚਾਹੀਦਾ ਹੈ। ਬਾਬਾ ਜੀ ਇਹ ਬਚਨ ਬਹੁਤ ਵਾਰ ਕਰਿਆ ਕਰਦੇ ਸੀ ਅਤੇ ਦੱਸਿਆ ਕਰਦੇ ਸੀ ਕਿ ਮੈਂ ਗੁਰੂ ਗਰੰਥ ਸਾਹਿਬ ਅੱਗੇ ਖੜ੍ਹੇ ਹੋ ਕੇ ਅਰਦਾਸ ਕੀਤੀ ਕਿ ਹੇ ਮਹਾਰਾਜ! ਆਪ ਜੀ ਦੀ ਕਾਮਧੇਨ ਰੂਪ ਸਰਬ ਸ੍ਰੇਸ਼ਟ ਬਾਣੀ ਪੜ੍ਹਕੇ ਜੋ ਸ਼ਕਤੀ ਪ੍ਰਾਪਤ ਹੋਈ ਹੈ ਜਿਸ ਨਾਲ ਬੱਚਾ ਠੀਕ ਹੋਇਆ ਹੈ, ਉਹ ਸ਼ਕਤੀ ਆਪ ਵਾਪਸ ਲੈਣ ਦੀ ਕ੍ਰਿਪਾਲਤਾ ਕਰੋ ਤੇ ਮੁੜ ਫੇਰ ਮੈਨੂੰ ਕਦੀ ਖਿਆਲ ਵੀ ਨਾ ਆਵੇ। ਜੇ ਕੋਈ ਖਿਆਲ ਪੈਦਾ ਹੋਵੇ ਤਾਂ ਆਪ ਦੇ ਸਿਮਰਨ ਭਜਨ ਦਾ ਹੋਵੇ। ਇਨ੍ਹਾਂ ਸ਼ਕਤੀਆਂ ਦਾ ਨਾ ਹੀ ਕੋਈ ਫੁਰਨਾ ਮੇਰੇ ਅੰਦਰ ਆਵੇ ਅਤੇ ਨਾ ਹੀ ਵਿਕਸ਼ੇਪਤਾ ਪੈਦਾ ਹੋਵੇ। ਇਸ ਦਾ ਕਾਰਨ ਇਹ ਹੈ ਕਿ ਗੁਰਮੁਖ ਪਿਆਰੇ ਕਿਸੇ ਤਰ੍ਹਾਂ ਦੀ ਵੀ ਰਿਧੀ ਸਿਧੀ ਨੂੰ ਸਵੀਕਾਰਨ ਤੋਂ ਸੰਕੋਚ ਕਰਿਆ ਕਰਦੇ ਹਨ ਅਤੇ ਐਸਾ ਹੀ ਗੁਰੂ ਮਹਾਰਾਜ ਜੀ ਦਾ ਫੁਰਮਾਨ ਵੀ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ - 593***

ਜਿਥੇ ਰਿਧ ਸਿਧ ਆ ਜਾਵੇ, ਉਸ ਥਾਂ ਤੇ ਨਾਮ ਦਾ ਨਿਵਾਸ ਨਹੀਂ ਹੋਇਆ ਕਰਦਾ। ਇਸ ਕਰਕੇ ਨਾਮ ਜਪਣ ਵਾਲੇ, ਬੰਦਗੀ ਕਰਨ ਵਾਲੇ ਪ੍ਰੇਮੀ ਇਨ੍ਹਾਂ ਚੀਜ਼ਾਂ ਤੋਂ ਪਾਸੇ ਹੋ ਕੇ ਨਾਮ ਵਿਚ ਬਿਰਤੀ ਰੱਖਿਆ ਕਰਦੇ ਹਨ। ਆਪ ਨੇ ਗੁਰਬਾਣੀ ਤੇ ਭਰੋਸਾ ਰੱਖ ਕੇ ਉਸ ਮਾਤਾ ਨੂੰ ਦ੍ਰਿੜ੍ਹ ਕਰਵਾਇਆ ਕਿ ਗੁਰਬਾਣੀ ਬੇਅੰਤ ਸ਼ਕਤੀਆਂ ਦਾ ਭੰਡਾਰ ਹੈ ਪਰ ਗੁਰੂ ਮਹਾਰਾਜ ਜੀ ਨੇ ਗੁਰਸਿਖਾਂ ਨੂੰ ਵਿਵਰਜਿਤ ਕੀਤਾ ਹੈ ਕਿ ਜੇਕਰ ਕਿਸੇ ਵਿਚ ਸਹਿਜ ਸੁਭਾਇ ਸ਼ਕਤੀ ਆ ਵੀ ਜਾਏ ਤਾਂ ਉਸ ਨੂੰ ਜਰਨ ਦੀ ਸ਼ਕਤੀ ਰੱਖੇ ਜਾਂ ਫਿਰ ਇਹ ਸਭ ਕੁਝ ਗੁਰੂ ਦੇ ਅਰਪਨ ਕਰਕੇ ਆਪ ਨਿਵੇਕਲਾ ਹੋ ਜਾਵੇ ਜਿਸ ਤਰ੍ਹਾਂ ਕਿ ਬਾਬਾ ਜੀ ਨੇ ਛੋਟੀ ਉਮਰ ਵਿਚ ਹੀ ਇਸ ਤਰ੍ਹਾਂ ਕਰ ਦਿਖਾਇਆ ਸੀ, ਆਪਣੀਆਂ ਸਾਰੀਆਂ ਸ਼ਕਤੀਆਂ ਗੁਰੂ ਮਹਾਰਾਜ ਦੇ ਅਰਪਨ ਕਰ ਦਿਤੀਆਂ ਸਨ। ਇਹ ਗੁਰਮੁਖਾਂ ਦੀ ਕਿਰਿਆ ਹੋਇਆ ਕਰਦੀ ਹੈ। ਆਪਣੇ ਆਪ ਤੋਂ ਜੇ ਕੋਈ ਚਾਹੇ ਕਿ ਮੈਂ ਗੁਰਮੁਖ ਬਣ ਜਾਵਾਂ, ਇਸ ਤਰ੍ਹਾਂ ਨਹੀਂ ਹੋ ਸਕਿਆ ਕਰਦਾ ਕਿਉਂਕਿ ਜਿਸ ਨੂੰ ਵਾਹਿਗੁਰੂ ਬਣਾਵੇ, ਉਹ ਹੀ ਗੁਰਮੁਖ ਬਣ ਸਕਦਾ ਹੈ।

***ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ***
***ਏਕਸ ਸਿਉ ਲਿਵ ਲਾਏ॥ ਪੰਨਾ - 920***

## ਨਾਮ ਬਾਣੀ ਦਾ ਪ੍ਰਚਾਰ

ਕੇਵਲ ਗੁਰਮੁਖ ਦੀ ਬਿਰਤੀ ਹੀ ਅਰੂੜ ਹੁੰਦੀ ਹੈ ਅਤੇ ਉਹ ਮਾਇਆ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਠੀਕ ਇਸੇ ਤਰ੍ਹਾਂ ਨਾਲ ਬਾਬਾ ਜੀ ਵਿਚਰ ਰਹੇ ਸਨ। ਉਨ੍ਹਾਂ ਦੇ ਮਨ ਵਿਚ ਜ਼ਰਾ ਜਿੰਨੀ ਵੀ ਐਸੀ ਭਾਵਨਾ ਨਹੀਂ ਸੀ ਕਿ ਮੈਂ ਪਰਿਵਾਰ ਤੋਂ ਇੰਨੀ ਦੂਰ ਆ ਗਿਆ ਹਾਂ ਤੇ ਭਾਵੇਂ ਪਰਿਵਾਰ ਵਾਲੇ ਤਾਂ ਫਿਕਰ ਕਰਦੇ ਹੋਣਗੇ ਪਰ ਆਪ ਨੂੰ ਕੁਝ ਹੋਰ ਫਿਕਰ ਸੀ ਕਿ ਮੈਂ ਜਿੰਨਾ ਚਿਰ ਇਥੇ ਆਇਆ ਹੋਇਆ ਹਾਂ, ਇਥੇ ਦੀ ਸੰਗਤ ਨੂੰ ਗੁਰੂ ਨਾਨਕ ਮਹਾਰਾਜ ਜੀ ਦੇ ਦਰ ਦੀ ਸੋਝੀ ਕਰਵਾ ਜਾਵਾਂ, ਇਨ੍ਹਾਂ ਨੂੰ ਗੁਰੂ ਗਰੰਥ ਸਾਹਿਬ ਦੇ ਲੜ ਲਾ ਜਾਵਾਂ ਤਾਂ ਕਿ ਇਹ ਹੋਰ ਥਾਵਾਂ ਤੇ ਭਟਕਦੇ ਨਾ ਫਿਰਨ, ਇਨ੍ਹਾਂ ਨੂੰ ਪਰਮਾਰਥ ਦੀ ਸਹੀ ਦਿਸ਼ਾ ਦਾ ਪਤਾ ਲਗ ਜਾਵੇ। ਇਕ ਵਾਰ ਇਸ ਰਾਹ ਤੇ ਪੈ ਗਏ, ਫੇਰ ਸਹਿਜੇ ਸਹਿਜੇ ਟੁਰਦੇ ਰਹਿਣਗੇ।

ਗੋਠ ਚੰਦਾ ਸਿੰਘ ਵਿਖੇ ਸੰਗਤ ਦਾ ਆਉਣਾ ਜਾਣਾ ਲਗਿਆ ਰਹਿੰਦਾ ਸੀ, ਆਪ ਗੁਰਮਤਿ ਅਨੁਸਾਰ ਸਾਰਿਆਂ ਨੂੰ ਸਹੀ ਸੇਧ ਦੇ ਕੇ ਮਾਰਗ ਦਰਸ਼ਨ ਕਰਵਾਉਂਦੇ ਰਹਿੰਦੇ ਸੀ। ਇਸ ਮਾਰਗ ਦਰਸ਼ਨ ਵਿਚ ਘਰੇਲੂ ਸਮੱਸਿਆਵਾਂ ਦਾ ਹੱਲ, ਜ਼ਮੀਨ, ਕਿਰਸਾਨ, ਖੇਤੀ ਬਾੜੀ ਦੀਆਂ ਸਮੱਸਿਆਵਾਂ ਦਾ ਹੱਲ, ਆਰਥਿਕ ਤੇ ਸਮਾਜਿਕ ਸਮੱਸਿਆ ਆਦਿ ਦਾ ਹੱਲ ਦੱਸ ਕੇ ਸਭ ਨੂੰ ਪਿਆਰ ਨਾਲ ਤਸੱਲੀਬਖਸ਼ ਸੇਧ ਦੇ ਕੇ ਤੋਰਿਆ ਕਰਦੇ ਸੀ। ਇਸ ਅਪਣੱਤ ਭਰੇ ਵਰਤਾਅ ਕਾਰਨ ਸਾਰੇ ਆਪ ਨੂੰ ਪਿਆਰ ਕਰਦੇ ਸੀ। ਹਰ ਇਕ ਇਹ ਇਛਾ ਰੱਖਦਾ ਸੀ ਕਿ ਬਾਬਾ ਜੀ ਮੇਰੇ ਘਰ ਆਉਣ ਤੇ ਸਾਡੇ ਇਲਾਕੇ ਦਾ ਉਧਾਰ ਕਰਕੇ ਗੁਰੂ ਮਹਾਰਾਜ ਦੇ ਚਰਨਾਂ ਨਾਲ ਜੋੜਨ। ਇਸ ਮੰਤਵ ਨੂੰ ਮੁਖ ਰੱਖ ਕੇ ਕੁਝ ਪ੍ਰੇਮੀ ਨਵਾਬ ਸ਼ਾਹ ਅਤੇ ਲਾਗਲੇ ਇਲਾਕੇ ਦੇ ਪਿੰਡਾਂ ਤੋਂ ਪਹੁੰਚ ਗਏ ਜਿਨ੍ਹਾਂ ਵਿਚ ਸਰਦਾਰ ਰਾਜਾ ਸਿੰਘ, ਕਰਤਾਰ ਸਿੰਘ, ਸਰਦਾਰਾ ਸਿੰਘ, ਦਲੀਪ ਸਿੰਘ, ਪਿਆਰਾ ਸਿੰਘ ਤੇ ਹਜ਼ਾਰਾ ਸਿੰਘ, ਇਹ ਸਾਰੇ ਬਹੁਤ ਪਿਆਰ ਵਾਲੇ ਸਿੰਘ ਸ਼ਾਮਲ ਸਨ। ਸਰਦਾਰ ਚੰਦਾ ਸਿੰਘ ਨੂੰ ਕਹਿਣ ਲੱਗੇ ਕਿ ਬਾਪੂ ਜੀ! ਅਸੀਂ ਬਾਬਾ ਜੀ ਨੂੰ ਲੈਣ ਆਏ ਹਾਂ। ਉਨ੍ਹਾਂ ਨੇ ਉਤਰ ਦਿਤਾ ਕਿ ਜੇਕਰ ਤੁਹਾਡਾ ਪਿਆਰ ਹੈ ਤਾਂ ਤੁਸੀਂ ਇਥੇ ਇਨ੍ਹਾਂ ਕੋਲ ਰਹੋ ਤੇ

ਇਨ੍ਹਾਂ ਨੂੰ ਲੈ ਕੇ ਜਾਣ ਲਈ ਕਿਉਂ ਕਹਿੰਦੇ ਹੋ? ਇਥੇ ਵੀ ਤਾਂ ਸੰਗਤ ਬਹੁਤ ਆਉਂਦੀ ਹੈ ਤੇ ਸਭ ਨੇ ਇਨ੍ਹਾਂ ਨੂੰ ਮਿਲ ਕੇ ਗਲਬਾਤ ਕਰਨੀ ਹੁੰਦੀ ਹੈ। ਸਾਰੇ ਜਣੇ ਸੁਣ ਕੇ ਚੁਪ ਹੋ ਗਏ ਤੇ ਸਲਾਹ ਕਰਕੇ ਕਹਿਣ ਲੱਗੇ, ਠੀਕ ਹੈ, ਅਸੀਂ ਇਥੇ ਹੀ ਰਹਾਂਗੇ; ਜਦੋਂ ਤੁਸੀਂ ਸਾਨੂੰ ਕਹੋਗੇ, ਉਦੋਂ ਹੀ ਜਾਵਾਂਗੇ। ਬਾਬਾ ਜੀ ਕਹਿਣ ਲੱਗੇ ਠੀਕ ਹੈ। ਜੇ ਤੁਸੀਂ ਇਥੇ ਰਹਿਣਾ ਹੈ ਤਾਂ ਸਾਰੇ ਜਣੇ ਇਕ ਇਕ ਅਖੰਡ ਪਾਠ ਕਰਵਾਉ। ਤੁਹਾਨੂੰ ਗੁਰਬਾਣੀ ਸੁਣਨ ਦਾ ਤੇ ਪੜ੍ਹਨ ਦਾ ਫਲ ਵੀ ਮਿਲੇਗਾ। ਸਾਰੇ ਇਕ ਜ਼ੁਬਾਨ ਵਿਚ ਕਹਿਣ ਲੱਗੇ, ਸਾਨੂੰ ਮਨਜ਼ੂਰ ਹੈ। ਪਾਠ ਕਰਵਾਉਣ ਲਈ ਬਾਬਾ ਜੀ ਪੰਜ ਸਿੰਘ ਲੈ ਕੇ ਆਏ ਤੇ ਅਖੰਡ ਪਾਠ ਸ਼ੁਰੂ ਹੋ ਗਏ ਤੇ 15 ਦਿਨ ਰੌਣਕਾਂ ਲਗੀਆਂ ਰਹੀਆਂ। ਜਦੋਂ ਨੇੜੇ ਤੇੜੇ ਦੇ ਪਿੰਡਾਂ ਵਿਚ ਪਤਾ ਲੱਗਾ ਤਾਂ ਬਹੁਤ ਸਾਰੀਆਂ ਸੰਗਤਾਂ ਦਾ ਇਕੱਠ ਹੋ ਗਿਆ। ਨਾਲ ਦੀ ਨਾਲ ਕਥਾ ਕੀਰਤਨ ਅਤੇ ਆਸਾ ਜੀ ਦੀ ਵਾਰ ਦਾ ਪਰਵਾਹ ਵੀ ਚਲਦਾ ਰਿਹਾ। ਜਦੋਂ ਸਾਰੀ ਸੰਗਤ ਇਕ ਇਕ ਕਰਕੇ ਜਾਣ ਲੱਗੀ ਤਾਂ ਇਹ ਪ੍ਰੇਮੀ ਵੀ ਹੱਥ ਜੋੜ ਕੇ ਖੜ੍ਹੇ ਹੋ ਗਏ, ਕਹਿਣ ਲੱਗੇ ਕਿ ਬਾਬਾ ਜੀ! ਹੁਣ ਅਸੀਂ ਤੁਹਾਡਾ ਹੁਕਮ ਮੰਨਿਆ ਹੈ ਤੇ ਤੁਸੀਂ ਵੀ ਕਿਰਪਾ ਕਰੋ, ਸਾਡੇ ਨਾਲ ਚਲੋ ਤੇ ਨਵਾਬ ਸ਼ਾਹ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਵੀ ਸੁਧਾਰੋ ਤਾਂ ਕਿ ਉਹ ਵੀ ਸਿਖੀ ਵਿਚ ਪਰਪੱਕ ਹੋ ਜਾਣ। ਬਾਬਾ ਜੀ ਕਹਿਣ ਲੱਗੇ, ਠੀਕ ਹੈ, ਜਦੋਂ ਸਮਾਂ ਬਣਿਆਂ, ਮੈਂ ਜ਼ਰੂਰ ਆਵਾਂਗਾ ਕਿਉਂਕਿ ਮੈਂ ਤਾਂ ਗੁਰੂ ਦਾ ਚਾਕਰ ਹਾਂ, ਇਹ ਸੇਵਾ ਕਰਨਾ ਮੇਰਾ ਫਰਜ਼ ਹੈ ਤੇ ਹੁਣ ਤੁਸੀਂ ਆਪੋ ਆਪਣੇ ਘਰਾਂ ਨੂੰ ਜਾਵੋ ਤੇ ਜਿਹੜਾ ਪ੍ਰੇਮੀ ਇਥੇ ਰਹਿਣਾ ਚਾਹਵੇ, ਉਹ ਰਹਿ ਵੀ ਸਕਦਾ ਹੈ ਪਰ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਪਰਵਾਰ ਵਿਚ ਜਾਵੋ, ਜ਼ਮੀਨ ਦੀ ਵਾਹੀ, ਸਿੰਚਾਈ, ਕਟਾਈ, ਪਸ਼ੂਆਂ ਦੇ ਪੱਠੇ ਤੇ ਸੰਭਾਲ ਦਾ ਕੰਮ ਤੇ ਪਰਵਾਰ ਵਿਚ ਬੱਚਿਆਂ ਦੀ ਜ਼ੁੰਮੇਵਾਰੀ ਵੀ ਤੁਹਾਡੀ ਹੈ। ਸਾਰੇ ਜਣੇ ਇਕ ਜ਼ੁਬਾਨ ਹੋ ਕੇ ਕਹਿਣ ਲੱਗੇ ਕਿ ਅਸੀਂ ਤਾਂ ਸਾਰੇ ਇਥੇ ਹੀ ਰਹਾਂਗੇ; ਜਿਥੇ ਤੁਸੀਂ ਹੋ, ਉਥੇ ਹੀ ਅਸੀਂ ਰਹਿਣਾ ਚਾਹੁੰਦੇ ਹਾਂ। ਬਾਬਾ ਜੀ ਕਹਿਣ ਲੱਗੇ, ਸੁਣੋ ਪ੍ਰੇਮੀਓਂ! ਇਸ ਤਰ੍ਹਾਂ ਨਹੀਂ ਕਰਨਾ, ਤੁਸੀਂ ਸਾਰੇ ਜਣੇ ਮੇਰੀ ਗੱਲ ਧਿਆਨ ਨਾਲ ਸੁਣੋ।

ਜਿਹੜਾ ਗੁਰਸਿਖ ਹੁੰਦਾ ਹੈ, ਉਸ ਦਾ ਸਾਰਾ ਕੁਝ ਗੁਰੂ ਦਾ ਹੁੰਦਾ ਹੈ, ਅਤੇ ਜਿਹੜੀ ਚੀਜ਼ ਗੁਰੂ ਦੀ ਹੋਵੇ ਤਾਂ ਉਸ ਦੀ ਸੇਵਾ ਸੰਭਾਲ ਦਾ ਫਰਜ਼ ਵੀ ਗੁਰਸਿਖ ਦਾ ਹੀ ਹੁੰਦਾ ਹੈ। ਇਸ ਕਰਕੇ ਪਰਵਾਰ ਨੂੰ ਜ਼ਮੀਨ ਜਾਇਦਾਦ, ਡੰਗਰ ਪਸ਼ੂਆਂ ਨੂੰ, ਜੋ ਕੁਝ ਵੀ ਤੁਹਾਡੇ ਪਾਸ ਹੈ, ਉਸ ਨੂੰ ਗੁਰੂ ਦਾ ਸਮਝ ਕੇ ਸੇਵਾ ਕਰੋ ਤੇ ਆਪਣਾ ਫਰਜ਼ ਨਿਭਾਵੋ। ਇਸ ਤਰ੍ਹਾਂ ਦਾ ਜਦੋਂ ਤੁਹਾਡਾ ਵਰਤਾਰਾ ਹੋਵੇਗਾ ਤਾਂ ਇਹ ਸੇਵਾ ਵੀ ਗੁਰੂ ਨੂੰ ਪਰਵਾਨ ਹੁੰਦੀ ਹੈ। ਸੇਵਾ ਪਰਵਾਨ ਉਦੋਂ ਨਹੀਂ ਹੋਇਆ ਕਰਦੀ ਜਦੋਂ ਅਸੀਂ ਸਾਰਾ ਕੁਝ ਆਪਣਾ ਸਮਝ ਕੇ ਕਰਦੇ ਹਾਂ। ਇਸ ਕਰਕੇ ਜਦੋਂ ਨੁਕਸਾਨ ਹੋ ਜਾਵੇ, ਦੁਖੀ ਹੁੰਦੇ ਹਾਂ, ਲਾਭ ਹੋ ਜਾਵੇ ਖੁਸ਼ ਹੁੰਦੇ ਹਾਂ। ਪਰ ਜਦੋਂ ਗੁਰੂ ਦਾ ਸਮਝ ਕੇ ਕਰਾਂਗੇ, ਉਦੋਂ ਲਾਭ ਤੇ ਹਾਨ ਦਾ ਜ਼ੁੰਮੇਵਾਰ ਗੁਰੂ ਮਹਾਰਾਜ ਹੋ ਜਾਇਆ ਕਰਦੇ ਹਨ। ਬਾਕੀ ਰਹੀ ਦੂਰੀ ਦੀ ਗੱਲ, ਇਸ ਬਾਰੇ ਤੁਹਾਡਾ ਸ਼ੰਕਾ ਨਵਿਰਤ ਕਰਦੇ ਹਾਂ, ਗੁਰੂ ਤੁਹਾਡੇ ਵਿਚ ਵੀ ਹੈ ਤੇ ਮੇਰੇ ਵਿਚ ਵੀ ਉਹੀ ਗੁਰੂ ਹੈ, ਫੇਰ ਦੂਰੀ ਕਿਵੇਂ ਹੋ ਸਕਦੀ ਹੈ? ਜਦੋਂ ਜੀਵਨ ਦਾ ਹਰ ਪਲ ਛਿੰਨ ਗੁਰੂ ਦੀ ਯਾਦ ਵਿਚ ਗੁਜਰਦਾ ਹੈ ਤਾਂ ਗੁਰੂ ਹਮੇਸ਼ਾ ਨਾਲ ਹੀ ਖੜ੍ਹਾ ਨਜ਼ਰ ਆਇਆ ਕਰਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥ ਪੰਨਾ – 394***

ਸੋ ਮੈਂ ਇਹ ਮੋਟੀ ਜਿਹੀ ਗੱਲ ਕੀਤੀ ਹੈ ਕਿ ਤੁਸੀਂ ਸਾਰੇ ਕਿਰਤੀ ਹੋ, ਕਰਮ ਕਰਨ ਵਾਲੇ ਜੱਟ ਜ਼ਿਮੀਂਦਾਰ ਹੋ, ਮਿਹਨਤ ਕਰਕੇ ਆਪਣਾ ਵੀ ਪੇਟ ਪਾਲਦੇ ਹੋ, ਬਾਲ ਬੱਚਿਆਂ ਦੀ ਸੇਵਾ ਕਰਦੇ ਹੋ ਤੇ ਨਾਲ ਦੀ ਨਾਲ ਸੰਸਾਰ ਨੂੰ ਵੀ ਪਾਲਦੇ ਹੋ। ਬੱਸ ਇੰਨਾਂ ਹੀ ਯਾਦ ਰੱਖਣਾ ਕਿ ਗੁਰੂ ਦੀ ਹਾਜ਼ਰੀ ਹਰ ਵੇਲੇ ਮਹਿਸੂਸ ਕਰਦੇ ਰਹਿਣਾ। ਜਦੋਂ ਤੁਸੀਂ ਇਸ ਤਰ੍ਹਾਂ ਨਾਲ ਜੀਵਨ ਬਤੀਤ ਕਰੋਗੇ ਤਾਂ ਤੁਸੀਂ ਕਦੀ ਵੀ ਕਿਸੇ ਦਾ ਬੁਰਾ ਨਹੀਂ ਕਰੋਗੇ, ਨਾ ਹੀ ਹੱਥਾਂ ਨਾਲ ਕਿਸੇ ਦੀ ਚੋਰੀ ਕਰ ਸਕੋਗੇ, ਅੱਖਾਂ ਨਾਲ ਮਾੜਾ ਨਹੀਂ ਦੇਖ ਸਕੋਗੇ ਅਤੇ ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣ ਸਕੋਗੇ ਅਤੇ ਜਿਹਬਾ ਨਾਲ ਕਿਸੇ ਦੀ ਬੁਰਿਆਈ ਨਹੀਂ ਕਰ ਸਕੋਗੇ ਤੇ ਨਾ ਹੀ ਫਿਕਾ ਬੋਲ ਸਕੋਗੇ ਕਿਉਂਕਿ ਗੁਰੂ ਦੀ ਹਾਜ਼ਰੀ ਮਹਿਸੂਸ ਹੋ ਰਹੀ ਹੋਵੇਗੀ। ਤੁਹਾਡੇ ਵਾਸਤੇ ਇੰਨਾਂ ਹੀ ਸਬਕ ਬਹੁਤ ਹੈ, ਇਸ ਨੂੰ ਪੱਕਾ ਕਰ ਲਵੋ। ਬਹੁਤੀ ਬਰੀਕੀ ਦੀਆਂ ਤੇ ਸੂਖਸ਼ਮ ਗੱਲਾਂ ਤੁਹਾਡੇ ਸਮਝ ਵਿਚ ਨਹੀਂ ਆਉਣੀਆਂ ਕਿਉਂਕਿ ਇਸ ਵਾਸਤੇ ਭਜਨ ਸਿਮਰਨ ਸਾਧਨਾ ਕਰਨੀ ਪੈਂਦੀ ਹੈ ਜਿਸ ਦੇ ਲਈ ਤੁਹਾਡੇ ਕੋਲ ਸਮਾਂ ਨਹੀਂ ਹੈ। ਤੁਸੀਂ ਸਾਰਾ ਦਿਨ ਘਰ ਦੇ ਕੰਮਾਂ ਵਿਚ ਵਿਅਸਤ ਰਹਿ ਕੇ ਥੱਕ ਟੁੱਟ ਜਾਂਦੇ ਹੋ ਤੇ ਜਦੋਂ ਤੁਸੀਂ ਮੰਜੇ ਤੇ ਲੇਟਦੇ ਹੋ, ਨੀਂਦ ਰਾਣੀ ਝੱਟ ਹੀ ਝੂਟਾ ਦੇ ਕੇ ਸੁਆ ਦਿੰਦੀ ਹੈ। ਉਠਦਿਆਂ ਸਾਰ ਦੂਜੇ ਦਿਨ ਦੇ ਕੰਮ ਸਿਰ ਤੇ ਖੜ੍ਹੇ ਹੁੰਦੇ ਹਨ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਾਰਿਆਂ ਦੀ ਤਸੱਲੀ ਤਾਂ ਹੋ ਗਈ ਪਰ ਇਕ ਪ੍ਰੇਮੀ ਕੁਝ ਕਹਿੰਦਾ ਕਹਿੰਦਾ ਰੁਕ ਗਿਆ ਤੇ ਬਾਬਾ ਜੀ ਨੇ ਕਿਹਾ, ਭਾਈ ਕੀ ਸ਼ੰਕਾ ਹੈ? ਉਹ ਚੁਪ ਕਰ ਗਿਆ ਪਰੰਤੂ ਬਾਬਾ ਜੀ ਉਸ ਦੇ ਸਵਾਲ ਨੂੰ ਭਾਂਪ ਗਏ ਅਤੇ ਕਹਿਣ ਲੱਗੇ ਕਿ ਭਾਈ ਪ੍ਰੇਮੀਆਂ, ਤੇਰਾ ਸਵਾਲ ਮੇਰੇ ਅੰਦਰ ਆ ਵੱਜਾ ਹੈ। ਭਾਈ ਤੁਸੀਂ ਇਹੋ ਪੁਛਣਾ ਚਾਹੁੰਦੇ ਹੋ ਨਾ ਕਿ ਸਾਨੂੰ ਤਾਂ ਘਰ ਜਾਣ ਲਈ ਕਹਿ ਰਹੇ ਹਨ ਪਰ ਆਪ ਤਾਂ ਆਪਣੇ ਘਰ ਬਾਰ ਤੋਂ ਇਨੀ ਦੂਰ ਰਹਿ ਰਹੇ ਹਨ। ਉਹ ਕਹਿਣ ਲੱਗਿਆ ਕਿ ਹਾਂ ਜੀ, ਮੇਰੀ ਗੁਸਤਾਖੀ ਮਾਫ ਕਰਨਾ, ਮੈਨੂੰ ਤੁਹਾਡੇ ਵਰਗੇ ਗੁਰਮੁਖਾਂ ਤੇ ਇਹ ਸ਼ੰਕਾ ਨਹੀਂ ਸੀ ਕਰਨਾ ਚਾਹੀਦਾ। ਬਾਬਾ ਜੀ ਕਹਿਣ ਲੱਗੇ, ਨਹੀਂ, ਇਸ ਵਿਚ ਕੋਈ ਗੁਸਤਾਖੀ ਨਹੀਂ ਹੈ, ਜੇ ਸ਼ੰਕਾ ਹੋਵੇ ਤਾਂ ਪੁਛ ਲੈਣਾ ਚਾਹੀਦਾ ਹੈ ਨਹੀਂ ਤਾਂ

ਮਨ ਵਿਚ ਸੰਸਾ ਪਿਆ ਰਹਿੰਦਾ ਹੈ। ਸਰਦਾਰ ਚੰਦਾ ਸਿੰਘ ਨੇ ਵੀ ਇਸ ਬਾਰੇ ਇਨ੍ਹਾਂ ਪ੍ਰੇਮੀਆਂ ਨੂੰ ਦੱਸਣਾ ਚਾਹਿਆ ਪਰ ਬਾਬਾ ਜੀ ਨੇ ਇਸ਼ਾਰਾ ਕਰਕੇ ਕਿਹਾ ਕਿ ਮੈਂ ਹੀ ਦੱਸਦਾ ਹਾਂ। ਬਾਬਾ ਜੀ ਕਹਿਣ ਲੱਗੇ, ਪ੍ਰੇਮੀਆਂ! ਦੋ ਤਰ੍ਹਾਂ ਦੇ ਮਨੁਖ ਹੁੰਦੇ ਹਨ - ਇਕ ਗੁਰਮੁਖ ਤੇ ਇਕ ਮਨਮੁਖ। ਮਨਮੁਖ ਤਾਂ ਆਪਣੇ ਮਨ ਦੀ ਮਰਜ਼ੀ ਕਰਦਾ ਹੈ ਅਤੇ ਆਪਣੀ ਮੱਤ ਅਨੁਸਾਰ ਚਲਦਾ ਹੈ ਪਰ ਗੁਰਮੁਖ ਜੋ ਹੈ ਉਹ ਗੁਰੂ ਦੀ ਮੱਤ ਅਨੁਸਾਰ ਚਲਦਾ ਹੈ ਕਿਉਂਕਿ ਉਸ ਨੂੰ ਇਸ ਮਾਰਗ ਤੇ ਚਲਦੇ ਚਲਦੇ ਸੋਝੀ ਪੈ ਜਾਂਦੀ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਉਹ ਗੁਰੂ ਦੀ ਮਰਜੀ ਅਨੁਸਾਰ ਹੋ ਰਿਹਾ ਹੈ, ਗੁਰੂ ਦੇ ਹੁਕਮ ਅਨੁਸਾਰ ਹੋ ਰਿਹਾ ਹੈ। ਪੂਰਨ ਮਹਾਂਪੁਰਸ਼ਾਂ ਦਾ ਮਿਲਾਪ ਹੋਣ ਕਰਕੇ ਉਸ ਨੂੰ ਗੁਰੂ ਦੇ ਹੁਕਮ ਦੀ ਪ੍ਰੇਰਨਾ ਦੀ ਸਮਝ ਪੈ ਜਾਂਦੀ ਹੈ। ਪਰੰਤੂ ਮਨਮੁਖਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਹੋਇਆ ਕਰਦਾ।

ਜਿਸ ਪਰਵਾਰ ਨਾਲ ਮੇਰਾ ਸੰਬੰਧ ਹੈ, ਉਹ ਪਰਵਾਰ ਵੀ ਨਾਮ ਜੱਪਣ ਵਾਲਾ ਹੈ, ਸਾਰੇ ਰਲ ਮਿਲ ਕੇ ਪਿਆਰ ਨਾਲ ਕਿਰਸਾਨੀ ਕਰਦੇ ਹਨ, ਪਰਵਾਰ ਦੇ ਸਾਰੇ ਮੈਂਬਰ ਯਥਾਸ਼ਕਤ ਘਰ ਦੇ ਕੰਮਾਂ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਮੈਂ ਵੀ ਬਚਪਨ ਤੋਂ ਇਸੇ ਸਾਂਚੇ ਵਿਚ ਢਲਿਆ ਹੋਇਆ ਹਾਂ ਤੇ ਬਚਪਨ ਤੋਂ ਹੀ ਮੈਨੂੰ ਨਾਮ ਜੱਪਣ ਦਾ ਤੇ ਸੇਵਾ ਸਿਮਰਨ ਕਰਨ ਦਾ ਸ਼ੌਂਕ ਹੈ ਅਤੇ ਮੇਰਾ ਪਰਵਾਰ ਮੇਰੇ ਇਸ ਸ਼ੌਂਕ ਉਤੇ ਬਹੁਤ ਖੁਸ਼ ਤੇ ਮਿਹਰਬਾਨ ਹੈ। ਜੇਕਰ ਮੈਂ ਕਿਧਰੇ 5-7 ਮਹੀਨੇ ਜਾਂ ਸਾਲ ਇਹ ਕੰਮ ਕਰਨ ਵਾਸਤੇ ਲਾਂਭੇ ਹੋ ਜਾਵਾਂ ਤਾਂ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਮੈਂ ਕੋਈ ਪਰਮਾਰਥ ਦਾ ਕੰਮ ਹੀ ਕਰ ਰਿਹਾ ਹੁੰਦਾ ਹਾਂ, ਇਸ ਕਰਕੇ ਘਰ ਵਿਚ ਮੇਰੀ ਗ਼ੈਰਹਾਜ਼ਰੀ ਹੁੰਦਿਆਂ ਹੋਇਆਂ ਵੀ ਕਮੀ ਮਹਿਸੂਸ ਨਹੀਂ ਹੁੰਦੀ। ਉਹ ਜਾਣਦੇ ਹਨ ਕਿ ਮੈਂ ਜਿਥੇ ਜਾਣਾ ਹੈ ਹਮੇਸ਼ਾ ਗੁਰੂ ਦੀ ਗੱਲ ਕਰਨੀ ਹੈ, ਟੁਟੇ ਹੋਇਆਂ ਨੂੰ ਗੁਰੂ ਨਾਲ ਹੀ ਜੋੜਨਾ ਹੈ। ਤੁਹਾਨੂੰ ਸੁਣ ਕੇ ਸ਼ਾਇਦ ਹੈਰਾਨੀ ਵੀ ਹੋਵੇਗੀ ਕਿ ਮੈਂ ਸ਼ਾਦੀਸ਼ੁਦਾ ਹਾਂ ਅਤੇ ਮੇਰੀ ਧਰਮਸੁਪਤਨੀ ਵੀ ਉਸ ਪਰਵਾਰ ਵਿਚ ਹੀ ਰਹਿੰਦੀ ਹੈ ਜੋ ਕਿ ਸਤੀ ਸਵਿਤਰੀ ਦੀ ਤਰ੍ਹਾਂ ਹੈ। ਉਹ ਵੀ ਗੁਰਮੁਖ ਪਰਵਾਰ ਵਿਚ ਜੰਮੀ ਪਲੀ ਹੈ ਅਤੇ ਉਸ ਦੇ ਪਿਤਾ ਸੰਤ ਹੀਰਾ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਹਨ ਅਤੇ ਉਹਨਾਂ ਦੀ ਮਾਤਾ ਗੁਰਬਾਣੀ ਦਾ ਹਰ ਵੇਲੇ ਪਾਠ ਕਰਦੀ ਰਹਿੰਦੀ ਹੈ। ਐਸੀ ਗੁੜ੍ਹਤੀ ਮਿਲਣ ਕਰਕੇ ਉਹ ਸਾਡੇ ਪਰਵਾਰ ਵਿਚ ਇਕ ਮਿਕ ਹੋ ਗਈ ਹੈ ਅਤੇ ਉਸ ਨੂੰ ਵੀ ਕਦੀ ਮਹਿਸੂਸ ਨਹੀਂ ਹੋਇਆ ਕਿ ਮੈਂ ਇੰਨਾਂ-ਇੰਨਾਂ ਚਿਰ ਬਾਹਰ ਰਹਿੰਦਾ ਹਾਂ ਕਿਉਂਕਿ ਉਹ ਗੁਰੂ ਦੀ ਸੇਵਾ ਤੇ ਨਾਮ ਜਪਣ, ਜਪਾਉਣ ਦੀ ਮਹਿਮਾਂ ਤੋਂ ਭਲੀਭਾਂਤ ਵਾਕਫ ਹੈ ਅਤੇ ਉਨ੍ਹਾਂ ਨੇ ਕਦੀ ਵੀ ਮੇਰੇ ਨਾਲ ਸ਼ਿਕਵਾ ਸ਼ਕਾਇਤ ਨਹੀਂ ਕੀਤੀ ਸਗੋਂ ਉਤਸ਼ਾਹ ਦਿੰਦੀ ਹੈ ਕਿ ਤੁਸੀਂ ਹੋਰ ਨਾਮ ਜਪੋ, ਹੋਰ ਭਗਤੀ ਕਰੋ ਤੇ ਭੁਲੇ ਭਟਕਿਆਂ ਨੂੰ ਗੁਰੂ ਗਰੰਥ ਸਾਹਿਬ ਦੇ ਲੜ ਲਾਵੋ ਤਾਂ ਕਿ ਸਾਨੂੰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋਣ।

ਅਸਲ ਗੱਲ ਇਹ ਹੈ ਕਿ ਮੈਨੂੰ ਪੂਰਨ ਮਹਾਂਪੁਰਸ਼ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਦਾ ਮਿਲਾਪ ਹੋ ਚੁਕਿਆ ਹੈ ਜਿਨ੍ਹਾਂ ਦੀ ਮਿਹਰ ਸਦਕਾ ਇਹ ਪਰਉਪਕਾਰ ਹੋ ਰਿਹਾ ਹੈ ਕਿਉਂਕਿ ਉਹ ਖੁਦ ਦਿਨ ਰਾਤ ਇਕ ਕਰਕੇ ਸੰਸਾਰ ਨੂੰ ਗੁਰਬਾਣੀ ਕੀਰਤਨ ਤੇ ਪ੍ਰਵਚਨਾਂ ਦੁਆਰਾ ਗੁਰੂ ਦੇ ਲੜ ਲਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ, ਗੁਰੂ ਦੇ ਜਹਾਜ਼ ਵਿਚ ਬਿਠਾ ਰਹੇ ਹਨ। ਉਹਨਾਂ ਤੋਂ ਹੀ ਮੈਨੂੰ ਇਹ ਪ੍ਰੇਰਨਾ ਮਿਲੀ ਹੈ। ਮੈਂ ਕੁਝ ਨਹੀਂ ਕਰ ਰਿਹਾ, ਸਭ ਕੁਝ ਉਹ ਆਪ ਹੀ ਕਰ ਰਹੇ ਹਨ। ਮੈਂ ਤਾਂ ਇਥੇ ਨਵਾਬਸ਼ਾਹ ਨੌਕਰੀ ਦੀ ਤਲਾਸ਼ ਵਿਚ ਆਇਆ ਸੀ, ਪਰ ਇਹ ਤਾਂ ਮਹਿਜ਼ ਇਕ ਬਹਾਨਾ ਸੀ। ਮੈਂ ਤੁਹਾਡੇ ਕੋਲ ਇਥੇ ਆਉਣਾ ਹੀ ਸੀ, ਮੈਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਮਹਾਰਾਜ ਜੀ ਨੇ ਇਸ ਸਰੀਰ ਤੋਂ ਇਹ ਕੰਮ ਕਰਵਾਉਣਾ ਹੈ ਸੋ ਇਸ ਕਰਕੇ ਇਸ ਹੁਕਮ ਤੇ ਪਰਉਪਕਾਰ ਵੱਸ ਹੋ ਕੇ ਮੈਂ ਘਰ ਤੋਂ ਇਨੀ ਦੂਰ ਤੁਹਾਡੀ ਸੇਵਾ ਵਿਚ ਆਇਆ ਹਾਂ। ਇਹ ਸੇਵਾ ਕਰਕੇ ਮੈਂ ਕੋਈ ਅਹਿਸਾਨ ਨਹੀਂ ਕਰ ਰਿਹਾ, ਮੈਂ ਤਾਂ ਕੇਵਲ ਗੁਰੂ ਦੇ ਹੁਕਮ ਨੂੰ ਕਮਾਉਣ ਦਾ ਯਤਨ ਕਰ ਰਿਹਾ ਹਾਂ ਕਿਉਂਕਿ ਇਸ ਵਿਚ ਮੇਰਾ ਵੀ ਹਿੱਤ ਹੈ। ਮੇਰਾ ਹਿਤ ਇਹ ਹੈ ਕਿ ਮੈਂ ਵੀ ਆਪਣਾ ਜਨਮ ਸਫਲ ਕਰਨਾ ਚਾਹੁੰਦਾ ਹਾਂ ਜਿਵੇਂ ਕਿ ਫੁਰਮਾਨ ਹੈ -

***ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥***
***ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥***

***ਪੰਨਾ - 552***

ਸੋ ਇਸ ਕਰਕੇ ਮੈਂ ਤੁਹਾਡੇ ਵਿਚ ਵਿਚਰ ਰਿਹਾਂ ਤੇ ਜਦੋਂ ਹੁਕਮ ਹੋ ਗਿਆ ਮੈਂ ਇਥੋਂ ਚਲੇ ਜਾਣਾ ਹੈ, ਹਮੇਸ਼ਾ ਤਾਂ ਮੈਂ ਇਥੇ ਟਿਕ ਕੇ ਰਹਿ ਨਹੀਂ ਸਕਦਾ। ਜਗਿਆਸੂ ਗੁਰਸਿਖਾਂ ਦੇ ਭਾਗ ਹਨ ਜਿਨ੍ਹਾਂ ਦੀ ਪਰਾਲਬਧ ਸਦਕਾ ਮੈਂ ਇਥੇ ਹਾਂ ਅਤੇ ਜਿਸ ਜਿਸ ਦੇ ਮਸਤਕ ਤੇ ਕਰਮ ਲਿਖਿਆ ਹੋਇਆ ਹੈ, ਉਸ ਨੇ ਗੁਰੂ ਦੇ ਲੜ ਲਗ ਜਾਣਾ ਹੈ। ਪ੍ਰੇਰਨਾ ਕਰਨ ਵਾਲਾ ਵੀ ਗੁਰੂ ਮਹਾਰਾਜ ਹੈ ਤੇ ਸੇਵਾ ਕਰਵਾਉਣ ਵਾਲਾ ਵੀ ਉਹ ਆਪ ਹੀ ਹੈ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਾਰਿਆਂ ਦੀ ਤਸੱਲੀ ਹੋ ਗਈ। ਸਰਦਾਰ ਚੰਦਾ ਸਿੰਘ ਦਾ ਸਾਰਾ ਪਰਿਵਾਰ, ਨਵਾਬ ਸ਼ਾਹ ਤੋਂ ਆਏ ਹੋਏ ਪ੍ਰੇਮੀ ਤੇ ਹੋਰ ਸੰਗਤ ਜੋ ਬੈਠੀ ਹੋਈ ਸਰਵਣ ਕਰ ਰਹੀ ਸੀ ਸਭ ਨੇ ਆਪ ਨੂੰ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਆਗਿਆ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ ਅਤੇ ਕੰਮ ਧੰਦਿਆਂ ਵਿਚ ਜੁਟ ਗਏ। ਉਹ ਆਪਸ ਵਿਚ ਐਸੀਆਂ ਵਿਚਾਰਾਂ ਕਰਦੇ ਜਾ ਰਹੇ ਸਨ ਕਿ ਇਹ ਗੁਰੂ ਦਾ ਪਿਆਰਾ ਧੰਨ ਹੈ ਜੋ ਆਪਣਾ ਸੁਖ ਆਰਾਮ ਛੱਡ ਕੇ ਦੂਜਿਆਂ ਦੇ ਸੁਖ ਆਰਾਮ ਵਾਸਤੇ ਉਨ੍ਹਾਂ ਨੂੰ ਪਰਮਾਰਥ ਦੇ ਰਾਹ ਪਾ ਰਿਹਾ ਹੈ, ਗੁਰੂ ਦੇ ਲੜ ਲਾ ਰਿਹਾ ਹੈ, ਨਹੀਂ ਤਾਂ ਸੰਸਾਰ ਆਪਣੇ ਵਾਸਤੇ ਜਿਉਂਦਾ ਹੈ ਪਰ ਗੁਰਮੁਖ ਸੰਸਾਰ ਵਾਸਤੇ ਜੀਉਂਦਾ ਹੈ। ਸੰਸਾਰੀ ਬੰਦੇ ਦਾ ਜੀਵਨ ਆਪਣੇ ਪਰਵਾਰ ਤੱਕ ਹੀ ਸੀਮਤ

ਹੁੰਦਾ ਹੈ ਪਰ ਗੁਰਮੁਖ ਦਾ ਜੀਵਨ ਸਾਰੇ ਸੰਸਾਰ ਲਈ ਗਾਡੀ ਰਾਹ ਬਣ ਜਾਂਦਾ ਹੈ।

ਰਹਿੰਦੇ ਤਾਂ ਗੁਰਮੁਖ ਵੀ ਸੰਸਾਰ ਵਿਚ ਹੀ ਹਨ ਪਰੰਤੂ ਉਹ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹਿੰਦੇ ਹਨ ਜਿਸ ਤਰ੍ਹਾਂ ਨਾਲ ਮੁਰਗਾਬੀ ਪਾਣੀ ਵਿਚ ਤੈਰਦੀ ਹੋਈ ਦੇ ਖੰਭ ਪਾਣੀ ਵਿਚ ਨਹੀਂ ਭਿਜਦੇ, ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਪਾਣੀ ਦਾ ਅਸਰ ਖੰਭਾਂ ਤੇ ਨਹੀਂ ਪੈਂਦਾ। ਇਸੇ ਤਰ੍ਹਾਂ ਉਹ ਕੰਵਲ ਫੁਲ ਦੀ ਨਿਆਈਂ ਹੋਇਆ ਕਰਦੇ ਹਨ, ਕੰਵਲ ਦਾ ਫੁਲ ਚਿਕੜ ਵਿਚ ਰਹਿੰਦਾ ਹੋਇਆ ਵੀ ਚਿੱਕੜ ਤੋਂ ਉਪਰ ਰਹਿੰਦਾ ਹੈ, ਤੇ ਆਲੇ ਦੁਆਲੇ ਨੂੰ ਆਪਣੀ ਮੁਸਕਰਾਹਟ ਨਾਲ ਖਿੜੇ ਮੱਥੇ ਪਰਸੰਨ ਕਰਦਾ ਰਹਿੰਦਾ ਹੈ। ਠੀਕ ਇਸ ਤਰ੍ਹਾਂ ਹੀ ਗੁਰਮੁਖਾਂ ਦੀ ਅਵਸਥਾ ਹੋਇਆ ਕਰਦੀ ਹੈ।

## ਬੱਚੀ ਪਿਆਰ ਕੌਰ ਦਾ ਅਨੰਦ ਕਾਰਜ

ਜਦੋਂ ਬਾਬਾ ਜੀ ਇਨ੍ਹਾਂ ਪ੍ਰੇਮੀਆਂ ਨਾਲ ਬਚਨ ਬਿਲਾਸ ਸਾਝੇ ਕਰ ਰਹੇ ਸਨ ਤਾਂ ਉਸ ਵੇਲੇ ਸਰਦਾਰ ਚੰਦਾ ਸਿੰਘ ਅਤੇ ਮਾਤਾ ਸੁਖ ਕੌਰ ਤੇ ਹੋਰ ਪਰਵਾਰ ਦੇ ਮੈਂਬਰ ਵੀ ਇਨ੍ਹਾਂ ਵਿਚਾਰਾਂ ਨੂੰ ਸਰਵਣ ਕਰ ਰਹੇ ਸਨ। ਇਥੇ ਸਹਿਜ ਸੁਭਾਅ ਹੀ ਇਕ ਰਾਜ਼ ਖੁਲ੍ਹ ਗਿਆ ਜਿਸ ਬਾਰੇ ਨਾ ਤਾਂ ਬਾਬਾ ਜੀ ਨੇ ਹੀ ਕਦੀ ਜ਼ਿਕਰ ਕੀਤਾ ਸੀ ਤੇ ਨਾ ਹੀ ਸਰਦਾਰ ਚੰਦਾ ਸਿੰਘ ਅਤੇ ਮਾਤਾ ਸੁਖ ਕੌਰ ਨੇ ਹੀ ਬਾਬਾ ਜੀ ਨੂੰ ਪੁਛਿਆ ਸੀ। ਉਹ ਇਹ ਕਿ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਬਾਬਾ ਜੀ ਦੀ ਸ਼ਾਦੀ ਹੋ ਚੁਕੀ ਹੋਈ ਹੈ। ਇਹ ਸੁਣ ਕੇ ਮਾਤਾ ਸੁਖ ਕੌਰ ਨੂੰ ਬਹੁਤ ਪ੍ਰਸੰਨਤਾ ਹੋਈ ਤੇ ਸਾਰਾ ਪਰਵਾਰ ਇਸ ਖੁਸ਼ੀ ਦੀ ਖਬਰ ਨੂੰ ਆਪਸ ਵਿਚ ਸਾਂਝਾ ਕਰਨਾ ਚਾਹੁੰਦਾ ਸੀ। ਸਾਰੇ ਪਰਿਵਾਰ ਨੇ ਤੇ ਸਰਦਾਰ ਚੰਦਾ ਸਿੰਘ ਤੇ ਮਾਤਾ ਜੀ ਨੇ ਇਹ ਫੈਸਲਾ ਕੀਤਾ ਕਿ ਬਾਬਾ ਜੀ ਨੂੰ ਆਖੀਏ ਕਿ ਉਹ ਆਪਣੀ ਧਰਮਪਤਨੀ ਨੂੰ ਵੀ ਇਥੇ ਹੀ ਬੁਲਾ ਲੈਣ। ਇਕ ਦਿਨ ਹੌਸਲਾ ਕਰਕੇ ਮਾਤਾ ਜੀ ਨੇ ਬਾਬਾ ਜੀ ਨੂੰ ਆਖਿਆ ਕਿ ਬੇਟਾ! ਉਸ ਦਿਨ ਗੱਲਾਂ ਗੱਲਾਂ ਵਿਚ ਸਾਨੂੰ ਇਹ ਤੁਸੀਂ ਦੱਸਿਆ ਸੀ ਕਿ ਤੁਹਾਡੀ ਸ਼ਾਦੀ ਹੋਈ ਹੋਈ ਹੈ, ਕਿੰਨਾ ਚੰਗਾ ਹੋਵੇ ਜੇ ਤੁਸੀਂ ਮੇਰੀ ਨੂੰਹ ਰਾਣੀ ਨੂੰ ਵੀ ਇਥੇ ਮੰਗਵਾ ਲਵੋ ਤਾਂ ਕਿ ਉਸ ਨੂੰ ਇਥੇ ਬੁਲਾ ਕੇ ਆਪਣੇ ਚਾਅ ਲਾਡ ਪੂਰੇ ਕਰਾਂ ਤੇ ਨਾਲੇ ਸਾਰੇ ਪਰਿਵਾਰ ਵਿਚ ਖੁਸ਼ੀ ਦਾ ਵਾਧਾ ਹੋਵੇਗਾ। ਬਾਬਾ ਜੀ ਚੁਪਚਾਪ ਮਾਤਾ ਜੀ ਦੀਆਂ ਗੱਲਾਂ ਸੁਣਦੇ ਰਹੇ ਪਰ ਆਪਣੇ ਵਲੋਂ ਕੋਈ ਹੁੰਗਾਰਾ ਨਹੀਂ ਭਰਿਆ ਕਿ ਮੈਂ ਉਨ੍ਹਾਂ ਨੂੰ ਇਥੇ ਲਿਆਵਾਂਗਾ ਜਾ ਨਹੀਂ। ਚਿਹਰੇ ਉਤੇ ਪਿਆਰ ਭਰੀ ਮੁਸਕਰਾਹਟ ਲਿਆ ਕੇ ਮਾਤਾ ਨੂੰ ਇਤਨਾ ਹੀ ਉਤਰ ਦਿਤਾ ਕਿ ਬੇਬੇ ਜੀ! ਵੇਖ ਲਵਾਂਗੇ ਜਦੋਂ ਉਨ੍ਹਾਂ ਦਾ ਅੰਨ ਜਲ ਇਥੇ ਦਾ ਹੋਇਆ ਤਾਂ ਆ ਜਾਵੇਗੀ।

ਇਸ ਗਲ ਨੂੰ ਕਾਫੀ ਸਮਾਂ ਲੰਘ ਗਿਆ, ਮਾਤਾ ਵੀ ਕੰਮਾਂ ਕਾਰਾਂ ਵਿਚ ਭੁਲ-ਭੁਲਾ ਗਈ ਤੇ ਇਹ ਚੇਤਾ ਹੀ ਭੁਲ ਗਿਆ। ਉਧਰ ਇਨ੍ਹਾਂ ਦੀ ਲੜਕੀ ਬੀਬੀ ਪਿਆਰ ਕੌਰ ਦਾ ਵਿਆਹ ਰੱਖ ਦਿੱਤਾ ਤੇ ਘਰ ਵਿਚ ਵਿਆਹ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ, ਲੋੜੀਂਦੀਆਂ ਚੀਜ਼ਾਂ ਵਸਤਾਂ ਦੀ ਖਰੀਦ ਤੇ ਸੰਭਾਲ ਸ਼ੁਰੂ ਹੋ ਗਈ। ਵਿਆਹ ਦੇ ਸਾਰੇ ਪ੍ਰਬੰਧ ਲਈ ਪਰਿਵਾਰ ਨੇ ਬਾਬਾ ਜੀ ਨੂੰ ਹੀ ਸਾਰੀ ਜ਼ਿੰਮੇਵਾਰੀ ਦਿਤੀ ਕਿਉਂਕਿ ਆਪ ਜੀ ਪੜ੍ਹੇ ਲਿਖੇ ਵੀ ਸਨ ਅਤੇ ਆਪ ਦੀ ਸਿਆਣਪ ਤੇ ਰੂਹਾਨੀ ਅਨੁਭਵ ਦਾ ਸਭ ਨੂੰ ਪਤਾ ਲੱਗ ਚੁਕਿਆ ਸੀ ਕਿ ਆਪ ਜੀ ਜੋ ਵੀ ਕੰਮ ਕਰਨਗੇ, ਪ੍ਰਬੰਧ ਕਰਨਗੇ, ਉਹ ਪੂਰਾ ਹੋਵੇਗਾ, ਉਸ ਵਿਚ ਕਿਸੇ ਕਿਸਮ ਦੀ ਘਾਟ ਦੀ ਕੋਈ ਗੁੰਜਾਇਸ਼ ਦੀ ਸੰਭਾਵਨਾ ਨਹੀਂ ਹੋਵੇਗੀ। ਸਭ ਤੋਂ ਪਹਿਲਾਂ ਸਾਰੇ ਪਰਿਵਾਰ ਨੇ ਇਹ ਸਲਾਹ ਬਣਾਈ ਕਿ ਕਪੜਾ ਲੀੜਾ ਪਹਿਲੋਂ ਖਰੀਦਣਾ ਹੈ ਅਤੇ ਇਸ ਵਾਸਤੇ ਬਾਬਾ ਜੀ ਨੂੰ ਨਾਲ ਲੈ ਕੇ ਸਖਰਰੋੜੀ ਕਸਬਾ ਹੈ, ਜੋ ਨੇੜੇ ਪੈਂਦਾ ਹੈ, ਉਥੋਂ ਸਾਰੀ ਖਰੀਦ ਕਰੀਏ। ਇਹ ਜਗ੍ਹਾ ਸਾਧ ਵੇਲਾ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਪੈਂਦੀ ਹੈ ਅਤੇ ਇਸ ਅਸਥਾਨ ਤੇ ਸੱਤ ਦਰਿਆ ਇਕੱਠੇ ਆ ਕੇ ਮਿਲਦੇ ਹਨ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਭਾਰੀ ਕਠਿਨ ਤਪੱਸਿਆ ਕੀਤੀ ਸੀ ਜਿਸ ਬਾਰੇ ਗੁਰੂ ਘਰ ਦੇ ਵੇਦ ਵਿਆਸ, ਭਾਈ ਗੁਰਦਾਸ ਜੀ ਨੇ ਵੀ ਇਸ਼ਾਰਾ ਕੀਤਾ ਹੈ -

***ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ॥***
***ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ॥***
***ਭਾਈ ਗੁਰਦਾਸ ਜੀ, ਵਾਰ 1/24***

ਇਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲੀ ਉਦਾਸੀ ਅਰੰਭ ਕਰਨ ਤੋਂ ਪਹਿਲਾਂ ਤਪ ਕੀਤਾ ਸੀ। ਨਿਰੰਕਾਰ ਦੇ ਦਰ ਤੋਂ ਬਖਸ਼ਿਸ਼ ਤਾਂ ਪਹਿਲਾਂ ਹੀ ਪ੍ਰਾਪਤ ਹੋ ਚੁਕੀ ਸੀ ਕਿਉਂਕਿ ਨਿਰੰਕਾਰ ਜੀ ਨੇ ਬਚਨ ਕੀਤਾ ਸੀ ਕਿ ਹੇ ਗੁਰੂ ਨਾਨਕ, ਜਾ ਕੇ ਸੰਸਾਰ ਦਾ ਉਧਾਰ ਕਰੋ। ਹੁਣ ਤਕ ਮੈਂ ਜਿੰਨੇ ਵੀ ਭੇਜੇ ਹਨ, ਸਭ ਨੇ ਆਪਣੇ ਆਪ ਦੀ ਪੂਜਾ ਕਰਵਾਉਣੀ ਸ਼ੁਰੂ ਕਰ ਦਿਤੀ। ਗੁਰੂ ਤੋਂ ਬਿਨਾਂ ਸੰਸਾਰ ਵਿਚ ਹਨ੍ਹੇਰਾ ਛਾਇਆ ਹੋਇਆ ਹੈ, ਤੁਹਾਨੂੰ ਮੈਂ ਗੁਰੂ ਪ੍ਰਮੇਸ਼ਰ ਬਣਾ ਕੇ ਭੇਜ ਰਿਹਾ ਹਾਂ। ਗੁਰੂ ਬਾਬਾ ਜੀ ਨੂੰ ਭਾਵੇਂ ਸਰਬ ਸ਼ਕਤੀਆਂ ਪ੍ਰਾਪਤ ਸਨ ਪਰ ਫੇਰ ਵੀ, ਉਹਨਾਂ ਗੁਰਸਿਖਾਂ ਨੂੰ ਤੇ ਸਾਰੇ ਸੰਸਾਰ ਨੂੰ ਇਹ ਦੱਸਣ ਲਈ ਭਗਤੀ ਦਾ ਨਮੂਨਾ ਪੇਸ਼ ਕੀਤਾ ਕਿ ਪ੍ਰਭੂ, ਭਗਤੀ ਤੇ ਰੀਝਦਾ ਹੈ। ਇਹ ਕਠਨ ਘਾਲਣਾ ਸੰਸਾਰ ਦੇ ਦੁਖੀਆਂ ਦੇ ਦੁਖ ਕੱਟਣ ਵਾਸਤੇ ਅਤੇ ਸ਼ਾਂਤੀ ਦਾ ਸਬਕ ਦੇਣ ਵਾਸਤੇ ਅਤੇ ਗੁਰਸਿਖਾਂ, ਜਗਿਆਸੂਆਂ ਨੂੰ ਭਵਸਾਗਰ ਤੋਂ ਪਾਰ ਕਰਨ ਵਾਸਤੇ ਕੀਤੀ। ਪ੍ਰਭੂ ਭਗਤੀ ਤੇ ਪ੍ਰਭੂ ਪਿਆਰ ਦਾ ਐਸਾ ਬੀਜ ਬੀਜਿਆ ਕਿ ਇਹ ਦਿਨੋਂ ਦਿਨ ਦੂਣਾ ਸਵਾਇਆ ਹੋ ਕੇ ਕੁਲ ਸੰਸਾਰ ਵਿਚ ਮਹਿਕ ਵੰਡ ਰਿਹਾ ਹੈ ਅਤੇ ਵੰਡਦਾ ਰਹੇਗਾ ਕਿਉਂਕਿ ਗੁਰੂ ਨਾਨਕ ਦਾ ਨਾਮ ਲੈਂਦਿਆਂ ਹੀ ਜਗਿਆਸੂ ਦਾ ਹਿਰਦਾ ਪ੍ਰਭੂ ਪਿਆਰ ਵਿਚ ਗੱਦ ਗੱਦ ਹੋ ਉਠਦਾ ਹੈ ਅਤੇ ਸਾਰੇ ਸਰੀਰ ਵਿਚ ਪਿਆਰ ਦੀ ਰੂਹਾਨੀ ਝਰਨਾਹਟ ਪੈਦਾ ਕਰ ਦਿੰਦਾ ਹੈ। ਇਸੇ ਕਰਕੇ

ਵਰਨਣ ਕੀਤਾ ਹੈ -

*ਆਦਿ ਨਿਰੰਜਨ ਹੈ ਗੁਰੂ ਨਾਨਕ*
*ਧਾਰ ਕੇ ਮੂਰਤ ਹੈ ਜਗ ਆਇਓ॥*
*ਲੋਕ ਸੁਣਿਓ ਪ੍ਰਲੋਕ ਸੁਣਿਓ*
*ਬਿਧ ਲੋਕ ਸੁਣਿਓ ਸਭ ਦਰਸ਼ਨ ਪਾਇਓ॥*
*ਸੰਗਤ ਧਾਰ ਉਤਾਰਨ ਕੋ*
*ਗੁਰੂ ਨਾਨਕ ਸਾਹਿਬ ਪੰਥ ਚਲਾਇਓ॥*
*ਵਾਹਿਗੁਰੂ ਗੁਰੂ ਨਾਨਕ ਸਾਹਿਬ*
*ਧਾਰ ਕੇ ਮੂਰਤਿ ਹੈ ਜਗ ਆਇਓ॥*

ਇਸ ਤਰ੍ਹਾਂ ਦੇ ਨਾਲ ਬਾਬਾ ਜੀ ਨੇ ਸਾਰੇ ਪਰਿਵਾਰ ਤੇ ਸੰਗਤ ਨੂੰ ਇਸ ਗੁਰਦੁਆਰਾ ਸਾਹਿਬ ਦੇ ਪਵਿੱਤਰ ਅਸਥਾਨ ਬਾਰੇ ਜਾਣਕਾਰੀ ਕਰਵਾਈ ਉਪਰੰਤ ਸਾਰੇ ਜਣਿਆਂ ਨੇ ਲੰਗਰ ਛਕਿਆ। ਉਨ੍ਹਾਂ ਦਿਨਾਂ ਵਿਚ ਇਥੇ ਛੋਲੇ ਤੇ ਪੂਰੀਆਂ ਦਾ ਲੰਗਰ ਵਰਤਿਆ ਕਰਦਾ ਸੀ। ਸੱਤ ਦਰਿਆਵਾਂ ਦੀ ਗੁਠ ਵਿਚ ਹੋਣ ਕਰਕੇ ਇਹ ਜਗ੍ਹਾ ਬਹੁਤ ਰਮਣੀਕ ਸੀ ਤੇ ਆਲੇ ਦੁਆਲੇ ਫੁਲਾਂ ਦੀਆਂ ਬਗੀਚੀਆਂ ਨਾਲ ਆਪ ਮੁਹਾਰੇ ਜਗਿਆਸੂ ਦਾ ਮਨ ਮੋਹਿਆ ਜਾਂਦਾ ਹੈ ਅਤੇ ਇਕਾਂਤ ਵਿਚ ਬੈਠਣ ਨੂੰ ਜੀਅ ਕਰਦਾ ਹੈ। ਬਾਬਾ ਜੀ ਵੀ ਰਹਿ ਨਹੀਂ ਸਕੇ। ਕਹਿਣ ਲੱਗੇ ਤੁਸੀਂ ਸਾਰੇ ਲੰਗਰ ਛਕੋ, ਮੈਂ ਥੋੜ੍ਹੀ ਦੇਰ ਲਈ ਇਸ ਬਗੀਚੀ ਵਿਚ ਬੈਠਣਾ ਹੈ। ਜਦੋਂ ਪਰਿਵਾਰ ਦੇ ਸਾਰੇ ਮੈਂਬਰ ਸਾਰਾ ਕੁਝ ਦੇਖ ਦਿਖਾ ਕੇ ਦਰਿਆਵਾਂ ਦੀ ਬਰੇਤੀ ਤੇ ਘੁੰਮ ਫਿਰ ਕੇ ਆ ਗਏ ਤਾਂ ਕੀ ਦੇਖਦੇ ਹਨ ਕਿ ਬਾਬਾ ਜੀ ਹਾਲੇ ਵੀ ਉਸੇ ਤਰ੍ਹਾਂ ਨੇਤਰ ਬੰਦ ਕਰਕੇ ਕਿਸੇ ਅਗੰਮੀ ਅਨੰਦ ਦਾ ਰਸ ਮਾਣ ਰਹੇ ਹਨ। ਸਾਰੇ ਜਣੇ ਚੁਪ ਚੁਪਾਤੇ ਆਲੇ ਦੁਆਲੇ ਥੋੜ੍ਹੀ ਦੂਰ ਹੋ ਕੇ ਬੈਠ ਗਏ ਅਤੇ ਇਸ ਨੂਰੀ ਚੇਹਰੇ ਦੇ ਦਰਸ਼ਨ ਕਰਨ ਲੱਗ ਪਏ ਜੋ ਕਿ ਇਕ ਰਸ ਹੋ ਕੇ ਗੁਰੂ ਨਾਨਕ ਸਾਹਿਬ ਦੇ ਪਿਆਰ ਵਿਚ ਮਸਤ ਹੋ ਕੇ ਆਪਣੇ ਪਿਆਰੇ ਨਾਲ ਇਕ ਮਿਕ ਹੋਇਆ ਬੈਠਾ ਸੀ ਅਤੇ ਦੇਸ਼, ਕਾਲ, ਵਸਤੂ ਬਾਰੇ ਬਿਲਕੁਲ ਬੇਖਬਰ ਸੀ। ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਦੇਖਿਆ ਕਿ ਕਾਫੀ ਸਮਾਂ ਹੋ ਗਿਆ, ਦੁਪਹਿਰ ਵੀ ਢਲਣੀ ਸ਼ੁਰੂ ਹੋ ਗਈ ਹੈ ਤੇ ਹਾਲੇ ਵਿਆਹ ਵਾਸਤੇ ਕੱਪੜਾ ਵੀ ਖਰੀਦਣਾ ਹੈ, ਹੁਣ ਕਿਸ ਤਰ੍ਹਾਂ ਪੁੱਤਰ ਨੂੰ ਅਕਹਿ ਰਸ ਵਿਚੋਂ ਬਾਹਰ ਕੱਢੀਏ। ਜੇ ਸਮਾਧੀ ਭੰਗ ਕਰੀਏ ਤਾਂ ਪਾਪ ਲੱਗਦਾ ਹੈ। ਸਭ ਨੇ ਥੋੜ੍ਹੀ ਬਹੁਤ ਗੱਲਬਾਤ ਸ਼ੁਰੂ ਕੀਤੀ ਤਾਂ ਬਾਬਾ ਜੀ ਨੇ ਸਹਿਜੇ ਸਹਿਜੇ ਨੇਤਰ ਖੋਲ੍ਹੇ ਤੇ ਕਹਿਣ ਲੱਗੇ ਕਿ ਮੈਂ ਤਾਂ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਨਾਲ ਇਸ ਤਰ੍ਹਾਂ ਲਿਪਟ ਗਿਆ ਸੀ ਕਿ ਨੇਤਰ ਖੋਲ੍ਹਣ ਨੂੰ ਜੀਅ ਨਹੀਂ ਸੀ ਕਰਦਾ। ਮੈਨੂੰ ਬਾਰ ਬਾਰ ਗੁਰੂ ਨਾਨਕ ਸਾਹਿਬ ਦੇ ਪਿਆਰ ਦੀ ਖਿਚ ਪੈ ਰਹੀ ਹੈ ਤੇ ਜੀਅ ਕਰਦਾ ਹੈ ਮੈਂ ਇਥੇ ਹੀ ਸਮਾਧੀ ਸਥਿਤ ਹੋ ਕੇ ਬੈਠਾ ਰਹਾਂ। ਜਦੋਂ ਆਪ ਇਹ ਦੱਸ ਰਹੇ ਸਨ ਤਾਂ ਨੇਤਰਾਂ ਵਿਚੋਂ ਹੰਝੂ ਵੀ ਵਹਿ ਰਹੇ ਸਨ। ਪਰ ਤੁਹਾਡਾ ਫੁਰਨਾ ਅੰਦਰ ਆ ਗਿਆ ਤੇ ਚਲੋ ਹੁਣ ਸਾਰੇ ਸ਼ਹਿਰ ਵਿਚ ਚਲੀਏ ਤੇ ਜੋ ਖਰੀਦਣਾ ਹੈ, ਖਰੀਦ ਕੇ ਫੇਰ ਘਰ ਨੂੰ ਵਾਪਸ ਚਲੀਏ। ਸਾਰਿਆਂ ਨੇ ਵਿਆਹ ਵਾਸਤੇ ਜੋ ਜੋ ਵੀ ਸਮਾਨ ਚਾਹੀਦਾ ਸੀ, ਖਰੀਦ ਲਿਆ, ਸਮਾਨ ਗੱਡਿਆਂ ਤੇ ਲੱਦ ਲਿਆ ਤੇ ਸਹਿਜੇ ਸਹਿਜੇ ਵਾਪਸ ਘਰ ਪਰਤ ਆਏ। ਵਿਆਹ ਤੋਂ ਮਹੀਨਾਂ ਪਹਿਲਾਂ ਤੋਂ ਹੀ ਦਰਜੀ ਘਰ ਬਿਠਾ ਲਿਆ ਤੇ ਕਪੜੇ ਸਿਉਣੇ ਸ਼ੁਰੂ ਕਰ ਦਿਤੇ। ਮਠਿਆਈਆਂ ਤੇ ਪਕਵਾਨ ਬਨਾਉਣ ਲਈ ਹਲਵਾਈ ਦਾ ਪ੍ਰਬੰਧ ਕਰ ਲਿਤਾ ਗਿਆ। ਤਿਆਰੀਆਂ ਕਰਦੇ ਕਰਦੇ ਨੀਯਤ ਦਿਨ ਵੀ ਆ ਗਿਆ ਜਿਸ ਦਿਨ ਬਰਾਤ ਨੇ ਢੁਕਣਾ ਸੀ। ਦੋ ਦਿਨ ਬਰਾਤੀਆਂ ਦੀ ਖ਼ੂਬ ਖਾਤਰਦਾਰੀ ਕੀਤੀ ਗਈ, ਖਾਣ ਪੀਣ ਤੇ ਰਹਿਣ ਸਹਿਣ ਦਾ ਬੰਦੋਬਸਤ ਚੰਗੇ ਢੰਗ ਨਾਲ ਕੀਤਾ ਗਿਆ ਸੀ। ਤੀਜੇ ਦਿਨ ਸਵੇਰੇ ਚਾਹ ਪਾਣੀ ਪੀਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ, ਅਨੰਦ ਕਾਰਜ ਦੀ ਰਸਮ ਵਾਸਤੇ ਤਿਆਰੀ ਕੀਤੀ ਗਈ। ਅਨੰਦ ਕਾਰਜ ਦੀ ਰਸਮ ਬਾਬਾ ਜੀ ਨੇ ਖ਼ੁਦ ਆਪ ਹੀ ਕਰਵਾਈ ਸੀ। ਭਾਈ ਜੀ ਨੇ ਲਾਵਾਂ ਪੜ੍ਹੀਆਂ ਤੇ ਕੀਰਤਨ ਬਾਬਾ ਜੀ ਕਰ ਰਹੇ ਸਨ। ਉਪਰੰਤ ਬਾਬਾ ਜੀ ਨੇ ਬੀਬੀ ਪਿਆਰ ਕੌਰ ਤੇ ਉਸ ਦੇ ਹੋਣ ਵਾਲੇ ਪਤੀ ਨੂੰ ਗੁਰਮਤਿ ਅਨੁਸਾਰ ਸਿਖਿਆ ਦੇ ਕੇ ਗ੍ਰਹਿਸਤ ਜੀਵਨ ਨੂੰ ਸਫਲ ਬਨਾਉਣ ਲਈ ਆਪਣੇ ਪ੍ਰਵਚਨਾਂ ਦੁਆਰਾ ਦੱਸਿਆ ਕਿ ਪੁਰਾਣੇ ਸਮਿਆਂ ਦੇ ਆਚਾਰੀਆਂ ਨੇ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਹੋਇਆ ਸੀ ਜਿਸ ਵਿਚ ਪਹਿਲਾ ਬ੍ਰਹਮਚਰੀਆ ਆਸ਼ਰਮ ਸੀ ਜਿਸ ਵਿਚ ਸੁਰਤ ਸੰਭਾਲਦੇ ਹੀ, ਬੱਚੇ ਨੂੰ ਰਿਸ਼ੀ ਆਸ਼ਰਮ ਵਿਚ ਵਿਦਿਆ ਪ੍ਰਾਪਤ ਕਰਨ, ਧਾਰਮਕ ਗ੍ਰੰਥਾਂ ਦਾ ਅਧਿਐਨ ਕਰਨ ਅਤੇ ਹੋਰ ਦੁਨਿਆਵੀ ਵਿਦਿਆ ਦਾ ਗਿਆਨ ਪ੍ਰਾਪਤ ਕਰਨ ਵਾਸਤੇ ਭੇਜਿਆ ਜਾਂਦਾ ਸੀ। ਬੱਚਾ ਇਸੇ ਵਾਤਾਵਰਣ ਵਿਚ ਜੁਆਨ ਹੁੰਦਾ ਸੀ ਅਤੇ 25 ਸਾਲ ਦੀ ਉਮਰ ਤਕ ਇਸ ਬ੍ਰਹਮਚਰੀਆ ਆਸ਼ਰਮ ਵਿਚ ਰਹਿੰਦਾ ਸੀ। ਫੇਰ ਜੀਵਨ ਦੇ ਦੂਸਰੇ ਹਿਸੇ ਵਿਚ ਉਸ ਨੂੰ ਗ੍ਰਹਿਸਤ ਆਸ਼ਰਮ ਵਿਚ ਭੇਜਿਆ ਜਾਂਦਾ ਸੀ। ਮਾਤਾ ਪਿਤਾ ਇਸ ਦੀ ਸ਼ਾਦੀ ਕਰ ਦਿੰਦੇ ਸਨ ਤੇ ਸੰਤਾਨ ਪੈਦਾ ਕਰਕੇ, ਸੰਤਾਨ ਦੀ ਪਾਲਣਾ ਕਰਦਾ ਤੇ ਘਰ ਦੀਆਂ ਜ਼ੁੰਮੇਵਾਰੀਆਂ ਨਿਭਾਉਂਦਾ ਸੀ ਅਤੇ 50 ਸਾਲ ਤਕ ਇਸ ਆਸ਼ਰਮ ਵਿਚ ਰਹਿੰਦਾ ਸੀ ਜਦੋਂ ਤਕ ਬੱਚੇ, ਬੱਚੀਆਂ ਦੀਆਂ ਸ਼ਾਦੀਆਂ ਨਹੀਂ ਸੀ ਹੋ ਜਾਂਦੀਆਂ ਤੇ ਸਾਰੇ ਆਪਣੇ ਕੰਮ ਕਾਰਾਂ ਵਿਚ ਨਹੀਂ ਲੱਗ ਜਾਂਦੇ। ਤੀਸਰੇ ਆਸ਼ਰਮ ਵਿਚ, ਜਿਸ ਨੂੰ ਬਾਨਪ੍ਰਸਤ ਆਸ਼ਰਮ ਕਹਿੰਦੇ ਹਨ, ਫੇਰ ਇਹ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਭਜਨ ਬੰਦਗੀ ਕਰਦਾ ਸੀ ਜਿਸ ਰਾਹੀਂ ਇਹ ਨਿਰਬਾਨ ਪਦ ਦੀ ਪ੍ਰਾਪਤੀ ਕਰ ਸਕੇ। ਬਾਨਪ੍ਰਸਤ ਆਸ਼ਰਮ ਵਿਚ ਰਹਿੰਦਿਆਂ ਹੋਇਆਂ ਇਹ ਮਨੁਖ ਪਰਿਵਾਰ ਵਲੋਂ ਬਿਲਕੁਲ ਅਲੱਗ ਥਲੱਗ ਹੋ ਜਾਂਦਾ ਸੀ ਤੇ ਇਸ ਨੂੰ ਪਰਿਵਾਰ ਦੀ ਕੋਈ ਖਬਰ ਨਹੀਂ ਹੁੰਦੀ ਸੀ। ਬਸ ਇਸ ਨੂੰ ਇਹੀ ਖਿਆਲ ਰਹਿੰਦਾ ਸੀ ਕਿ ਜਿਹੜਾ ਜੀਵਨ ਬਾਕੀ ਰਹਿੰਦਾ ਹੈ ਉਹ ਪ੍ਰਭੂ ਭਗਤੀ ਵਿਚ ਬਤੀਤ ਕਰਨਾ ਹੈ।

ਚੌਥਾ ਆਸ਼ਰਮ ਸੀ ਸੰਨਿਆਸ। ਗੁਰਮਤਿ ਵਿਚ ਇਸ ਤਰ੍ਹਾਂ ਨਾਲ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਗ੍ਰਹਿਸਤ ਧਰਮ ਨੂੰ ਪ੍ਰਧਾਨਤਾ ਦਿਤੀ ਹੈ ਕਿ ਗੁਰਸਿਖ ਗ੍ਰਹਿਸਤ ਵਿਚ ਰਹਿੰਦਾ ਹੋਇਆ, ਬਾਲ ਬੱਚਿਆਂ ਦੀ ਪਾਲਣਾ ਕਰਦਾ ਹੋਇਆ, ਪਰਵਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ, ਪ੍ਰਭੂ ਭਗਤੀ ਦੇ ਮਾਰਗ ਤੇ ਚਲਦਾ ਹੋਇਆ ਮੁਕਤੀ ਪ੍ਰਾਪਤ ਕਰ ਸਕਦਾ ਹੈ। ਪਰੰਤੂ ਉਸ ਵਿਚ ਇਕ ਸ਼ਰਤ ਹੈ ਕਿ ਉਸ ਨੂੰ ਗੁਰਮੰਤਰ ਪ੍ਰਾਪਤ ਹੋਣਾ ਚਾਹੀਦਾ ਹੈ, ਉਹ ਗੁਰੂ ਵਾਲਾ ਹੋਣਾ ਚਾਹੀਦਾ ਹੈ, ਉਸ ਨੇ ਪੰਜਾਂ ਪਿਆਰਿਆਂ ਤੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਮੰਤਰ ਦੀ ਦਾਤ ਲਿਤੀ ਹੋਣੀ ਚਾਹੀਦੀ ਹੈ। ਉਸ ਨੂੰ ਪੂਰਨ ਮਹਾਤਮਾ ਦੇ ਮਿਲਾਪ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਉਸ ਨੂੰ ਗੁਰਮਤਿ ਮਾਰਗ ਤੇ ਚੱਲਣ ਦੀ ਸੋਝੀ ਬਖਸ਼ ਦੇਵੇ ਕਿ ਨਾਮ ਕਿਸ ਤਰ੍ਹਾਂ ਜਪਣਾ ਹੈ, ਰੂਹਾਨੀ ਸਫਰ ਕਿਸ ਤਰ੍ਹਾਂ ਤਹਿ ਕਰਨਾ ਹੈ, ਆਤਮਕ ਸਥਿਤੀ ਦੀ ਪ੍ਰਾਪਤੀ ਕਿਸ ਤਰ੍ਹਾਂ ਕਰਨੀ ਹੈ। ਮਹਾਂਪੁਰਸ਼ਾਂ ਰਾਹੀਂ ਜਗਿਆਸੂ ਗੁਰਸਿਖ ਨੂੰ ਇਹ ਸੋਝੀ ਮਿਲਦੀ ਹੈ ਕਿ ਉਹ ਕਿਹੜੇ ਕਰਮ ਹਨ ਜਿੰਨ੍ਹਾਂ ਦੁਆਰਾ ਰੂਹਾਨੀ ਤਰੱਕੀ ਹੋਵੇਗੀ ਅਤੇ ਕਿਹੜੇ ਕਰਮ ਨਾਲ ਰੂਹਾਨੀ ਤਰੱਕੀ ਵਿਚ ਵਿਘਨ ਪੈਂਦਾ ਹੈ, ਉਨ੍ਹਾਂ ਬਾਰੇ ਸੋਚਣਾ ਤੱਕ ਵੀ ਨਹੀਂ, ਉਨ੍ਹਾਂ ਤੇ ਚੱਲਣ ਦੀ ਗਲ ਤਾਂ ਬਹੁਤ ਦੂਰ ਦੀ ਹੈ। ਇਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***
***ਪੰਨਾ - 522***

ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਗੁਰਸਿਖ ਨੂੰ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਤਪ ਕਰਨ ਵਾਸਤੇ ਨਹੀਂ ਕਿਹਾ ਸਗੋਂ ਆਦਰਸ਼ਕ ਗ੍ਰਿਹਸਤੀ ਬਣਨ ਵਾਸਤੇ ਕਿਹਾ ਹੈ। ਇਸ ਵਿਸ਼ੇ ਉਤੇ ਗੁਰੂ ਨਾਨਕ ਦੇਵ ਜੀ ਦੀ ਯੋਗੀਆਂ ਨਾਲ ਲੰਬੀ ਚੌੜੀ ਗਲਬਾਤ ਹੋਈ ਜਿਸ ਵਿਚ ਯੋਗੀਆਂ ਨੇ ਪ੍ਰਸ਼ਨ ਕੀਤਾ ਸੀ ਕਿ ਤੁਸੀਂ ਸੰਸਾਰ ਦੇ ਲੋਕਾਂ ਨੂੰ ਕਿਵੇਂ ਭਵਸਾਗਰ ਤੋਂ ਤਾਰ ਸਕਦੇ ਹੋ ਜਦਕਿ ਸੰਸਾਰ ਵਿਚ ਮਾਇਆ ਦਾ ਰੌਲਾ ਰੱਪਾ ਹੈ, ਕਿਸ ਤਰ੍ਹਾਂ ਤੁਸੀਂ ਆਪਣੇ ਗੁਰਸਿਖਾਂ ਨੂੰ ਪਾਰ ਕਰੋਗੇ?

ਤਾਂ ਮਹਾਰਾਜ ਜੀ ਨੇ ਉਤਰ ਦਿਤਾ ਕਿ -

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥***
***ਸੁਰਤਿ ਸਬਦ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***
***ਪੰਨਾ - 938***

ਮੇਰੇ ਗੁਰਸਿਖ ਗ੍ਰਹਿਸਤ ਵਿਚ ਰਹਿੰਦੇ ਹੋਏ ਵੀ ਸੰਸਾਰ ਦੀ ਮਾਇਆ ਤੋਂ ਨਿਰਲੇਪ ਰਹਿਣਗੇ। ਆਪਣੀ ਸੁਰਤ ਨੂੰ ਸ਼ਬਦ ਨਾਲ ਲਾ ਕੇ ਉਚੀਆਂ ਰੂਹਾਨੀ ਮੰਜ਼ਲਾਂ ਪ੍ਰਾਪਤ ਕਰਕੇ ਇਸ ਸੰਸਾਰ ਸਾਗਰ ਤੋਂ ਪਾਰ ਹੋ ਜਾਣਗੇ। ਤੁਸੀਂ ਸੰਸਾਰ ਦੀ ਮਾਇਆ ਤੋਂ ਡਰ ਕੇ ਕਿਨਾਰਾ ਕਰ ਲਿਆ ਹੈ, ਜੰਗਲਾਂ ਵਿਚ ਵਾਸਾ ਕਰ ਲਿਆ ਹੈ ਤੇ ਗ੍ਰਹਿਸਤੀਆਂ ਨੂੰ ਤੁਸੀਂ ਮਾੜਾ ਕਹਿੰਦੇ ਹੋ। ਗ੍ਰਹਿਸਤੀ ਕਿਵੇਂ ਮਾੜੇ ਹੋ ਸਕਦੇ ਹਨ ਜਿੰਨ੍ਹਾਂ ਦੇ ਘਰਾਂ ਵਿਚ ਜਾ ਕੇ ਤੁਸੀਂ 'ਅਲੱਖ' ਜਗਾ ਕੇ ਮੰਗਦੇ ਹੋ। ਉਹ ਤੁਹਾਡੀ ਇੱਛਾ ਦੀ ਪੂਰਤੀ ਕਰਦੇ ਹਨ, ਤੁਹਾਨੂੰ ਖਾਣ ਵਾਸਤੇ ਦਿੰਦੇ ਹਨ, ਉਹ ਕਿਸ ਤਰ੍ਹਾਂ ਨਾਲ ਮਾੜੇ ਹੋ ਸਕਦੇ ਹਨ? ਗ੍ਰਹਿਸਤ ਧਰਮ ਮਾੜਾ ਨਹੀਂ ਪਰੰਤੂ ਗ੍ਰਹਿਸਤੀ ਆਦਰਸ਼ਕ ਹੋਣਾ ਚਾਹੀਦਾ ਹੈ।

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥ ਪੰਨਾ - 952***

ਅਸਲੀ ਗ੍ਰਿਹਸਤੀ ਉਹ ਹੈ ਜਿਹੜਾ ਆਪਣੇ ਅੰਦਰੋਂ ਮਾੜੇ ਫੁਰਨੇ, ਮਾੜੇ ਸੰਸਕਾਰ, ਭੈੜੀਆਂ ਆਦਤਾਂ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਪਰ-ਤਨ ਤੇ ਪਰ-ਧਨ ਦੀ ਚੋਰੀ, ਪੰਜ ਚੋਰ, ਪੰਜ ਵਿਸ਼ੇ, ਪੰਜ ਰਸ, ਆਸਾ, ਤ੍ਰਿਸ਼ਨਾ, ਹੰਸ, ਹੇਤ, ਲੋਭ, ਕੋਪ ਆਦਿ ਇਨ੍ਹਾਂ ਦਾ ਤਿਆਗ ਕਰ ਦੇਵੇ, ਇਨ੍ਹਾਂ ਨੂੰ ਆਪਣੇ ਅੰਦਰੋਂ ਕੱਢ ਦੇਵੇ ਅਤੇ ਵਾਹਿਗੁਰੂ ਤੋਂ ਜਪ, ਤਪ ਤੇ ਸੰਜਮ ਦੀ ਪ੍ਰਾਪਤੀ ਦੀ ਅਰਦਾਸ ਕਰੇ ਕਿ ਹੇ ਵਾਹਿਗੁਰੂ! ਮੇਰਾ ਸਰੀਰ ਭਾਵੇਂ ਕਿਸੇ ਵੀ ਸਥਿਤੀ ਵਿਚ ਹੋਵੇ, ਭਾਵੇਂ ਕੰਮ ਕਰਦਾ ਹੈ, ਬੈਠਾ ਹੈ, ਸੁਤਾ ਹੈ, ਜਾਗਦਾ ਹੈ, ਹਰ ਵਕਤ ਮੈਨੂੰ ਤੇਰਾ ਹੀ ਧਿਆਨ ਰਹੇ, ਮੈਂ ਤੇਰੇ ਜਪ ਵਿਚ ਲਗਿਆ ਰਹਾਂ ਤੇ ਮੇਰਾ ਕੋਈ ਸਵਾਸ ਨਾਮ ਤੋਂ ਖਾਲੀ ਨਾ ਜਾਵੇ, ਇਸ ਨੂੰ ਜਪ ਕਹਿੰਦੇ ਹਨ। ਤਪ, ਸਾਧਨਾ ਤੇ ਸੇਵਾ ਨੂੰ ਕਹਿੰਦੇ ਹਨ - ਅੰਮ੍ਰਿਤ ਵੇਲੇ ਜਾਗਣਾ, ਗੁਰੂ ਮੰਤਰ ਦਾ ਜਾਪ ਕਰਨਾ, ਬਾਣੀ ਪੜ੍ਹਨੀ, ਨਿਤਨੇਮ ਕਰਨਾ, ਕੀਰਤਨ ਕਰਨਾ, ਕੀਰਤਨ ਸੁਣਨਾ, ਸਤਸੰਗ ਵਿਚ ਜਾਣਾ, ਗੁਰੂ ਘਰ ਵਿਚ ਜਾ ਕੇ ਸੇਵਾ ਕਰਨੀ ਕਿਉਂਕਿ ਗੁਰੂ ਘਰ ਵਿਚ ਸੇਵਾ ਨੂੰ ਬਹੁਤ ਉਤਮ ਮੰਨਿਆ ਗਿਆ ਹੈ। ਅਨੇਕਾਂ ਪ੍ਰਕਾਰ ਦੀ ਸੇਵਾ ਹੈ ਜੋ ਕਿ ਹਰ ਪ੍ਰਾਣੀ ਆਪਣੀ ਸ਼ਕਤੀ ਤੇ ਸਥਿਤੀ ਅਨੁਸਾਰ ਕਰ ਸਕਦਾ ਹੈ। ਆਪਣੇ ਵਿਤ ਮੁਤਾਬਕ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਸਤਿਗੁਰੂ ਦੀ ਸੇਵਾ ਕੀਤੀ ਸਫਲ ਹੁੰਦੀ ਹੈ।

***ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥***
***ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥***
***ਪੰਨਾ - 314***

ਸਤਿਗੁਰੂ ਜੀ ਨੂੰ ਪ੍ਰਸੰਨ ਕਰਨ ਲਈ ਜਿਹੜੀ ਵੀ ਸੇਵਾ ਤੁਸੀਂ ਕਰ ਸਕਦੇ ਹੋ, ਜ਼ਰੂਰ ਕਰਨੀ ਚਾਹੀਦੀ ਹੈ ਕਿਉਂਕਿ ਸੇਵਾ ਦੀ ਕੋਈ ਸੀਮਾ ਨਹੀਂ ਹੈ। ਸਾਰਾ ਸੰਸਾਰ ਵਾਹਿਗੁਰੂ ਦਾ ਘਰ ਹੈ, ਜਿਥੇ ਕਿਤੇ ਵੀ ਕੋਈ ਬੈਠਾ ਹੈ ਉਥੇ ਹੀ ਸੇਵਾ ਕਰ ਸਕਦਾ ਹੈ। ਸਤਿਗੁਰੂ ਹਾਜ਼ਰ ਨਾਜ਼ਰ ਹੈ, ਸਭ ਕੁਝ ਦੇਖਦਾ ਹੈ। ਜਦੋਂ ਸਤਿਗੁਰੂ ਜੀ ਸੇਵਾ ਤੋਂ ਖੁਸ਼ ਹੋ ਗਏ ਤਾਂ ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਜਾਵੇਗਾ ਤੇ ਸਤਿਗੁਰੂ ਬਖਸ਼ਿਸ਼ਾਂ ਦੇ ਭੰਡਾਰੇ ਖੋਲ੍ਹ ਦੇਵੇਗਾ। ਸੋ ਇਹ ਗੁਰੂ ਘਰ ਦਾ ਤਪ ਹੈ। ਤੀਸਰਾ ਸੰਜਮ ਹੈ, ਸੰਜਮ dicipline ਨੂੰ ਕਹਿੰਦੇ ਹਨ। ਆਪਣੇ ਜੀਵਨ

ਨੂੰ ਗੁਰੂ ਦੀ ਮੱਤ ਅਨੁਸਾਰ ਢਾਲਣਾ ਚਾਹੀਦਾ ਹੈ। ਆਚਾਰ, ਵਿਹਾਰ ਤੇ ਆਹਾਰ ਇਹ ਤਿੰਨੇ ਚੀਜ਼ਾਂ ਮਰਯਾਦਾ ਵਿਚ ਹੋਣੀਆਂ ਚਾਹੀਦੀਆਂ ਹਨ, ਇਸ ਵਿਚ ਫਿਕਾ ਨਹੀਂ ਬੋਲਣਾ, ਉਚਾ ਕਰੈਕਟਰ, ਬੋਲਚਾਲ ਮਿਠੀ ਤੇ ਖਾਣਾ ਪੀਣਾ ਸ਼ੁਧ ਹੋਣਾ ਚਾਹੀਦਾ ਹੈ ਭਾਵ ਮਾਸ, ਸ਼ਰਾਬ, ਆਂਡਾ, ਮੀਟ ਆਦਿ ਦਾ ਸੇਵਨ ਨਹੀਂ ਕਰਨਾ ਕਿਉਂਕਿ ਇਹ ਤਾਮਸੀ ਭੋਜਨ ਹੈ ਜੋ ਵਿਕਾਰ ਪੈਦਾ ਕਰਦਾ ਹੈ। ਮਹਾਰਾਜ ਜੀ ਨੇ ਇਸ ਦੀ ਸਖਤ ਮਨਾਹੀ ਕੀਤੀ ਹੈ। ਫੁਰਮਾਨ ਹੈ –

***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***

***ਪੰਨਾ – 16***

ਕਰੁਣਾ, ਮੈਤਰੀ, ਮੁਦਤਾ ਤੇ ਉਪੇਖਿਆ ਦੇ ਸੁਨਿਹਰੀ ਅਸੂਲਾਂ ਤੇ ਚਲ ਕੇ ਸਭ ਨਾਲ ਸੁੱਚਜੇ ਹੋ ਕੇ ਵਰਤਣਾ ਚਾਹੀਦਾ ਹੈ। ਆਪਣੇ ਤੋਂ ਕਮਜ਼ੋਰ, ਨਿਤਾਣੇ ਤੇ ਗਰੀਬ ਨਾਲ ਕਰੁਣਾ ਵਾਲਾ ਵਿਵਹਾਰ ਕਰਨਾ, ਆਪਣੇ ਬਰਾਬਰ ਦੇ ਨਾਲ, ਜੋ ਤੁਹਾਡੇ ਮੁਕਾਬਲੇ ਦਾ ਹੈ, ਉਸ ਨਾਲ ਮਿਤਰਤਾ ਵਾਲਾ ਵਿਵਹਾਰ ਕਰਨਾ, ਜੋ ਆਪਣੇ ਨਾਲੋਂ ਅਮੀਰ ਹੈ, ਤਾਕਤਵਰ ਹੈ, ਪੈਸੇ ਵਾਲਾ ਹੈ, ਉਸ ਨਾਲ ਮੁਦਤਾ ਵਾਲਾ ਵਿਵਹਾਰ ਕਰਨਾ ਭਾਵ ਉਸ ਨੂੰ ਦੇਖ ਕੇ ਖੁਸ਼ ਹੋਣਾ ਚਾਹੀਦਾ ਹੈ, ਈਰਖਾ ਨਹੀਂ ਕਰਨੀ ਚਾਹੀਦੀ, ਇਹ ਕਹਿ ਕੇ ਪ੍ਰਸੰਸਾ ਕਰਨੀ ਕਿ ਦੇਖੋ ਇਸ ਨੂੰ ਵਾਹਿਗੁਰੂ ਨੇ ਕਿੰਨਾ ਕੁਝ ਬਖਸ਼ਿਆ ਹੈ ਕਿਉਂਕਿ ਇਸ ਨੇ ਚੰਗੇ ਕਰਮ ਕੀਤੇ ਹੋਣਗੇ। ਉਪੇਖਿਆ ਕੇਵਲ ਉਸ ਨਾਲ ਵਰਤਣੀ ਹੈ ਜੋ ਮਨਮੁਖ ਹੈ, ਤੁਹਾਡੇ ਜੀਵਨ ਵਿਚ ਖਲਬਲੀ ਪੈਦਾ ਕਰਦਾ ਹੈ, ਉਸ ਦੀ ਸੰਗਤ ਕਰਨ ਨਾਲ ਤੁਹਾਡਾ ਨੁਕਸਾਨ ਹੋ ਰਿਹਾ ਹੈ, ਇਹ ਨੁਕਸਾਨ ਮਾਲੀ ਵੀ ਹੋ ਸਕਦਾ ਹੈ, ਰੂਹਾਨੀ ਵੀ ਹੋ ਸਕਦਾ ਹੈ। ਐਸੇ ਮਨੁਖ ਤੋਂ ਹੌਲੀ ਹੌਲੀ ਕਿਨਾਰਾ ਕਰਨਾ ਹੀ ਠੀਕ ਹੁੰਦਾ ਹੈ ਤੇ ਉਸ ਨੂੰ ਹੌਲੀ ਹੌਲੀ ਮਿਲਣਾ ਘੱਟ ਕਰੋ ਤੇ ਫੇਰ ਉਹ ਤੁਹਾਡੇ ਜੀਵਨ ਨੂੰ ਤੰਗ ਨਹੀਂ ਕਰੇਗਾ, ਤੁਹਾਡਾ ਖਹਿੜਾ ਛੱਡ ਦੇਵੇਗਾ।

ਅਦਰਸ਼ਕ ਗ੍ਰਿਹਸਤੀ ਦਾਨੀ ਹੋਇਆ ਕਰਦਾ ਹੈ। ਉਸ ਦੇ ਘਰ ਅਗਰ ਕੋਈ ਭੁਖਾ ਅਭਿਆਗਤ ਆ ਜਾਂਦਾ ਹੈ ਤਾਂ ਉਸ ਨੂੰ ਭੋਜਨ ਛਕਾ ਕੇ ਉਸ ਦੀ ਤ੍ਰਿਪਤੀ ਕਰਨੀ ਚਾਹੀਦੀ ਹੈ। ਗੁਰੂ ਕੇ ਲੰਗਰਾਂ ਵਿਚ ਅੰਨ, ਰਾਸ਼ਨ ਦਾਨ ਕਰਨਾ ਚਾਹੀਦਾ ਹੈ। ਗੁਰੂ ਦੇ ਨਮਿਤ ਦਸਵੰਧ ਦੇ ਕੇ ਮਾਇਆ ਨੂੰ ਸਫਲ ਕਰਨਾ ਚਾਹੀਦਾ ਹੈ। ਨੰਗਿਆਂ ਨੂੰ ਬਸਤਰ ਲੀੜੇ ਦੇਣੇ, ਭੁਖਿਆਂ ਨੂੰ ਭੋਜਨ ਛਕਾਉਣਾ ਚਾਹੀਦਾ ਹੈ। ਕੁਦਰਤੀ ਆਫਤਾਂ ਦੇ ਸ਼ਿਕਾਰ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਪੂਰਨ ਸੰਤਾਂ ਮਹਾਂਪੁਰਸ਼ਾਂ ਦੇ ਚਲਾਏ ਹੋਏ ਪਰਉਪਕਾਰੀ ਤੇ ਲੋਕ ਭਲਾਈ ਦੇ ਕਾਰਜਾਂ ਵਿਚ ਦਾਨ ਦੇ ਕੇ, ਮਾਇਆ ਸਫਲ ਕਰਨੀ ਚਾਹੀਦੀ ਹੈ। ਇਸ ਨੂੰ ਪੁੰਨ ਦਾਨ ਦਾ ਸਰੀਰ ਕਹਿੰਦੇ ਹਨ। ਸੋ ਇਸ ਤਰ੍ਹਾਂ ਦਾ ਜੋ ਗ੍ਰਿਹਸਤੀ ਹੁੰਦਾ ਹੈ, ਉਹ ਗੰਗਾ ਦੇ ਨੀਰ ਵਾਂਗ ਨਿਰਮਲ ਹੁੰਦਾ ਹੈ, ਭਾਵ ਉਹ ਮੈਲ ਤੋਂ ਰਹਿਤ ਹੋ ਜਾਂਦਾ ਹੈ ਅਤੇ ਉਸ ਉਤੇ ਮਲ ਦੋਸ਼ ਦਾ ਅਸਰ ਨਹੀਂ ਹੋ ਸਕਿਆ ਕਰਦਾ ਅਤੇ ਮਾਇਆ ਵਿਚ ਬਰਕਤ ਪੈਂਦੀ ਹੈ, ਕਮਾਈ ਵਿਚ ਬਰਕਤ ਪੈਂਦੀ ਹੈ। ਇਸੇ ਕਰਕੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ –

***ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥***

***ਪੰਨਾ – 1378***

ਆਦਰਸ਼ਕ ਗ੍ਰਿਹਸਤੀ ਨੂੰ ਇਹ ਧਰਮ ਕਰਨਾ ਬਣਦਾ ਹੈ ਕਿ ਉਹ ਆਪਣੇ ਜੀਵਨ ਨੂੰ ਇਸ ਸਾਂਚੇ ਵਿਚ ਢਾਲ ਕੇ ਆਪਣਾ ਜਨਮ ਸਫਲਾ ਕਰੇ। ਵਾਹਿਗੁਰੂ ਜੀ ਨੇ ਇਸ ਸੁਭਾਗ ਜੋੜੀ ਦਾ ਧੁਰ ਤੋਂ ਸੰਯੋਗ ਬਣਾਇਆ ਹੋਇਆ ਸੀ ਸੋ ਤੁਸੀਂ ਦੋਵਾਂ ਨੇ ਆਪਣੇ ਆਪਣੇ ਧਰਮ ਦਾ ਪਾਲਣ ਕਰਨਾ ਹੈ ਕਿਉਂਕਿ ਹੁਣ ਤੁਸੀਂ ਦੋਵੇਂ ਇਕ ਸੂਤਰ ਵਿਚ, ਭਾਵ ਵਿਆਹ ਦੇ ਬੰਧਨ ਵਿਚ ਬੰਨ੍ਹੇ ਗਏ ਹੋ। ਗ੍ਰਿਹਸਤ ਦੇ ਸਾਰੇ ਕਾਰਜ ਆਪਸ ਵਿਚ ਸਲਾਹ ਮਸ਼ਵਰਾ ਕਰਕੇ ਕਰਨੇ ਹਨ ਤੇ ਦੇਖਣ ਵਾਲੇ ਨੂੰ ਇਹ ਮਹਿਸੂਸ ਹੋਵੇ –

***ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥***

***ਪੰਨਾ – 788***

ਦੋਵੇਂ ਪਰਿਵਾਰਾਂ ਦੀ ਸਾਂਝ ਪੈਣ ਕਰਕੇ ਹੁਣ ਬੀਬੀ ਨੇ ਆਪਣੇ ਪਤੀ ਦੇ ਮਾਤਾ ਪਿਤਾ ਨੂੰ, ਆਪਣੇ ਮਾਤਾ ਪਿਤਾ ਦਾ ਦਰਜਾ ਦੇਣਾ ਹੈ। ਇਸ ਤਰ੍ਹਾਂ ਨਾਲ ਕਾਕਾ ਜੀ ਨੇ ਵੀ ਇਹ ਫਰਜ਼ ਨਿਭਾਉਣਾ ਹੈ। ਇਹੋ ਦਰਜਾ ਜੋ ਆਪਣੇ ਭਰਾਵਾਂ, ਭੈਣਾਂ ਦਾ ਸੀ ਉਹ ਇਕ ਦੂਜੇ ਦੇ ਪਰਿਵਾਰ ਨੂੰ ਦੇਣਾ ਹੈ। ਜਿਸ ਤਰ੍ਹਾਂ ਪਤਨੀ ਵਾਸਤੇ ਪਤੀ-ਵਰਤਾ ਧਰਮ ਨਿਭਾਉਣਾ ਜ਼ਰੂਰੀ ਹੈ, ਇਸੇ ਤਰ੍ਹਾਂ ਪਤੀ ਵਾਸਤੇ ਵੀ ਇਹੋ ਹਦਾਇਤ ਹੈ ਕਿ –

***ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥***

***ਭਾਈ ਗੁਰਦਾਸ ਜੀ, ਵਾਰ 29/11***

ਇਹ ਵੀ ਖੁਸ਼ੀ ਦੀ ਗੱਲ ਹੈ ਕਿ ਦੋਵਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ ਤੇ ਤੁਸੀਂ ਗੁਰੂ ਵਾਲੇ ਹੋ। ਗੁਰਸਿਖੀ ਦੇ ਸੁਨਿਹਰੀ ਅਸੂਲਾਂ ਤੇ ਚਲਦੇ ਹੋਏ ਆਪਣਾ ਜੀਵਨ ਨਿਰਬਾਹ ਕਰਨਾ ਹੈ। ਨਿਤਨੇਮ, ਭਜਨ ਬੰਦਗੀ, ਸੇਵਾ ਸਿਮਰਨ ਕਰਦੇ ਹੋਏ ਜੀਵਨ ਬਤੀਤ ਕਰਨਾ ਹੈ। ਗੁਰਬਾਣੀ ਨੂੰ ਆਪਣੇ ਜੀਵਨ ਦਾ ਅਧਾਰ ਬਨਾਉਣਾ ਹੈ। ਸਾਰੀ ਸੰਗਤ ਵਲੋਂ ਇਹੀ ਅਰਦਾਸ ਹੈ ਕਿ ਵਾਹਿਗੁਰੂ ਇਸ ਸੁਭਾਗ ਜੋੜੀ ਨੂੰ ਚੜ੍ਹਦੀਆਂ ਕਲਾ ਵਾਲਾ ਜੀਵਨ ਬਖਸ਼ ਕੇ ਗੁਰੂ ਘਰ ਦਾ ਪਿਆਰ ਤੇ ਸਤਿਕਾਰ ਦੇਵੇ।

ਬਾਬਾ ਜੀ ਨੇ ਇਹ ਪ੍ਰਵਚਨ ਕਰਕੇ ਅਨੰਦ ਸਾਹਿਬ ਦਾ ਕੀਰਤਨ ਕੀਤਾ ਤੇ ਫੇਰ ਆਪ ਹੀ ਅਰਦਾਸ ਕੀਤੀ। ਸੋ ਇਸ ਤਰ੍ਹਾਂ ਨਾਲ ਬੀਬੀ ਪਿਆਰ ਕੌਰ ਦਾ ਵਿਆਹ ਸੰਪੰਨ ਹੋਇਆ ਅਤੇ ਦੁਪਹਿਰ ਦਾ ਲੰਗਰ ਛਕਾ ਕੇ ਬਰਾਤ ਨੂੰ ਵਿਦਾ ਕੀਤਾ।

## ਭੋਰੇ ਵਿਚ ਭਜਨ ਕਰਨ ਦਾ ਸੰਕਲਪ

ਜਦੋਂ ਤੋਂ ਬਾਬਾ ਜੀ ਸਾਧ ਵੇਲਾ - ਸਖਰ ਰੋੜੀ, ਗੁਰੂ ਨਾਨਕ ਦੇਵ ਜੀ ਦੇ ਤਪ ਅਸਥਾਨ ਤੋਂ ਹੋ ਕੇ ਆਏ ਸੀ, ਉਸ ਸਮੇਂ ਤੋਂ ਹੀ ਇਨ੍ਹਾਂ ਦੇ ਅੰਦਰ ਇਕ ਫੁਰਨਾ ਚਲ ਰਿਹਾ ਸੀ ਕਿ ਇਕਾਂਤ ਥਾਂ ਤੇ ਬੈਠ ਕੇ ਲੰਮੇ ਸਮੇਂ ਲਈ ਹੋਰ ਤਪ ਸਾਧਨਾ ਕੀਤੀ ਜਾਵੇ। ਹੁਣ ਵਿਆਹ ਦੇ ਕੰਮ ਕਾਰ ਤੋਂ ਸਾਰੇ ਵਿਹਲੇ ਹੋ ਕੇ ਆਪੋ ਆਪਣੇ ਕੰਮ ਧੰਦਿਆਂ ਵਿਚ ਲੱਗ ਗਏ। ਬਾਬਾ ਜੀ ਨੇ ਇਸ ਫੁਰਨੇ ਬਾਰੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨਾਲ ਗਲ ਕੀਤੀ ਕਿ ਮੇਰੀ ਇੱਛਾ ਹੈ ਕਿ ਇਕ ਭੋਰਾ ਤਿਆਰ ਕੀਤਾ ਜਾਵੇ ਜਿਸ ਵਿਚ ਮੈਂ ਘਟੋ ਘਟ ਛੇ ਮਹੀਨੇ ਲਈ ਤਪ ਕਰਾਂ ਅਤੇ ਕੋਈ ਵੀ ਮੈਨੂੰ ਤੰਗ ਨਾ ਕਰੇ, ਪ੍ਰੇਸ਼ਾਨ ਨਾ ਕਰੇ, ਸੋ ਇਸ ਵਾਸਤੇ ਮੈਨੂੰ ਸਹਿਯੋਗ ਦੀ ਲੋੜ ਹੈ। ਦੋਵੇਂ ਜੀਅ, ਬਾਬਾ ਜੀ ਦਾ ਇਹ ਇਰਾਦਾ ਸੁਣ ਕੇ ਠਠੰਬਰ ਗਏ ਤੇ ਮਨ ਵਿਚ ਸੋਚਣ ਲੱਗੇ ਕਿ ਇਹ ਤਾਂ ਸ਼ਾਦੀ-ਸ਼ੁਦਾ ਹੈ ਤੇ ਜੇਕਰ ਇਹ ਬੇਟਾ ਸਾਧ ਬਣ ਗਿਆ ਤੇ ਕਿਤੇ ਘਰ ਬਾਰ ਹੀ ਨਾ ਤਿਆਗ ਦੇਵੇ। ਪਰ ਉਪਰੋਂ ਆਪ ਦੋਵਾਂ ਜੀਆਂ ਨੇ ਕਿਹਾ ਕਿ ਬੇਟਾ ਠੀਕ ਹੈ, ਜਿਵੇਂ ਤੁਹਾਡਾ ਜੀਅ ਕਰਦਾ ਹੈ, ਅਸੀਂ ਪੂਰੀ ਤਰ੍ਹਾਂ ਨਾਲ ਸਹਿਮਤ ਹਾਂ। ਕੁਝ ਦਿਨਾਂ ਬਾਅਦ ਗੱਲਾਂ ਬਾਤਾਂ ਵਿਚ ਮਾਤਾ ਜੀ ਨੇ ਆਪ ਤੋਂ ਪਿੰਡ ਦਾ ਪਤਾ ਟਿਕਾਣਾ ਪੁਛ ਲਿਆ ਅਤੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਪਿੰਡ ਧਮੋਟ ਨੂੰ ਪਿਤਾ ਕਰਤਾਰ ਸਿੰਘ ਦੇ ਨਾਂ ਚਿਠੀ ਪਾ ਦਿਤੀ ਜਿਸ ਵਿਚ ਸਾਰਾ ਹਾਲ ਲਿਖ ਦਿਤਾ ਤੇ ਦੱਸ ਦਿਤਾ ਕਿ ਤੁਹਾਡਾ ਸਪੁਤਰ ਵਰਿਆਮ ਸਿੰਘ ਸਾਡੇ ਪਾਸ ਰਹਿ ਰਿਹਾ ਹੈ। ਅਸੀਂ ਇਸ ਨੂੰ ਆਪਣਾ ਸੱਤਵਾਂ ਪੁਤਰ ਬਣਾ ਲਿਆ ਹੈ। ਇਸ ਦੇ ਪਰਚਾਰ ਦਾ ਸਦਕਾ ਸਿੰਧ ਦੇ ਇਸ ਇਲਾਕੇ ਵਿਚ ਲੋਕਾਂ ਨੇ ਸ਼ਰਾਬਾਂ ਪੀਣੀਆਂ ਛੱਡ ਦਿਤੀਆਂ ਹਨ, ਮਾਸ ਆਦਿ ਖਾਣਾ ਛੱਡ ਦਿਤਾ ਹੈ, ਚੋਰੀ ਕਰਨੀ ਛੱਡ ਦਿਤੀ ਹੈ। ਸਾਰੇ ਪਰਿਵਾਰਾਂ ਨੂੰ ਸਿਖੀ ਵਿਚ ਲਿਆ ਕੇ ਗੁਰੂ ਗਰੰਥ ਸਾਹਿਬ ਦੇ ਲੜ ਲਾ ਰਹੇ ਹਨ। ਤੁਸੀਂ ਸਚਮੁਚ ਧੰਨ ਹੋ ਜਿਨ੍ਹਾਂ ਨੂੰ ਐਸਾ ਗੁਰਮੁਖ ਪੁਤਰ ਵਾਹਿਗੁਰੂ ਜੀ ਨੇ ਬਖਸ਼ਿਆ ਹੈ, ਜੋ ਆਪ ਵੀ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਵੀ ਨਾਮ ਜਪਾਉਂਦਾ ਹੈ। ਪਰ ਹੁਣ ਇਸ ਗੁਰਮੁਖ ਪੁਤਰ ਦੇ ਮਨ ਵਿਚ ਇਕ ਫੁਰਨਾ ਕੰਮ ਕਰ ਰਿਹਾ ਹੈ ਕਿ ਇਹ ਇਕ ਭੋਰਾ ਬਣਵਾ ਰਹੇ ਹਨ ਤੇ ਕਹਿੰਦੇ ਹਨ ਕਿ ਮੈਂ ਛੇ ਮਹੀਨੇ ਵਾਸਤੇ ਅੰਦਰ ਬੈਠਣਾ ਹੈ, ਤਪ ਕਰਨਾ ਹੈ। ਪਹਿਲਾਂ ਤਾਂ ਸਾਨੂੰ ਪਤਾ ਨਹੀਂ ਸੀ ਕਿ ਇਹ ਸ਼ਾਦੀ-ਸ਼ੁਦਾ ਹਨ, ਪਰ ਗੱਲਾਂ ਬਾਤਾਂ ਵਿਚ ਅਸੀਂ ਪੁਛ ਲਿਆ ਕਿ ਇਨ੍ਹਾਂ ਦੀ ਧਰਮ ਸੁਪਤਨੀ ਤੁਹਾਡੇ ਕੋਲ ਹੀ ਰਹਿ ਰਹੀ ਹੈ। ਸਾਡੀ ਬੇਨਤੀ ਹੈ ਕਿ ਆਪ ਤੁਰੰਤ ਹੀ ਇਸ ਬੇਟੀ ਨੂੰ ਸਾਡੇ ਕੋਲ ਸਿੰਧ ਭੇਜ ਦਿਉ ਤਾ ਕਿ ਐਸਾ ਨਾ ਹੋਵੇ ਕਿ ਬੇਟਾ ਭੋਰੇ ਵਿਚ ਬੈਠ ਜਾਵੇ, ਇਸ ਕਰਕੇ ਲੇਟ ਨਹੀਂ ਹੋਣਾ, ਜਲਦੀ ਤੋਂ ਜਲਦੀ ਬੇਟੀ ਰਣਜੀਤ ਕੌਰ ਨੂੰ ਭੇਜ ਦਿਉ। ਜਦੋਂ ਇਹ ਖਤ ਧਮੋਟ ਪੁਜਾ ਤਾਂ ਆਪ ਜੀ ਦੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਨੇ ਸਾਰੇ ਪਰਿਵਾਰ ਨਾਲ ਗਲ ਕੀਤੀ ਤੇ ਬੀਬੀ ਰਣਜੀਤ ਕੌਰ ਨੂੰ ਦੱਸਿਆ। ਬੀਬੀ ਜੀ ਕਹਿਣ ਲੱਗੇ, ਪਿਤਾ ਜੀ! ਮੈਨੂੰ ਭੇਜ ਦਿਓ, ਮੈਂ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕਰਾਂਗੀ। ਸਾਰੇ ਪਰਿਵਾਰ ਨੇ ਸਲਾਹ ਕਰਕੇ ਬੀਬੀ ਜੀ ਨੂੰ ਗੱਡੀ ਚੜ੍ਹਾ ਦਿਤਾ। ਬੀਜੀ ਤਾਂ ਸ਼ੁਰੂ ਤੋਂ ਹੀ ਚੜ੍ਹਦੀ ਕਲਾ ਵਾਲੇ ਸਨ ਤੇ ਨਿਰਭੈ ਸਨ। ਆਪ ਜੀ ਪੁਛ-ਪੁਛਾ ਕੇ ਸਿੰਧ ਗੋਠ ਚੰਦਾ ਸਿੰਘ ਪਹੁੰਚ ਗਏ ਜਿਵੇਂ ਕਿ ਚਿਠੀ ਵਿਚ ਪਹੁੰਚਣ ਵਾਸਤੇ ਸੇਧ ਦਿਤੀ ਹੋਈ ਸੀ।

## ਸਤਿਕਾਰਤ ਬੀਜੀ ਸਿੰਧ ਵਿਚ

ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਬੀਬੀ ਜੀ ਦਾ ਨਿਘਾ ਸਵਾਗਤ ਕੀਤਾ ਤੇ ਆਉ ਭਗਤ ਕੀਤੀ। ਬੀਜੀ ਦੇ ਆਉਣ ਨਾਲ ਸਾਰੇ ਪਰਿਵਾਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਸਾਰਾ ਪਰਵਾਰ ਚਾਂਈ ਚਾਂਈ ਉਨ੍ਹਾਂ ਦੇ ਅੱਗੇ ਪਿਛੇ ਘੁੰਮ ਰਿਹਾ ਸੀ। ਬਾਬਾ ਜੀ ਉਸ ਵੇਲੇ ਲਾਗ ਦੇ ਪਿੰਡ ਵਿਚ ਗਏ ਹੋਏ ਸਨ, ਸ਼ਾਮ ਨੂੰ ਘਰ ਪਹੁੰਚਣ ਤੇ ਪਤਾ ਲੱਗਾ ਕਿ ਬੀਜੀ ਧਮੋਟ ਤੋਂ ਪਹੁੰਚ ਚੁਕੇ ਹਨ। ਪਰਸਪਰ ਘਰ ਦਾ ਹਾਲ ਚਾਲ ਪੁਛ ਕੇ, ਬਾਬਾ ਜੀ ਨੇ ਉਨ੍ਹਾਂ ਦੇ ਆਉਣ ਦਾ ਕਾਰਨ ਪੁਛਿਆ ਤਾਂ ਬੀਜੀ ਕਹਿਣ ਲੱਗੇ ਕਿ ਮੈਨੂੰ ਪਿਤਾ ਜੀ ਅਤੇ ਮਾਤਾ ਜੀ ਨੇ ਧਮੋਟ ਤੋਂ ਭੇਜਿਆ ਹੈ ਕਿਉਂਕਿ ਇਥੋਂ ਮਾਤਾ ਸੁਖ ਕੌਰ ਦੀ ਚਿਠੀ ਗਈ ਸੀ ਜਿਸ ਵਿਚ ਲਿਖਿਆ ਸੀ ਕਿ ਆਪ ਇਕ ਭੋਰਾ ਬਣਵਾ ਰਹੇ ਹੋ ਅਤੇ ਆਪ ਨੇ ਛੇ ਮਹੀਨੇ ਲਈ ਸਮਾਧੀ ਲਾਉਣੀ ਹੈ। ਬਾਬਾ ਜੀ ਕਹਿਣ ਲੱਗੇ, ਠੀਕ ਹੈ, ਮੇਰਾ ਇਰਾਦਾ ਤਾਂ ਇਸੇ ਤਰ੍ਹਾਂ ਹੈ। ਬੀਜੀ ਕਹਿਣ ਲੱਗੇ ਕਿ ਮੈਨੂੰ ਤੁਹਾਡੀ ਭਗਤੀ ਤੋਂ ਕੋਈ ਇਤਰਾਜ਼ ਨਹੀਂ ਹੈ ਸਗੋਂ ਮੈਂ ਖੁਸ਼ ਹਾਂ ਕਿ ਤੁਸੀਂ ਪਰਮੇਸ਼ਰ ਦੀ ਭਗਤੀ ਕਰਨਾ ਚਾਹੁੰਦੇ ਹੋ ਤੇ ਤੁਸੀਂ ਪਹਿਲਾਂ ਵੀ ਬਹੁਤ ਭਗਤੀ ਕੀਤੀ ਹੈ, ਪਿਛਲੇ ਜਨਮਾਂ ਦੀ ਵੀ ਤੁਹਾਡੀ ਬਹੁਤ ਭਗਤੀ ਕੀਤੀ ਹੋਈ ਹੈ। ਪਰ ਭੋਰੇ ਵਿਚ ਬੈਠਣ ਦਾ ਤੇ ਛੇ ਮਹੀਨੇ ਅੰਦਰ ਰਹਿਣ ਦਾ ਆਪ ਦਾ ਇਰਾਦਾ ਮੇਰੇ ਪਸੰਦ ਨਹੀਂ ਕਿਉਂਕਿ ਇਸ ਤਰਾਂ ਨਾਲ ਲੋਕਾਂ ਵਿਚ ਚਰਚਾ ਹੋਵੇਗੀ ਤੇ ਸੰਸਾਰ ਨੇ ਲਾਈਨਾਂ ਲਾ ਕੇ ਤੁਹਾਡੇ ਕੋਲ ਆਉਣਾ ਸ਼ੁਰੂ ਕਰ ਦੇਣਾ ਹੈ, ਇਹ ਮੈਨੂੰ ਠੀਕ ਨਹੀਂ ਲੱਗਦਾ। ਆਪ ਜੀ ਨੇ ਜੇ ਸੰਤ ਬਣਨਾ ਹੈ ਤਾਂ ਮੇਰੇ ਪਿਤਾ ਜੀ ਵਾਂਗ ਗ੍ਰਿਹਸਤ ਵਿਚ ਰਹਿ ਕੇ ਸੰਤ ਬਣੋ। ਮੈਂ ਆਪ ਜੀ ਨਾਲ ਵਾਅਦਾ ਕਰਦੀ ਹਾਂ ਕਿ ਮੈਂ ਕਦੀ ਵੀ ਤੁਹਾਡੀ ਭਗਤੀ ਵਿਚ ਵਿਘਨ ਦਾ ਕਾਰਨ ਨਹੀਂ ਬਣਾਂਗੀ। ਤੁਸੀਂ ਭਾਵੇਂ ਕਿੰਨਾਂ ਚਿਰ ਸਮਾਧੀ ਲਾ ਕੇ ਬੈਠੇ ਰਿਹਾ ਕਰੋ। ਮੇਰੀ ਹੱਥ ਬੰਨ੍ਹ ਕੇ ਤੁਹਾਡੇ ਅੱਗੇ ਬੇਨਤੀ ਹੈ ਕਿ ਆਪਾਂ ਨੇ ਸੰਤ ਨਹੀਂ ਬਣਨਾ, ਸਗੋਂ ਸੰਤਾਂ ਦੀ ਸੇਵਾ ਕਰਨੀ ਹੈ। ਕਿਸੇ ਅੱਗੇ ਹੱਥ ਅੱਡਣਾ ਨਹੀਂ ਸਗੋਂ ਹੱਥੋਂ ਦੇ ਕੇ ਭਲਾ ਮਨਾਉਣਾ ਹੈ। ਬੀਜੀ ਦੀਆਂ ਇਹ ਸਿਧੀਆਂ ਤੇ ਸਪਸ਼ਟ ਗੱਲਾਂ ਨੇ ਬਾਬਾ ਜੀ ਦੇ ਮਨ ਤੇ ਅਸਰ ਕੀਤਾ ਤੇ ਭੋਰੇ ਵਿਚ ਬੈਠਣ ਦਾ ਇਰਾਦਾ ਬਦਲ ਦਿਤਾ। ਇਹ ਖਬਰ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੂੰ ਦੱਸੀ ਤਾਂ ਸਾਰਿਆਂ ਨੇ ਬੀਜੀ ਦੀ ਪ੍ਰਸੰਸਾ ਕੀਤੀ ਕਿ ਬਾਬਾ ਜੀ ਨੂੰ ਸਹੀ ਤੇ ਠੋਸ ਦਲੀਲ ਦੇ ਕੇ ਮਨਾ ਲਿਆ

ਹੈ। ਬਾਬਾ ਜੀ ਇਹ ਗੱਲ ਆਪ ਵੀ ਦੱਸਿਆ ਕਰਦੇ ਸਨ ਕਿ ਤੁਹਾਡੇ ਬੀਜੀ ਦੀ ਇਸ ਦਲੀਲ ਨਾਲ ਮੈਂ ਬਹੁਤ ਪ੍ਰਭਾਵਿਤ ਹੋਇਆ ਸੀ ਕਿ ਦਾਨ ਲੈਣ ਨਾਲੋਂ ਦਾਨ ਦੇਣਾ ਚੰਗਾ ਹੁੰਦਾ ਹੈ।

## ਬੀਜੀ ਦੀ ਸੇਵਾ ਘਾਲ

ਪਹਿਲਾਂ ਤਾਂ ਬਾਬਾ ਜੀ ਇਕੱਲੇ ਇਸ ਪਰਵਾਰ ਵਿਚ ਸਨ, ਹੁਣ ਬੀਜੀ ਵੀ ਸ਼ਾਮਲ ਹੋ ਗਏ। ਬੀਜੀ ਘਰ ਦਾ ਸਾਰਾ ਕੰਮ ਕਰਦੇ ਸਨ, ਪਰ ਮਾਤਾ ਸੁਖ ਕੌਰ ਜਦੋਂ ਵੀ ਇਨ੍ਹਾਂ ਨੂੰ ਕੰਮ ਕਰਦਿਆਂ, ਬਰਤਨ ਮਾਂਜਦਿਆਂ ਦੇਖਦੇ ਤਾਂ ਮਨ੍ਹਾ ਕਰ ਦਿੰਦੇ ਸਨ ਕਿ ਬੇਟਾ ਤੁਸੀਂ ਇਹ ਕੰਮ ਨਹੀਂ ਕਰਨਾ, ਪਰ ਬੀਜੀ ਕਿਥੇ ਹਟਦੇ ਸਨ, ਉਹ ਤਾਂ ਇਨ੍ਹਾਂ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਹੁਣ ਬੀਜੀ ਨੇ ਆਪਣੇ ਵਿਹਲੇ ਸਮੇਂ ਪਿੰਡ ਦੀਆਂ ਤੇ ਘਰ ਪਰਿਵਾਰ ਦੀਆਂ ਸਾਰੀਆਂ ਬੀਬੀਆਂ ਮਾਤਾਵਾਂ ਨੂੰ ਬੁਲਾ ਲੈਣਾ ਅਤੇ ਧਰਤੀ ਉਤੇ ਗੁਰਮੁਖੀ ਦੇ ਅੱਖਰ ਲਿਖ ਕੇ ਸਭ ਨੂੰ ਪੜ੍ਹਨਾ ਤੇ ਲਿਖਣਾ ਸਿਖਾਉਣਾ। ਫੇਰ ਸਾਰਿਆਂ ਨੂੰ ਗੁਰਬਾਣੀ ਕੰਠ ਕਰਵਾਉਣੀ ਸ਼ੁਰੂ ਕਰ ਦਿਤੀ। ਇਕ ਇਕ ਤੁਕ ਸੁਣਾ ਕੇ, ਫੇਰ ਸੁਣਦੇ ਸਨ, ਹੌਲੀ ਹੌਲੀ ਜਪੁਜੀ ਸਾਹਿਬ ਕੰਠ ਕਰਵਾ ਦਿਤਾ। ਦੋ ਕੁ ਮਹੀਨੇ ਵਿਚ ਸਾਰੇ ਬਾਣੀ ਪੜ੍ਹਨ ਲਾ ਦਿਤੇ। ਜਿਵੇਂ ਬਾਬਾ ਜੀ ਵਿਹਲੇ ਸਮੇਂ ਭਾਈਆਂ ਨੂੰ ਪੜ੍ਹਾਉਂਦੇ ਸਨ, ਇਸੇ ਤਰ੍ਹਾਂ ਬੀਜੀ ਨੇ ਬੀਬੀਆਂ ਨੂੰ ਪੜ੍ਹਾਇਆ। ਇਸ ਬਾਰੇ ਦਾਸ ਨੂੰ ਖੁਦ ਇਕ ਦੋ ਮਾਤਾਵਾਂ ਤੇ ਭਾਈਆਂ ਨੇ ਦੱਸਿਆ ਸੀ ਜਦੋਂ ਕਿ ਸ. ਨਿਰੰਜਨ ਸਿੰਘ ਦੇ ਗ੍ਰਹਿ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੀ ਤੇ ਬਾਬਾ ਜੀ ਵੀ ਉਥੇ ਪ੍ਰਬਚਨ ਕਰਨ ਵਾਸਤੇ ਪੁਜੇ ਹੋਏ ਸਨ। ਉਹ ਦੱਸ ਰਹੇ ਸਨ ਕਿ ਬੀਬੀ ਦਾ ਲੱਖ ਲੱਖ ਧੰਨਵਾਦ ਹੈ ਕਿ ਅਸੀਂ ਅਨਪੜ੍ਹ ਵੀ ਬਾਣੀ ਪੜ੍ਹਨ ਜੋਗੇ ਹੋ ਗਏ ਤੇ ਅਖਬਾਰ ਵੀ ਪੜ੍ਹ ਲੈਂਦੇ ਹਾਂ। ਇਸ ਤਰ੍ਹਾਂ ਨਾਲ ਬੀਜੀ ਵੀ ਪਰਉਪਕਾਰੀ ਕਾਰਜਾਂ ਵਾਸਤੇ ਬਾਬਾ ਜੀ ਨਾਲੋਂ ਘੱਟ ਨਹੀਂ ਸਨ, ਸ਼ੁਰੂ ਤੋਂ ਹੀ ਹਰ ਕੰਮ ਵਿਚ ਪੂਰਾ ਸਾਥ ਦਿੰਦੇ ਰਹੇ ਹਨ।

## ਸਿੰਧ ਵਿਚ ਚੋਰੀ ਚਕਾਰੀ ਨੂੰ ਠੱਲ੍ਹ

ਕਰਾਚੀ, ਹੈਦਰਾਬਾਦ, ਸਿੰਧ ਤੇ ਇਲਾਕੇ ਮੱਖੀਬੇਲਾ ਵਿਚ ਚੋਰਾਂ ਦਾ ਬਹੁਤ ਜੋਰ ਸੀ ਤੇ ਇਹ ਚੋਰਾਂ ਦੇ ਸਮੂਹ ਇਸ ਇਲਾਕੇ ਵਿਚ ਆ ਜਾਂਦੇ ਸਨ। ਇਨ੍ਹਾਂ ਦਾ ਕੰਮ ਇਹ ਹੁੰਦਾ ਸੀ ਕਿ ਇਹ ਖੇਤਾਂ ਵਿਚ ਪਈ ਪੱਕੀ ਫਸਲ ਨੂੰ ਚੁਕ ਕੇ ਲੈ ਜਾਂਦੇ ਸਨ। ਜਿਵੇਂ ਕਿਸਾਨ ਨੇ ਕਣਕ ਕੱਟੀ ਹੈ, ਬੋਹਲ ਲੱਗਿਆ ਪਿਆ ਹੈ, ਛੱਲੀਆਂ ਕੱਢੀਆਂ, ਛੱਲੀਆਂ ਦਾ ਬੋਹਲ ਪਿਆ ਹੈ, ਰਾਤੋ ਰਾਤ ਚੁਕ ਕੇ ਲੈ ਜਾਂਦੇ ਸਨ। ਇਸ ਇਲਾਕੇ ਵਿਚ ਇਨ੍ਹਾਂ ਨੇ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਪਿੰਡ ਪਿੰਡ ਵਿਚ ਭਾਈਆਂ ਨੂੰ ਇਕੱਠੇ ਕਰਨਾ ਅਤੇ ਬੀਜੀ ਨੇ ਬੀਬੀਆਂ ਨੂੰ ਇਕੱਠੇ ਕਰਨਾ। ਬਾਬਾ ਜੀ ਭਾਈਆਂ ਨੂੰ ਗਤਕਾ ਖੇਡਣ ਦੀ ਜਾਚ ਦਸ ਕੇ ਪਰੈਕਟਿਸ ਕਰਵਾਉਂਦੇ ਅਤੇ ਦੱਸਦੇ ਸਨ ਕਿ ਦੂਜੇ ਦਾ ਵਾਰ ਕਿਸ ਤਰ੍ਹਾਂ ਰੋਕਣਾ ਹੈ ਅਤੇ ਆਪ ਵਾਰ ਕਿਸ ਤਰ੍ਹਾਂ ਕਰਨਾ ਹੈ। ਇਕੱਠੇ ਹੋ ਕੇ ਠੀਕਰੀ ਪਹਿਰਾ ਦੇਣ ਦਾ ਦੱਸਿਆ ਕਿ ਰਾਤ ਨੂੰ ਜਾਗ ਕੇ ਪਹਿਰਾ ਦਿਓ ਤਾਂ ਕਿ ਚੋਰਾਂ ਨੂੰ ਪਤਾ ਲੱਗੇ ਕਿ ਇਥੇ ਤਾਂ ਸਾਰੇ ਸਾਵਧਾਨ ਹਨ ਤੇ ਉਨ੍ਹਾਂ ਦਾ ਦਾਅ ਇਥੇ ਨਹੀਂ ਲੱਗ ਸਕੇਗਾ। ਬਾਬਾ ਜੀ ਨੇ ਕੀਰਤਨ, ਸੇਵਾ, ਸਿਮਰਨ ਦੇ ਨਾਲ ਨਾਲ, ਆਪਣੀ ਰੱਖਿਆ ਆਪ ਕਰਨ ਦਾ ਵੀ ਢੰਗ ਸਿਖਾਇਆ। ਬੀਜੀ ਬੀਬੀਆਂ ਨੂੰ ਟ੍ਰੇਨਿੰਗ ਦਿੰਦੇ ਤੇ ਦੌੜ ਲਗਵਾਉਂਦੇ ਤਾਂ ਕਿ ਕਿਸੇ ਵੀ ਮੁਸੀਬਤ ਵਿਚ ਹਾਲਾਤ ਦਾ ਮੁਕਾਬਲਾ ਹੌਂਸਲੇ ਨਾਲ ਕੀਤਾ ਜਾ ਸਕੇ। ਬੀਬੀਆਂ ਨੂੰ ਸਿੰਘ ਬੀਬੀਆਂ ਦੀਆਂ ਸਾਖੀਆਂ ਸੁਣਾ ਕੇ ਉਨ੍ਹਾਂ ਦੇ ਹੌਂਸਲੇ ਬੁਲੰਦ ਰੱਖਿਆ ਕਰਦੇ ਸਨ ਕਿ ਬੀਬੀਆਂ ਕਿਸੇ ਤਰ੍ਹਾਂ ਵੀ ਮਰਦਾਂ ਨਾਲੋਂ ਘੱਟ ਨਹੀਂ ਹੁੰਦੀਆਂ। ਮਾਤਾ ਭਾਗੋ, ਬੀਬੀ ਸਤਵੰਤ ਕੌਰ, ਦਲੇਰ ਕੌਰ ਦੇ ਕਾਰਨਾਮੇ ਉਨ੍ਹਾਂ ਨੂੰ ਸੁਣਾ ਕੇ ਨਵੀਂ ਰੂਹ ਭਰਨ ਦਾ ਕੰਮ ਕਰਿਆ ਕਰਦੇ ਸਨ। ਸੋ ਇਸ ਤਰ੍ਹਾਂ ਨਾਲ ਪਹਿਲਾਂ ਬਾਬਾ ਜੀ ਇਕੱਲੇ ਸਨ, ਪਰ ਹੁਣ ਬੀਜੀ ਨੇ ਆ ਕੇ ਇਸ ਪਰਚਾਰ ਨੂੰ ਤੇ ਪਰਉਕਾਰ ਨੂੰ ਹੋਰ ਵੀ ਅਸਰਦਾਇਕ ਕਰ ਦਿਤਾ। ਕੇਵਲ ਨਾਮ ਜੱਪਣ ਤੇ ਸੇਵਾ ਸਿਮਰਨ ਤਕ ਹੀ ਸੀਮਤ ਨਹੀਂ ਸਗੋਂ ਸਿਖੀ ਰਹੁ ਰੀਤ ਤੇ ਬਹਾਦਰੀ ਦੀ ਰੂਹ ਭਰ ਕੇ ਸਭ ਨੂੰ ਆਤਮ ਨਿਰਭਰ ਬਨਾਉਣ ਵਿਚ ਭਰਪੂਰ ਯੋਗਦਾਨ ਪਾਇਆ।

## ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਤੜਪ

ਬਾਬਾ ਜੀ ਨੂੰ ਸਿੰਧ ਵਿਚ ਆਇਆਂ ਤਕਰੀਬਨ ਤਿੰਨ ਕੁ ਸਾਲ ਹੋ ਗਏ ਸਨ ਅਤੇ ਇਨ੍ਹਾਂ ਤਿੰਨਾਂ ਸਾਲਾਂ ਵਿਚ ਆਪ ਜੀ ਨੇ ਇਲਾਕੇ ਦੀ ਕਾਇਆ ਕਲਪ ਕਰ ਦਿਤੀ। ਗੁਰਸਿਖੀ ਪਰਚਾਰ ਦੇ ਨਾਲ ਨਾਲ ਆਤਮ ਵਿਸ਼ਵਾਸ, ਬਹਾਦਰੀ ਅਤੇ ਸਵੈਮਾਨ ਦੇ ਸਬਕ ਨੂੰ ਦ੍ਰਿੜ੍ਹ ਕਰਵਾਇਆ। ਉਹ ਹਾਲਤ ਇਸ ਤਰ੍ਹਾਂ ਸੀ ਕਿ ਜਿਧਰ ਨੂੰ ਵੀ ਬਾਬਾ ਜੀ ਜਾਂਦੇ, ਉਸ ਵੇਲੇ ਸੰਗਤ ਇਕੱਤਰ ਹੋ ਕੇ ਇਨ੍ਹਾਂ ਦੇ ਸੰਦੇਸ਼ ਦੀ ਉਡੀਕ ਕਰਦੀ ਸੀ। ਜਿਸ ਤਰ੍ਹਾਂ ਆਪ ਸਭ ਨੂੰ ਪਿਆਰ ਵੰਡਦੇ ਸਨ ਇਸੇ ਤਰ੍ਹਾਂ ਸੰਗਤ ਵੀ ਆਪ ਦੇ ਪਿਆਰ ਵਿਚ ਗੱਦ ਗੱਦ ਹੁੰਦੀ ਸੀ। ਪਰ ਸਮਾਂ ਕਿਸੇ ਦੀ ਲਿਹਾਜ ਨਹੀਂ ਕਰਦਾ, ਇਹ ਆਪਣੀ ਤੋਰ ਤੁਰਦਾ ਰਹਿੰਦਾ ਹੈ। ਬੀਜੀ ਦੇ ਆਉਣ ਕਰਕੇ ਵੱਡੇ ਮਹਾਰਾਜ ਸੰਤ ਈਸ਼ਰ ਸਿੰਘ ਜੀ ਦੀਆਂ ਗੱਲਾਂ ਹਰ ਵੇਲੇ ਹੁੰਦੀਆਂ ਰਹਿੰਦੀਆਂ ਸਨ ਅਤੇ ਦੋਵਾਂ ਜੀਆਂ ਨੂੰ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਦੀ ਖਿੱਚ ਪੈ ਰਹੀ ਸੀ। ਬਾਬਾ ਜੀ ਦਸਿਆ ਕਰਦੇ ਸਨ ਕਿ ਸੰਤ ਮਹਾਰਾਜ ਜੀ ਦੀ ਖਿੱਚ ਤਾਂ ਮੈਨੂੰ ਹਰ ਵੇਲੇ ਹੀ ਰਹਿੰਦੀ ਸੀ ਪਰ ਹੁਣ ਤੀਬਰਤਾ ਵਧਦੀ ਜਾ ਰਹੀ ਸੀ। ਮਨ ਵਿਚ ਫੁਰਨਾ ਬਣ ਰਿਹਾ ਸੀ ਕਿ ਕਿਹੜੀ ਘੜੀ ਮਹਾਰਾਜ ਜੀ ਦੇ ਦਰਸ਼ਨ ਕਰਕੇ ਨੇਤਰਾਂ ਨੂੰ ਤ੍ਰਿਪਤ ਕਰੀਏ। ਸਿੰਧ ਦੇ ਇਸ ਇਲਾਕੇ ਵਿਚ 30 ਮੀਲ ਦੇ ਏਰੀਏ ਦੇ ਅੰਦਰ ਗੁਰਸਿਖੀ ਫੈਲ ਚੁਕੀ ਸੀ, ਲੋਕਾਂ ਦੇ ਸੁਭਾਅ ਬਦਲ ਚੁਕੇ ਸਨ। ਆਪਸੀ ਪਿਆਰ

ਤੇ ਭਾਈਚਾਰੇ ਦਾ ਵਾਤਾਵਰਣ ਪੈਦਾ ਹੋ ਚੁਕਿਆ ਸੀ ਤੇ ਇਸ ਦਾ ਸਾਰਾ ਸਿਹਰਾ ਬਾਬਾ ਜੀ ਨੂੰ ਜਾਂਦਾ ਸੀ ਜਿਨ੍ਹਾਂ ਨੇ ਦਿਨ ਰਾਤ ਇਕ ਕਰਕੇ ਇਥੇ ਜਾਗਰੂਪਤਾ ਲਿਆਂਦੀ ਤੇ ਲੋਕਾਂ ਦੀ ਰਹਿਣੀ ਬਹਿਣੀ ਤੇ ਕਰਨੀ ਨੂੰ ਗੁਰਮਤਿ ਅਨੁਸਾਰ ਢਾਲ ਦਿਤਾ। ਬਾਬਾ ਜੀ ਵੀ ਮਹਿਸੂਸ ਕਰ ਰਹੇ ਸੀ ਕਿ ਹੁਣ ਇਸ ਇਲਾਕੇ ਵਿਚ ਸਿਖੀ ਦਾ ਬੀਜ ਵਧੇਗਾ ਤੇ ਫੁਲੇਗਾ ਕਿਉਂਕਿ ਸਾਰਿਆਂ ਨੂੰ ਗੁਰੂ ਮਹਾਰਾਜ ਜੀ ਦੇ ਸਿਧਾਂਤ ਤੇ ਉਦੇਸ਼ ਕੁਝ ਹੱਦ ਤਕ ਸਮਝ ਪੈ ਚੁਕੇ ਹਨ ਤੇ ਹੁਣ ਮੇਰਾ ਕਾਰਜ ਵੀ ਇਥੇ ਪੂਰਾ ਹੁੰਦਾ ਜਾਪਦਾ ਹੈ। ਬੀਜੀ ਵੀ ਘਰ ਜਾਣ ਵਾਸਤੇ ਤੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਜ਼ੋਰ ਪਾਉਂਦੇ ਰਹਿੰਦੇ ਸਨ।

## ਸਿੰਧ ਤੋਂ ਵਿਦਾਇਗੀ ਦਾ ਸੰਕਲਪ

ਸੋ ਇਕ ਦਿਨ ਬਾਬਾ ਜੀ ਨੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਜੀ ਨੂੰ ਆਪਣੀ ਇਛਾ ਜ਼ਾਹਰ ਕੀਤੀ ਕਿ ਮੈਂ ਸਮਝਦਾ ਹਾਂ ਇਥੇ ਕਿਸੇ ਹੱਦ ਤਕ ਗੁਰੂ ਮਹਾਰਾਜ ਜੀ ਨੇ ਜੋ ਸੇਵਾ ਕਰਾਈ ਹੈ ਉਸ ਦਾ ਸਾਰਿਆਂ ਨੂੰ ਹੀ ਲਾਭ ਹੋਵੇਗਾ। ਮੇਰੀ ਹੁਣ ਇਥੋਂ ਚਲੇ ਜਾਣ ਦੀ ਇਛਾ ਹੈ ਤੇ ਆਪ ਸਾਰੇ ਪਰਿਵਾਰ ਨੇ ਜੋ ਪਿਆਰ ਤੇ ਅਪਣਤ ਵਿਖਾਈ ਹੈ, ਮੈਨੂੰ ਕਦੀ ਮਹਿਸੂਸ ਹੀ ਨਹੀਂ ਹੋਣ ਦਿਤਾ ਕਿ ਮੈਂ ਓਪਰੇ ਥਾਂ ਰਹਿ ਰਿਹਾ ਹਾਂ। ਆਪ ਦੋਵਾਂ ਨੇ ਮੈਨੂੰ ਪਿਤਾ ਤੇ ਮਾਤਾ ਵਾਲਾ ਪਿਆਰ ਦਿਤਾ ਹੈ ਜਿਸ ਲਈ ਮੈਂ ਆਪ ਦਾ ਬਹੁਤ ਰਿਣੀ ਹੈ। ਆਪ ਦੇ ਸਪੁੱਤਰਾਂ ਨੇ ਕਦੀ ਵੀ ਮੈਨੂੰ ਮਹਿਸੂਸ ਨਹੀਂ ਹੋਣ ਦਿਤਾ ਕਿ ਮੈਂ ਇਕ ਪਰਦੇਸੀ ਹਾਂ। ਭਰਾਵਾਂ ਤੋਂ ਵੀ ਵੱਧ ਪਿਆਰ ਦਿਤਾ ਹੈ, ਕਦੇ ਕਿਸੇ ਗਲ ਵਿਚ ਵਿਤਕਰੇ ਵਾਲਾ ਵਰਤਾਅ ਨਹੀਂ ਕੀਤਾ। ਮੇਰੀ ਧਰਮ ਸੁਪਤਨੀ ਨੂੰ ਵੀ ਆਪ ਸਭ ਨੇ ਕਿੰਨਾ ਮਾਣ ਇਜ਼ਤ ਤੇ ਪਿਆਰ ਦਿਤਾ ਹੈ, ਇਸ ਬਾਰੇ ਕਿਹਾ ਨਹੀਂ ਜਾ ਸਕਦਾ, ਮਾਂ ਬਾਪ ਤੋਂ ਵੀ ਵੱਧ ਪਿਆਰ ਤੇ ਸਤਿਕਾਰ ਦਿਤਾ ਹੈ। ਅਸੀਂ ਦੋਵੇਂ ਜੀਅ ਆਪ ਦੇ ਪਿਆਰ ਭਰੇ ਵਤੀਰੇ ਤੇ ਅਪਣੱਤ ਤੋਂ ਬਹੁਤ ਖੁਸ਼ ਹਾਂ ਤੇ ਅਸੀਂ ਕਦੀ ਤੁਹਾਨੂੰ ਭੁਲਾ ਨਹੀਂ ਸਕਾਂਗੇ। ਜਿਥੇ ਤੁਸੀਂ ਮਾਤਾ ਪਿਤਾ ਦੀ ਡਿਊਟੀ ਨਿਭਾਈ ਹੈ ਉਥੇ ਤੁਸੀਂ ਗੁਰਮਤਿ ਦੇ ਪਰਚਾਰ ਲਈ ਵੀ ਪੂਰਾ ਸਾਥ ਦਿਤਾ ਹੈ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ ਹਨ। ਬਾਬਾ ਜੀ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਜੀ ਹੈਰਾਨ ਹੋ ਗਏ ਤੇ ਅੱਖਾਂ ਵਿਚ ਪਿਆਰ ਦੇ ਹੰਝੂ ਵਗਣੇ ਸ਼ੁਰੂ ਹੋ ਗਏ ਤੇ ਕਹਿਣ ਲੱਗੇ, ਤੁਸੀਂ ਸਾਨੂੰ ਐਨਾ ਪਿਆਰ ਦਿਤਾ ਹੈ ਕਿ ਅਸੀਂ ਤਾਂ ਫੁਲੇ ਨਹੀਂ ਸੀ ਸਮਾਉਂਦੇ। ਵਾਹਿਗੁਰੂ ਨੇ ਸਾਨੂੰ ਤੁਹਾਡੀ ਸੇਵਾ ਕਰਨ ਦਾ ਅਵਸਰ ਬਖਸ਼ਿਆ ਹੈ, ਆਪਣੇ ਗੁਰਮੁਖ ਪਿਆਰੇ ਨੂੰ ਸਾਡੇ ਘਰ ਭੇਜ ਕੇ, ਸੰਗਤ ਕਰਨ ਦਾ ਮੌਕਾ ਦਿਤਾ ਹੈ। ਹੁਣ ਤੁਸੀਂ ਕਿਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ ਹੋ, ਹੁਣ ਅਸੀਂ ਤੁਹਾਥੋਂ ਵਿਛੜਨਾ ਨਹੀਂ ਚਾਹੁੰਦੇ, ਜੀਵਨ ਭਰ ਅਸੀਂ ਤੁਹਾਡਾ ਸਾਥ ਮਾਨਣਾ ਚਾਹੁੰਦੇ ਹਾਂ। ਅਸੀਂ ਤੁਹਾਨੂੰ ਆਪਣਾ ਪੁਤਰ ਬਣਾਇਆ ਹੈ ਅਤੇ ਪੁਤਰ ਆਪਣੇ ਮਾਤਾ ਪਿਤਾ ਦੀ ਆਗਿਆ ਬਿਨਾ ਕਿਸ ਤਰ੍ਹਾਂ ਜਾ ਸਕਦਾ ਹੈ। ਸਾਡੀ ਨੂੰਹ ਰਾਣੀ, ਜਿਸ ਨੂੰ ਅਸੀਂ ਆਪਣੀ ਸਕੀ ਧੀ ਸਮਝਦੇ ਹਾਂ, ਹਾਲੇ ਤਾਂ ਇਸ ਨਾਲ ਰਹਿ ਕੇ ਸਾਡੇ ਲਾਡ ਚਾਅ ਵੀ ਪੂਰੇ ਨਹੀਂ ਹੋਏ ਤੇ ਤੁਸੀਂ ਪੰਜਾਬ ਦੇਸ ਵਾਪਸ ਜਾਣ ਦੀਆਂ ਗੱਲਾਂ ਕਰਨ ਲੱਗ ਪਏ ਹੋ। ਪੁਤਰ! ਸਾਥੋਂ ਇਹ ਵਿਛੋੜਾ ਸਹਿ ਨਹੀਂ ਹੋਣਾ। ਇਸ ਤਰ੍ਹਾਂ ਨਾਲ ਗੱਲਾਂ ਕਰਦੇ ਕਰਦੇ ਮਾਤਾ ਸੁਖ ਕੌਰ ਦੀਆਂ ਡਾਡਾਂ ਨਿਕਲ ਗਈਆਂ ਤੇ ਬਾਬਾ ਜੀ ਨੂੰ ਜੱਫੀ ਵਿਚ ਲੈ ਲਿਆ ਕਿ ਪੁਤਰ ਆਪਣੀ ਮਾਂ ਨੂੰ ਛੱਡ ਕੇ ਨਾ ਜਾਈਂ। ਮਾਤਾ ਜੀ ਦੇ ਰੋਣ ਦੀ ਆਵਾਜ਼ ਸੁਣ ਕੇ ਸਾਰਾ ਟੱਬਰ ਇਕੱਠਾ ਹੋ ਗਿਆ ਤੇ ਮਾਤਾ ਦੇ ਪੁਤਰ ਵੀ ਬਾਬਾ ਜੀ ਨੂੰ ਕਹਿਣ ਲੱਗੇ ਕਿ ਭਾਅ ਜੀ ਅਸੀਂ ਤੁਹਾਨੂੰ ਕਿਵੇਂ ਭੇਜ ਸਕਦੇ ਹਾਂ, ਤੁਸੀਂ ਤਾਂ ਸਾਡੀ ਜਿੰਦ ਜਾਨ ਹੋ, ਤੁਸੀਂ ਸਾਨੂੰ ਨਵਾਂ ਜੀਵਨ ਬਖਸ਼ਿਆ ਹੈ। ਬਾਬਾ ਜੀ ਪਿਆਰ ਨਾਲ ਸਾਰੇ ਪਰਿਵਾਰ ਨੂੰ ਸਮਝਾਉਣ ਲੱਗੇ, ਕਹਿਣ ਲਗੇ ਦੇਖੋ! ਮੈਂ ਤਾਂ ਪਰਦੇਸੀ ਹਾਂ। ਕੁਝ ਸਮਾਂ ਠਹਿਰਨ ਵਾਸਤੇ ਮੈਂ ਆਇਆ ਸੀ ਤੇ ਮੈਨੂੰ ਮੇਰੇ ਪਿਆਰੇ ਨੇ ਇਸ ਕਾਰਜ ਲਈ ਭੇਜਿਆ ਸੀ ਤੇ ਮੇਰਾ ਪਿਆਰਾ ਹੀ ਮੈਨੂੰ ਖਿਚ ਪਾ ਰਿਹਾ ਹੈ ਕਿਉਂਕਿ ਹੁਣ ਉਸ ਦੀ ਮਰਜ਼ੀ ਮੈਨੂੰ ਹੋਰ ਕਿਧਰੇ ਭੇਜਣ ਦੀ ਹੈ। ਤੁਸੀਂ ਵੈਰਾਗ ਨਾ ਕਰੋ, ਮੈਂ ਕੱਲ ਨਹੀਂ ਜਾਂਦਾ, ਪੰਜ ਚਾਰ ਦਿਨ ਹੋਰ ਠਹਿਰ ਜਾਂਦਾ ਹਾਂ ਪਰ ਮੇਰਾ ਜਾਣਾ ਪੱਕਾ ਹੈ, ਮੈਂ ਜਾਣਾ ਹੀ ਜਾਣਾ ਹੈ, ਮੇਰਾ ਪਿਆਰਾ ਮੈਨੂੰ ਖਿਚ ਰਿਹਾ ਹੈ। ਇਸ ਤਰ੍ਹਾਂ ਦੇ ਬਚਨ ਕਰਕੇ ਸਭ ਨੂੰ ਧਰਵਾਸ ਦਿਤੀ।

## ਸਿੰਧ ਤੋਂ ਵਿਦਾਇਗੀ

ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਆਪਸ ਵਿਚ ਸਲਾਹ ਕੀਤੀ ਕਿ ਪੁਤਰ ਦਾ ਜੋ ਮੁਰੱਬਾ ਹੈ, ਜ਼ਮੀਨ ਹੈ, ਉਸ ਦੀ ਆਮਦਨ ਦਾ ਹਿਸਾ ਅਸੀਂ ਜ਼ਰੂਰ ਦੇਣਾ ਹੈ ਕਿਉਂਕਿ ਮੈਂ ਪਹਿਲੇ ਦਿਨ ਇਨ੍ਹਾਂ ਨਾਲ ਬਚਨ ਕੀਤਾ ਸੀ। ਨੂੰਹ ਰਾਣੀ ਨੂੰ ਵੀ ਪੂਰੇ ਮਾਣ ਤੇ ਆਦਰ ਸਹਿਤ ਵਿਦਾ ਕਰਨਾ ਹੈ। ਕੀ ਪਤਾ ਫੇਰ ਇਨ੍ਹਾਂ ਦੇ ਸਾਨੂੰ ਦਰਸ਼ਨ ਹੋਣੇ ਹਨ ਕਿ ਨਹੀਂ। ਇਸ ਲਈ ਸਾਰੀ ਤਿਆਰੀ ਕਰਨੀ ਹੈ। ਇਧਰ ਜਿਉਂ ਹੀ ਬਾਬਾ ਜੀ ਨੇ ਆਪਣੇ ਵਾਪਸ ਜਾਣ ਦੀ ਇਛਾ ਪਰਗਟ ਕੀਤੀ, ਸਾਰੇ ਪਿੰਡ ਵਿਚ ਪਤਾ ਲੱਗ ਗਿਆ ਕਿ ਇਹ ਤਾਂ ਸਾਨੂੰ ਛੱਡ ਕੇ ਵਾਪਸ ਜਾ ਰਹੇ ਹਨ। ਇਹ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਇਲਾਕੇ ਵਿਚ ਫੈਲ ਗਈ ਅਤੇ ਨੇੜੇ ਤੇੜੇ ਦੇ ਇਲਾਕੇ ਦੇ ਪ੍ਰੇਮੀ ਵਹੀਰਾਂ ਘਤ ਕੇ ਆਉਣ ਲੱਗੇ ਤੇ ਸਾਰੇ ਹੀ ਬਾਬਾ ਜੀ ਨੂੰ ਹੰਝੂਆਂ ਭਰੇ ਨੇਤਰਾਂ ਨਾਲ ਇਹੀ ਕਹਿ ਰਹੇ ਸਨ ਕਿ ਜੇ ਤੁਸੀਂ ਜਾਣਾ ਸੀ ਤਾਂ ਸਾਨੂੰ ਪਿਆਰ ਦਾ ਸਬਕ ਕਿਉਂ ਸਿਖਾਇਆ ਸੀ, ਹੁਣ ਅਸੀਂ ਤੁਹਾਡੇ ਬਿਨਾਂ ਕਿਸ ਤਰ੍ਹਾਂ ਰਹਾਂਗੇ? ਤੁਰਨ ਤੋਂ ਪਹਿਲਾਂ ਸੰਗਤਾਂ ਦਾ ਆਉਣਾ ਜਾਣਾ ਲੱਗਿਆ ਰਿਹਾ, ਪਰ ਬਾਬਾ ਜੀ ਸਭ ਨੂੰ ਸਮਝਾਉਣ ਦਾ ਯਤਨ ਕਰਦੇ ਕਿ ਮੈਂ ਤਾਂ ਪਰਦੇਸੀ ਹਾਂ ਤੇ ਗੁਰੂ ਮਹਾਰਾਜ ਜੀ ਨੇ ਤੁਹਾਡੀ

ਸੇਵਾ ਲਈ ਭੇਜਿਆ ਸੀ, ਆਖਰ ਪਰਦੇਸੀ ਨੇ ਤਾਂ ਆਪਣੇ ਦੇਸ ਜਾਣਾ ਹੀ ਹੁੰਦਾ ਹੈ ਕਿਉਂਕਿ ਜੋ ਕੁਝ ਹੋ ਰਿਹਾ ਹੈ ਸਭ ਗੁਰੂ ਦੇ ਹੁਕਮ ਵਿਚ ਹੋ ਰਿਹਾ ਹੈ। ਤੁਹਾਨੂੰ ਘਬਰਾਉਣ ਦੀ ਲੋੜ ਨਹੀਂ, ਗੁਰੂ ਮਹਾਰਾਜ ਤੁਹਾਡੇ ਅੰਗ ਸੰਗ ਹਨ। ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਨੇਕ, ਸਦਾਚਾਰ ਵਾਲਾ ਤੇ ਚੜ੍ਹਦੀ ਕਲਾ ਵਾਲਾ ਜੀਵਨ ਬਤੀਤ ਕਰੋ ਅਤੇ ਪਰਲੋਕ ਦਾ ਸੁਖ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਨਾਮ ਜਪੋ, ਸਿਮਰਨ ਕਰੋ ਤੇ ਸੇਵਾ ਕਰੋ ਅਤੇ ਜੋ ਵੀ ਤੁਹਾਡੇ ਸੰਪਰਕ ਵਿਚ ਆਉਂਦਾ ਹੈ ਉਸ ਨੂੰ ਇਸ ਤਰ੍ਹਾਂ ਦੀ ਪ੍ਰੇਰਨਾ ਦਿਉ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ। ਲੋਕ ਅਤੇ ਪਰਲੋਕ ਦੋਵੇਂ ਸੁਹੇਲੇ ਹੋ ਜਾਣਗੇ।

ਆਖਰ ਉਹ ਸਮਾਂ ਤੇ ਘੜੀ ਪਲ ਵੀ ਆ ਪਹੁੰਚੇ ਜਦੋਂ ਆਪ ਨੇ ਗੋਠ ਚੰਦਾ ਸਿੰਘ ਤੋਂ ਬੀਜੀ ਸਮੇਤ ਤੁਰਨਾ ਸੀ। ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਬਾਬਾ ਜੀ ਤੇ ਬੀਜੀ ਨੂੰ ਸੋਹਣੇ ਵਸਤਰ ਆਦਿ ਭੇਟ ਕੀਤੇ ਤੇ ਨਾਲ ਜ਼ਮੀਨ ਦੀ ਆਮਦਨ ਦਾ ਜੋ ਹਿਸਾ ਬਣਦਾ ਸੀ, ਉਹ ਦਿਤਾ ਪਰ ਬਾਬਾ ਜੀ ਤੇ ਬੀਜੀ ਇਸ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ, ਪਰ ਉਨ੍ਹਾਂ ਦੇ ਜ਼ੋਰ, ਪਿਆਰ ਤੇ ਵੈਰਾਗ ਅੱਗੇ ਜ਼ੋਰ ਨਹੀਂ ਚਲਿਆ। ਸਾਰਾ ਪਰਿਵਾਰ ਗਲਵਕੜੀ ਪਾ ਕੇ ਮਿਲ ਰਿਹਾ ਹੈ, ਸਾਰਿਆਂ ਦੇ ਨੇਤਰ ਪਿਆਰ ਤੇ ਵੈਰਾਗ ਦੇ ਹੰਝੂਆਂ ਨਾਲ ਭਰੇ ਪਏ ਹਨ ਅਤੇ ਬੋਲਣ ਵਾਸਤੇ ਗਲਾ ਵੀ ਸਾਥ ਨਹੀਂ ਦੇ ਰਿਹਾ। ਬਾਬਾ ਜੀ ਘੋੜੀ ਤੇ ਸਵਾਰ ਹੋ ਗਏ ਅਤੇ ਗੱਡੇ ਉਤੇ ਬੀਜੀ, ਮਾਤਾ ਸੁਖ ਕੌਰ ਤੇ ਸਰਦਾਰ ਚੰਦਾ ਸਿੰਘ ਦੇ ਪਰਿਵਾਰ ਦੇ ਇਕ ਦੋ ਮੈਂਬਰ ਬੈਠ ਗਏ। ਦੋਵਾਂ ਜੀਆਂ ਨੇ ਸਾਰਿਆਂ ਨੂੰ ਫਤਹਿ ਗਜਾ ਕੇ ਅਲਵਿਦਾ ਲਈ ਤੇ ਆਪਣੇ ਰਾਹ ਤੇ ਟੁਰ ਪਏ ਕਿਉਂਕਿ ਗੱਡੀ ਨਵਾਬਸ਼ਾਹ ਸ਼ਟੇਸ਼ਨ ਤੋਂ ਹੀ ਮਿਲਣੀ ਸੀ। ਰਸਤੇ ਵਿਚ ਪ੍ਰੇਮੀ ਸੰਗਤਾਂ ਬਾਬਾ ਜੀ ਦੇ ਦਰਸ਼ਨ ਤੇ ਉਨ੍ਹਾਂ ਨੂੰ ਆਖਰੀ ਵਾਰ ਮਿਲਣ ਵਾਸਤੇ ਥਾਂ ਥਾਂ ਤੇ ਖੜ੍ਹੇ ਸਨ। ਬਾਬਾ ਜੀ ਹਰ ਥਾਂ ਰੁਕ ਕੇ ਪਿਆਰ ਨਾਲ ਸਾਰਿਆਂ ਨੂੰ ਮਿਲ ਰਹੇ ਸਨ ਅਤੇ ਸਾਰੇ ਬਹੁਤ ਵੈਰਾਗ ਕਰਦੇ ਹੋਏ ਵਿਦਾਇਗੀ ਦੇ ਰਹੇ ਸਨ। ਬੜੀ ਮੁਸ਼ਕਲ ਨਾਲ ਪਿਆਰ ਪ੍ਰੇਮ ਤੇ ਗੁਰਮਤਿ ਦੇ ਉਪਦੇਸ਼ ਦਿੰਦੇ ਹੋਏ ਬਾਬਾ ਜੀ ਸਭ ਨੂੰ ਸਮਝਾਉਣ ਦਾ ਯਤਨ ਕਰਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਬਾਬਾ ਜੀ ਦੇ ਨੇਤਰ ਵੀ ਸੇਜਲ ਸਨ ਕਿਉਂਕਿ ਬਾਬਾ ਜੀ ਨੂੰ ਵੀ ਉਨ੍ਹਾਂ ਦੇ ਪਿਆਰ ਨੂੰ ਪਿਠ ਦੇ ਕੇ ਜਾਣਾ ਅਸਹਿ ਹੋ ਰਿਹਾ ਸੀ। ਪਰ ਪਿਆਰੇ ਦੇ ਹੁਕਮ ਨੂੰ ਮੰਨਣਾ ਵੀ ਜ਼ਰੂਰੀ ਸੀ। ਸੋ ਇਸ ਤਰ੍ਹਾਂ ਬੜੀ ਮੁਸ਼ਕਲ ਨਾਲ ਬਾਬਾ ਜੀ ਪਿਆਰ ਦੇ ਇਸ ਠਾਠਾਂ ਮਾਰਦੇ ਹੋਏ ਸਮੁੰਦਰ ਨੂੰ ਲੰਘ ਕੇ, ਸਟੇਸ਼ਨ ਤੇ ਪਹੁੰਚੇ, ਗੱਡੀ ਵੀ ਆ ਪਹੁੰਚੀ, ਸਰਦਾਰ ਚੰਦਾ ਸਿੰਘ ਤੇ ਮਾਤਾ ਜੀ ਨੂੰ ਦੋਵਾਂ ਜੀਆਂ ਨੇ ਨਮਸ਼ਕਾਰ ਕੀਤੀ ਤੇ ਗਲਵਕੜੀ ਵਿਚ ਲੈ ਕੇ ਆਖਰੀ ਪਿਆਰ ਕੀਤਾ ਕਿਉਂਕਿ ਬਾਬਾ ਜੀ ਕਹਿ ਰਹੇ ਸਨ ਕਿ ਹੁਣ ਆਪਣੇ ਮੇਲੇ ਸ਼ਾਇਦ ਹੀ ਕਦੀ ਹੋਣ ਕਿਉਂਕਿ–

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥***

***ਪੰਨਾ – 439***

ਬਾਬਾ ਜੀ ਤੇ ਬੀਜੀ ਗੱਡੀ ਵਿਚ ਬੈਠ ਗਏ, ਗਾਰਡ ਨੇ ਹਰੀ ਝੰਡੀ ਵਿਖਾਈ ਤੇ ਗੱਡੀ ਟੁਰ ਪਈ, ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਇਸ ਸੁਭਾਗੀ ਜੋੜੀ ਦੇ ਦਰਸ਼ਨ ਕਰ ਕਰ ਕੇ ਤ੍ਰਿਪਤ ਹੋ ਰਹੇ ਸਨ ਅਤੇ ਪਿਆਰ ਭਰੀਆਂ ਅਸੀਸਾਂ ਦੇ ਰਹੇ ਸਨ, ਟਰੇਨ ਅੱਖਾਂ ਤੋਂ ਓਹਲੇ ਹੋ ਗਈ ਤੇ ਸਾਰਾ ਪਰਿਵਾਰ ਘਰ ਨੂੰ ਪਰਤ ਕੇ ਜਾਣ ਲੱਗਾ ਮਹਿਸੂਸ ਕਰ ਰਿਹਾ ਸੀ ਕਿ ਜਿਵੇਂ ਕੋਈ ਸਭ ਤੋਂ ਪਿਆਰੀ ਵਸਤੂ ਸਾਡੇ ਹੱਥੋਂ ਖੁਸ ਗਈ ਹੈ। ਜਦੋਂ ਘਰ ਪਹੁੰਚੇ ਤਾਂ ਸਾਰਾ ਘਰ ਸੁੰਨਾ ਜਾਪਦਾ ਹੈ। ਸਾਰਾ ਪਰਵਾਰ ਹੀ ਨਹੀਂ ਸਗੋਂ ਸਾਰਾ ਪਿੰਡ ਤੇ ਸਾਰਾ ਇਲਾਕਾ ਇਸੇ ਤਰ੍ਹਾਂ ਮਹਿਸੂਸ ਕਰ ਰਿਹਾ ਹੈ ਕਿ ਹੁਣ ਉਸ ਪਿਆਰੇ ਦੇ ਦਰਸ਼ਨ ਕਦੋ ਹੋਣਗੇ ? ਤੇ ਹੁਣ ਕੌਣ ਸਾਡੀ ਰਹਿਨੁਮਾਈ ਕਰੇਗਾ ?

## ਰਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦਰਸ਼ਨ

ਬੀਜੀ ਚੁੱਪ ਬੈਠੇ ਹਨ, ਦੂਜੇ ਪਾਸੇ ਬਾਬਾ ਜੀ ਵੀ ਚੁਪ ਚਾਪ ਬੈਠੇ ਹਨ, ਦੋਵੇਂ ਜੀ ਆਪਸ ਵਿਚ ਕੋਈ ਗਲ ਬਾਤ ਨਹੀਂ ਕਰ ਰਹੇ ਕਿਉਂਕਿ ਸਾਰੀ ਸੰਗਤ ਦੀ ਖਿਚ ਪੈ ਰਹੀ ਹੈ ਤੇ ਅੰਦਰ ਉਨ੍ਹਾਂ ਦੇ ਪਿਆਰ ਦੀਆਂ ਤਰੰਗਾਂ ਟਕਰਾਅ ਕੇ ਹਿਰਦੇ ਨੂੰ ਬਿਹਬਲ ਕਰ ਰਹੀਆਂ ਹਨ। ਸਮੇਂ ਦੇ ਹਿਸਾਬ ਨਾਲ ਗੱਡੀ ਸਫਰ ਤੈਅ ਕਰਦੀ ਹੋਈ ਲਾਹੌਰ ਪੁਜ ਗਈ। ਇਥੇ ਆਪ ਜੀ ਉਤਰ ਗਏ ਅਤੇ ਆਪ ਦੋਵਾਂ ਦਾ ਇਹੀ ਇਰਾਦਾ ਸੀ ਕਿ ਸਿੱਧੇ ਰਾੜਾ ਸਾਹਿਬ ਜਾ ਕੇ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ। ਇਥੇ ਬਜ਼ਾਰ ਵਿਚੋਂ ਮਹਾਰਾਜ ਜੀ ਵਾਸਤੇ ਵਸਤ੍ਰ ਅਤੇ ਪਲੰਘ ਤੇ ਵਿਛਾਉਣ ਵਾਸਤੇ ਮਖਮਲੀ ਚਾਦਰ ਖਰੀਦੀ ਅਤੇ ਸਿੱਧੇ ਆਪ ਲੁਧਿਆਣੇ ਪਹੁੰਚ ਗਏ ਅਤੇ ਉਥੋਂ ਸਵਾਰੀ ਲੈ ਕੇ ਦੁਰਾਹਾ ਅਤੇ ਫੇਰ ਜਦੋਂ ਰਾੜਾ ਸਾਹਿਬ ਪਹੁੰਚੇ ਤਾਂ ਉਸ ਵੇਲੇ ਮਹਾਰਾਜ ਜੀ ਬਗੀਚੀ ਵਿਚ ਟਹਿਲ ਰਹੇ ਸਨ ਤੇ ਇੰਜ ਲਗਦਾ ਸੀ ਕਿ ਜਿਵੇਂ ਇਨ੍ਹਾਂ ਦੀ ਹੀ ਇੰਤਜ਼ਾਰ ਕਰਦੇ ਹੋਣ ਕਿਉਂਕਿ ਸਾਰੀ ਸੰਗਤ ਮਿਲ ਕੇ ਵਾਪਸ ਪਰਤ ਗਈ ਸੀ। ਆਪ ਜੀ ਨੇ ਮਹਾਰਾਜ ਜੀ ਦੇ ਸੇਵਾਦਾਰ ਬਾਬੂ ਰਲਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ। ਉਹਨਾਂ ਨੇ ਦਸਿਆ ਕਿ ਮਹਾਰਾਜ ਜੀ ਟਹਿਲ ਰਹੇ ਹਨ, ਮੈਂ ਹੁਣੇ ਜਾ ਕੇ ਅਰਜ ਕਰਦਾ ਹਾਂ ਤੇ ਤੁਹਾਡੇ ਬਾਰੇ ਦੱਸਦਾ ਹਾਂ। ਬਾਬੂ ਜੀ ਨੇ ਜਦੋਂ ਬਾਬਾ ਜੀ ਅਤੇ ਬੀਜੀ ਬਾਰੇ ਦੱਸਿਆ ਕਿ ਉਹ ਦਰਸ਼ਨ ਕਰਨਾ ਚਾਹੁੰਦੇ ਹਨ ਤਾਂ ਕਹਿਣ ਲੱਗੇ, ਉਨ੍ਹਾਂ ਨੂੰ ਲੈ ਆਵੋ ਤੇ ਦੋਵਾਂ ਜੀਆਂ ਨੇ ਭੇਟਾ ਰੱਖ ਕੇ ਡੰਡਵਤ ਪਰਣਾਮ ਕੀਤੀ। ਮਹਾਰਾਜ ਜੀ ਨੇ ਹਾਲ ਚਾਲ ਪੁਛਿਆ ਤੇ ਕਹਿਣ ਲੱਗੇ ਕਿ ਮੈਂ ਤੁਹਾਡੀ ਹੀ ਇੰਤਜ਼ਾਰ ਕਰ ਰਿਹਾ ਸੀ, ਚੰਗਾ

ਕੀਤਾ ਤੁਸੀਂ ਆ ਗਏ। ਬੀਬੀ ਵੀ ਇਥੇ ਰਹੇ। ਜੇ ਇਨ੍ਹਾਂ ਨੇ ਧਮੋਟ ਜਾਣਾ ਹੈ, ਉਥੇ ਛੱਡ ਆਵੋ ਤੇ ਤੁਸੀਂ ਵਾਪਸ ਆ ਜਾਣਾ। ਇਥੇ ਸਰਦਾਰ ਮੋਹਨ ਸਿੰਘ ਆਏ ਹੋਏ ਹਨ ਤੇ ਭੋਰਾ ਬਣਵਾ ਰਹੇ ਹਨ, ਤੁਸੀਂ ਉਨ੍ਹਾਂ ਦੇ ਨਾਲ ਲੱਗ ਕੇ ਸੇਵਾ ਕਰਵਾਉ। ਬਾਬਾ ਜੀ ਕਹਿਣ ਲੱਗੇ, ਸਤਿ ਬਚਨ। ਫੇਰ ਮਹਾਰਾਜ ਜੀ, ਬਾਬਾ ਜੀ ਨੂੰ ਸਿੰਧ ਬਾਰੇ ਸਾਰਾ ਹਾਲ ਪੁਛਣ ਲੱਗੇ ਕਿ ਉਥੇ ਕਿਵੇਂ ਕਿਵੇਂ ਤੁਸੀਂ ਪਰਚਾਰ ਕੀਤਾ। ਬਾਬਾ ਜੀ ਨੇ ਸਾਰਾ ਕੁਝ ਵਿਸਥਾਰ ਨਾਲ ਦੱਸਿਆ ਤੇ ਮਹਾਰਾਜ ਜੀ ਬਹੁਤ ਪ੍ਰਸੰਨ ਹੋਏ। ਮਹਾਰਾਜ ਕਹਿਣ ਲੱਗੇ, ਹੁਣ ਸ਼ਾਮ ਦਾ ਟਾਈਮ ਹੋ ਗਿਆ ਹੈ, ਰਹਿਰਾਸ ਦਾ ਵਕਤ ਹੋ ਗਿਆ ਹੈ, ਤੁਸੀਂ ਵੀ ਕੁਝ ਛਕ ਲਵੋ ਤੇ ਜੇ ਇਥੇ ਰਹਿਣਾ ਹੈ, ਇਥੇ ਹੀ ਰਹੋ; ਜੇ ਪਿੰਡ ਜਾਣਾ ਹੈ ਪਿੰਡ ਜਾਵੋ, ਤੁਹਾਨੂੰ ਖੁਲ੍ਹੀ ਛੁਟੀ ਹੈ। ਪਰ ਬਾਬਾ ਜੀ ਨੂੰ ਇਸ਼ਾਰਾ ਕਰਕੇ ਕਹਿਣ ਲੱਗੇ, ਤੁਸੀਂ ਸਵੇਰੇ ਜ਼ਰੂਰ ਪਹੁੰਚ ਜਾਇਓ। ਦੋਵਾਂ ਨੇ ਨਮਸ਼ਕਾਰ ਕਰਕੇ ਮਹਾਰਾਜ ਜੀ ਤੋਂ ਵਿਦਾ ਲਈ। ਮਹਾਰਾਜ ਜੀ ਸੇਵਾਦਾਰ ਨੂੰ ਕਹਿਣ ਲੱਗੇ ਕਿ ਭਾਈ ਇਹ ਵਸਤ੍ਰ ਅੰਦਰ ਰੱਖ ਦਿਓ ਤੇ ਇਹ ਚਾਦਰ ਸਾਡੇ ਪਲੰਘ ਤੇ ਵਿਛਾ ਦੇਣੀ। ਇਧਰ ਬਾਬਾ ਜੀ ਤੇ ਬੀਜੀ ਦੇ ਮਨ ਵਿਚ ਸੀ ਕਿ ਕਿੰਨਾ ਚੰਗਾ ਹੋਵੇ ਕਿ ਜੇ ਮਹਾਰਾਜ ਜੀ ਇਹ ਚਾਦਰ ਆਪਣੇ ਪਲੰਘ ਤੇ ਵਿਛਾਉਣ। ਇਹ ਭਾਵਨਾ ਮਹਾਰਾਜ ਜੀ ਕੋਲ ਪਹਿਲਾਂ ਹੀ ਪਹੁੰਚ ਚੁਕੀ ਸੀ ਤੇ ਮਹਾਰਾਜ ਜੀ ਨੇ ਉਨ੍ਹਾਂ ਦੀ ਭਾਵਨਾ ਨੂੰ ਪੂਰਾ ਕੀਤਾ। ਬਾਬਾ ਜੀ ਤੇ ਬੀਜੀ ਰਾਤ ਨੂੰ ਧਮੋਟ ਪਹੁੰਚ ਗਏ ਅਤੇ ਸਾਰਾ ਪਰਿਵਾਰ ਬਾਬਾ ਜੀ ਨੂੰ ਮਿਲਿਆ ਕਿਉਂਕਿ ਘਰੋਂ ਗਿਆਂ ਹੋਇਆਂ ਤਿੰਨ ਸਾਲ ਹੋ ਗਏ ਸਨ। ਦੂਜੇ ਸਵੇਰੇ ਹੀ ਬਾਬਾ ਜੀ ਰਾੜਾ ਸਾਹਿਬ ਪਹੁੰਚ ਗਏ ਅਤੇ ਸਿਧਾ ਮਹਾਰਾਜ ਜੀ ਨੂੰ ਮਿਲਣ ਵਾਸਤੇ ਸੇਵਾਦਾਰ ਨੂੰ ਅਰਜ਼ ਕੀਤੀ। ਭਾਵੇਂ ਮਹਾਰਾਜ ਜੀ ਨੇ ਹੋਰ ਸੰਗਤਾਂ ਨੂੰ ਮਿਲਣ ਦਾ ਟਾਈਮ ਰੱਖਿਆ ਹੋਇਆ ਸੀ ਪਰ ਸੇਵਾਦਾਰਾਂ ਨੂੰ ਇਹ ਹਦਾਇਤ ਕੀਤੀ ਹੋਈ ਸੀ ਕਿ ਜਦੋਂ ਇਹ (ਵਰਿਆਮ ਸਿੰਘ) ਆਉਣ ਤਾਂ ਮੈਨੂੰ ਉਸੇ ਵੇਲੇ ਮਿਲਣ ਤੇ ਇਨ੍ਹਾਂ ਨੂੰ ਇੰਤਜ਼ਾਰ ਨਹੀਂ ਕਰਵਾਉਣਾ। ਸੋ ਆਪ ਸਿਧੇ ਅੰਦਰ ਚਲੇ ਗਏ ਤੇ ਨਮਸ਼ਕਾਰ ਕੀਤੀ ਤੇ ਕੀ ਦੇਖ ਰਹੇ ਹਨ ਕਿ ਮਹਾਰਾਜ ਜੀ ਪਲੰਘ ਤੇ ਬਿਰਾਜਮਾਨ ਹਨ ਤੇ ਪਲੰਘ ਉਤੇ ਓਹੀ ਚਾਦਰ ਵਿਛੀ ਹੋਈ ਹੈ, ਜੋ ਲਹੌਰ ਤੋਂ ਲਿਆਏ ਸਨ। ਆਪ ਦੀ ਭਾਵਨਾ ਸਮਝ ਕੇ ਮਹਾਰਾਜ ਜੀ ਮੁਸਕਰਾ ਰਹੇ ਹਨ ਅਤੇ ਬਾਬਾ ਜੀ ਦਰਸ਼ਨ ਕਰਕੇ ਗੱਦ ਗੱਦ ਹੋ ਰਹੇ ਹਨ ਤੇ ਮਨ ਹੀ ਮਨ ਇਹ ਕਹਿ ਰਹੇ ਹਨ –

***ਅੰਤਰਜਾਮੀ ਸੋ ਪ੍ਰਭੁ ਪੂਰਾ॥***
***ਦਾਨੁ ਦੇਇ ਸਾਧੂ ਕੀ ਧੂਰਾ॥*** ***ਪੰਨਾ – 563***

ਪ੍ਰਮਾਤਮਾ ਦੀ ਅੰਤਰਜਾਮਤਾ ਦਾ ਗੁਣ ਆਪ ਜੀ ਨੂੰ ਵੀ ਬਖਸ਼ਿਸ਼ ਵਿਚ ਪ੍ਰਾਪਤ ਸੀ।

(ਪੰਨਾ 40 ਦੀ ਬਾਕੀ)

ਹੋਇਆ ਹੈ। ਮਹਾਰਾਜ ਜੀ ਕਹਿਣ ਲੱਗੇ ਇਕ ਕਦਮ ਹੋਰ ਚੁੱਕਣਾ ਰਹਿੰਦਾ ਹੈ। ਉਹ ਇਹ ਹੈ ਕਿ ਛੋਟਾ ਘੇਰਾ ਤੋੜ ਕੇ ਬ੍ਰਹਿਮੰਡ ਵਿਚ ਲੀਨ ਹੋ ਜਾ। 'ਬੰਨ੍ਹਿਆ ਬੰਦਾ – ਖੁਲ੍ਹਾ ਖੁਦਾ'। ਜੋ ਇਸ ਤਰ੍ਹਾਂ ਨਾਲ ਜੀਵਨ ਦੇ ਉਤਾਰ ਚੜ੍ਹਾਵਾਂ ਵਿਚ ਦੀ ਲੰਘਦੇ ਹੋਏ ਆਪ ਜੀ ਨੇ ਅਖੀਰ ਸਾਰਾ ਕੁਝ ਹੀ ਸੰਤ ਮਹਾਰਾਜ ਨੂੰ ਸਮਰਪਨ ਕਰ ਦਿਤਾ। ਗੁਰਮਤਿ ਅਨੁਸਾਰ ਬੇ ਹੱਦ ਮਾਨਸਿਕ ਤਪ ਕਰਕੇ ਗੁਰੂ ਘਰ ਵਿਚਲੀ ਟੀਸੀ ਦੀ ਮੰਜ਼ਲ ਨੂੰ ਛੋਹ ਲਿਆ। ਸੰਤ ਮਹਾਰਾਜ ਜੀ ਦੇ ਬਚਨ ਅਨੁਸਾਰ ਹੀ ਵੀਡੀਓ ਕੈਸਟਾਂ ਰਾਹੀਂ ਦੇਸਾਂ-ਪ੍ਰਦੇਸਾਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਜੀ ਨੇ ਹਮੇਸ਼ਾ ਹੀ ਆਪਣਾ ਧੇਅ ਸੰਤ ਮਹਾਰਾਜ ਨੂੰ ਮੰਨਿਆ ਅਤੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹੇ।

***ਸੰਤਨ ਬਿਨੁ ਅਵਰੁ ਨ ਦਾਤਾ ਬੀਆ॥ ਪੰਨਾ – 610***

ਦੇ ਮਹਾਂਵਾਕ ਅਨੁਸਾਰ ਸੰਗਤਾਂ ਨੂੰ ਨਾਮ ਦਾਨ ਇਸ਼ਨਾਨ ਦੇ ਖੁੱਲ੍ਹੇ ਗੱਫੇ ਵਰਤਾਏ ਜਿਸਦੀ ਪ੍ਰਤੱਖ ਮਿਸਾਲ ਮਹਾਂਪੁਰਖਾਂ ਦੇ ਰਤਵਾੜਾ ਸਾਹਿਬ ਸਾਲਾਨਾ ਗੁਰਮਤਿ ਸਮਾਗਮਾਂ ਤੋਂ ਮਿਲਦੀ ਹੈ। ਜਦੋਂ ਅਸੀਂ ਮਹਾਂਪੁਰਖਾਂ ਵਲੋਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੁੜ ਬੈਠਿਆਂ ਦੇਖਦੇ ਹਾਂ ਤਾਂ ਅੰਦਰੋਂ ਮੱਲੋ ਮੱਲੀ ਇਹ ਸ਼ਬਦ ਨਿਕਲਦੇ ਹਨ ਕਿ ਧੰਨ ਧੰਨ ਹਨ ਸੰਤ ਬਾਬਾ ਵਰਿਆਮ ਸਿੰਘ ਜੀ ਜਿਨ੍ਹਾਂ ਦੀ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਮਹਾਰਾਜ ਲਈ ਐਨਾ ਪਿਆਰ ਹੈ ਕਿ ਉਹ ਲਗਾਤਾਰ ਘੰਟਿਆਂ ਬੱਧੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠ ਕੇ ਇਕ ਰਸ ਗੁਰਬਾਣੀ ਦਾ ਅਨੰਦ ਮਾਣਦੇ ਹਨ। ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੋਇਆ ਕਰਦੀ। ਜਿਸ ਜਿਸ ਨੇ ਵੀ ਰਤਵਾੜਾ ਸਾਹਿਬ ਦੇ ਸਾਲਾਨਾ ਗੁਰਮਤਿ ਸਮਾਗਮ ਦੇ ਦਰਸ਼ਨ ਕੀਤੇ ਹਨ ਉਹ ਇਹ ਕਹਿਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਅਜਿਹੀ ਸੁਚੱਜੀ ਵਿਉਂਤ ਵਾਲਾ, ਪੂਰੇ ਸੰਜਮ ਵਾਲਾ ਅਤੇ ਅਥਾਹ ਇਕੱਠ ਵਾਲਾ ਸਮਾਗਮ ਸ਼ਾਇਦ ਹੀ ਵਿਸ਼ਵ ਭਰ ਵਿਚ ਕਿਤੇ ਹੁੰਦਾ ਹੋਵੇ। ਮੇਰਾ ਮਹਾਂਪੁਰਖਾਂ ਨਾਲ ਕਿਵੇਂ ਮਿਲਾਪ ਹੋਇਆ ਅਤੇ ਉਨ੍ਹਾਂ ਨੇ ਦਾਸ ਨੂੰ ਕਿੰਨਾ ਪਿਆਰ ਦਿਤਾ, ਇਹ ਅਗਲੇ ਲੇਖ ਵਿਚ ਅਰਜ਼ ਕਰਨ ਦਾ ਯਤਨ ਕਰਾਂਗਾ।

***'ਚਲਦਾ'***

**For more information**
**please visit us on internet at -**
http://www.atammarg.org
&
http://www.atammarg.com

# ਮੈਨੂੰ ਮਹਾਂਪੁਰਸ਼ਾਂ ਦੀ ਸੰਗਤ ਕਿਵੇਂ ਪ੍ਰਾਪਤ ਹੋਈ?

ਬਾਬਾ ਜੀ ਦੇ ਸੱਚਖੰਡ ਵਾਸੀ ਹੋਣ ਤੋਂ ਬਾਅਦ ਆਪਣੇ ਜ਼ਖਮਾਂ ਨੂੰ ਸੰਭਾਲਦੀ, ਉਨ੍ਹਾਂ ਦੀ ਮਿੱਠੀ ਯਾਦ ਨੂੰ ਕਲੇਜੇ ਨਾਲ ਲਾਈ ਜ਼ਿੰਦਗੀ ਦੇ ਰਸਤੇ ਤੇ ਤੁਰੀ ਜਾ ਰਹੀ ਹਾਂ। ਹੰਝੂ ਕੇਰਦੀ ਇਹ ਕਿਰਣ ਆਪਣੇ ਸੂਰਜ ਨੂੰ ਮਿਲਣ ਦੀ ਆਸ ਲਾਈ ਤੁਰੀ ਜਾ ਰਹੀ ਹੈ। ਦਿਲ ਨੂੰ ਜਰਾ ਕੁ ਠਰੰਮਾ ਮਿਲਦਾ ਹੈ ਤਾਂ ਲਗਦਾ ਹੈ ਕਿ ਮੈਂ ਬਾਬਾ ਜੀ ਤੋਂ ਦੂਰ ਹੋ ਰਹੀ ਹਾਂ ਪਰ ਭਾਈ ਸਾਹਿਬ ਦੇ ਦੀਵਾਨ ਅਤੇ ਆਤਮ ਮਾਰਗ ਉਨ੍ਹਾਂ ਦੇ ਹੋਰ ਕਰੀਬ ਜਾਣ ਦਾ ਇਕ ਸਭ ਤੋਂ ਉਤਮ ਰਸਤਾ ਹੈ। ਬਾਬਾ ਜੀ ਬਾਰੇ ਕੋਈ ਵੀ ਗੱਲ ਜਾਂ ਉਨ੍ਹਾਂ ਦੇ ਲਿਖੇ ਲੇਖ ਪੜ੍ਹਦੀ ਹਾਂ ਤਾਂ ਜ਼ਖਮਾਂ ਦਾ ਪਾਣੀ ਰਿਸਣ ਲਗ ਜਾਂਦਾ ਹੈ। ਮੈਂ ਕਦੀ ਨਹੀਂ ਚਾਹੁੰਦੀ ਕਿ ਇਹ ਜ਼ਖਮ ਭਰ ਜਾਣ, ਮੈਨੂੰ ਆਰਾਮ ਆ ਜਾਵੇ। ਦਿਲ ਦਾ ਰੋਗ ਹੀ ਮੇਰੇ ਦਿਲ ਦਾ ਇਲਾਜ ਬਣ ਗਿਆ ਹੈ। ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਜਦੋਂ ਵੀ ਬਾਬਾ ਜੀ ਦੀ ਕੋਈ ਗੱਲ ਦੀਵਾਨ ਵਿਚ ਸੁਣਾਉਂਦੇ ਹਨ, ਉਨ੍ਹਾਂ ਦੇ ਦਿਲ ਦੀ ਟੀਸ ਨੂੰ ਮਹਿਸੂਸ ਕਰਦਿਆਂ ਅੱਖਾਂ ਭਰ ਆਉਂਦੀਆਂ ਹਨ। ਮੈਂ ਹੈਰਾਨ ਹੁੰਦੀ ਹਾਂ ਕਿ ਕਿਸ ਹੌਂਸਲੇ ਨਾਲ ਉਹ ਆਪਣੇ ਪਿਆਰੇ ਦੀ ਯਾਦ ਵਿਚ ਗੁੰਮ ਹੋ ਕੇ ਆਪਣੇ ਨਿਰਜੀਵ ਪਏ ਸਰੀਰ ਤੋਂ ਬਾਬਾ ਜੀ ਦੇ ਬਚਨਾਂ ਦੀ ਪਾਲਨਾ ਕਰਵਾਉਂਦੇ ਹਨ। ਉਨ੍ਹਾਂ ਵਲ ਦੇਖ ਕੇ ਸਾਨੂੰ ਭੁੱਲੇ ਭਟਕਿਆਂ ਨੂੰ ਵੀ ਹੌਂਸਲਾ ਮਿਲਦਾ ਹੈ। ਉਨ੍ਹਾਂ ਦੇ ਦਿਲ ਦੀ ਪੀੜਾ ਉਨ੍ਹਾਂ ਦੇ ਇਨ੍ਹਾਂ ਲਫਜ਼ਾਂ ਤੋਂ ਪ੍ਰਗਟ ਹੁੰਦੀ ਹੈ – 'ਪਿਆਰੇ ਤੋਂ ਬਿਨਾਂ ਇਹ ਸੰਸਾਰ ਸਾਰਾ ਉਜਾੜ ਲਗਦਾ ਹੈ। ਕਦੀ ਚੁੱਪ ਹੀ ਚੁੱਪ, ਕਦੀ ਨੇਤਰਾਂ 'ਚੋਂ ਹੰਝੂ ਆਪ ਮੁਹਾਰੇ ਵਗਦੇ ਹਨ। ਆਪਣੇ ਪਿਆਰੇ ਨਾਲ ਗੁਜ਼ਰੇ ਸਮੇਂ ਦੇ ਦ੍ਰਿਸ਼, ਤੁਫਾਨ ਬਣ ਬਣ ਦਿਲ ਸਮੁੰਦਰ ਨੂੰ ਉਛਾਲਦੇ ਹਨ। ਹੁਣ ਤਾਂ ਐਸੀ ਅਵਸਥਾ ਬਣ ਜਾਂਦੀ ਹੈ ਜਿਵੇਂ ਗੁਰਬਾਣੀ ਦਾ ਫੁਰਮਾਨ ਹੈ –

***ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥***
***ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥***

***ਪੰਨਾ – 558***

ਭਾਈ ਸਾਹਿਬ ਦੇ ਇਹ ਦਿਲ ਦੇ ਛਾਲੇ ਜੋ ਆਪਣੇ ਪਿਆਰੇ ਦੀ ਯਾਦ ਵਿਚ ਰਿਸ ਰਿਸ ਕੇ ਆਹਾਂ ਭਰਦੇ ਹਨ, ਇਨ੍ਹਾਂ ਦੇ ਦਰਦ ਦੀ ਟੀਸ ਹਰ ਉਸ ਹਿਰਦੇ ਨੂੰ ਵਿੰਨ੍ਹ ਗਈ ਹੋਣੀ ਹੈ ਜਿਸ ਨੇ ਇਕ ਵਾਰੀ ਵੀ ਬਾਬਾ ਜੀ ਨੂੰ ਤੱਕਿਆ ਹੋਣਾ ਹੈ। ਉਹ ਤਾਂ ਐਸੀ ਪਿਆਰੀ ਰੂਹ ਹੈ ਜਿਸ ਨੂੰ ਵੇਖਦਿਆਂ ਹੀ ਪਿਆਰ ਹੋ ਜਾਵੇ ਤੇ ਆਪਣੇ ਆਪ ਨੂੰ ਉਨ੍ਹਾਂ ਦੇ ਚਰਨਾਂ ਤੇ ਚੜ੍ਹਾ ਦੇਵੇ। ਐਨਾ ਪਿਆਰ ਹੋ ਜਾਵੇ ਕਿ –

***ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥***

***ਪੰਨਾ – 827***

ਮੈਂ ਹਰ ਉਸ ਰੂਹ ਅੱਗੇ ਮਸਤਕ ਨਿਵਾਉਂਦੀ ਹਾਂ ਜੋ ਮੇਰੇ ਪਿਆਰੇ ਨੂੰ ਪਿਆਰ ਕਦੇ ਉਹਦੀਆਂ ਗੱਲਾਂ ਕਰੇ।

ਮੈਨੂੰ ਬਾਬਾ ਜੀ ਦੀ ਸੰਗਤ ਕਿਵੇਂ ਪ੍ਰਾਪਤ ਹੋਈ? ਇਹ ਤਾਂ ਐਸਾ ਕਰਿਸ਼ਮਾ ਸੀ ਜੋ ਦੱਸਿਆ ਨਹੀਂ ਜਾ ਸਕਦਾ, ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਵਿਆਹ ਤੋਂ ਪਹਿਲਾਂ ਗੁਰੂ ਘਰ ਨਾਲ ਪੂਰੀ ਤਰ੍ਹਾਂ ਜੁੜੀ ਹੋਈ, ਕਦੋਂ ਭਟਕ ਗਈ, ਇਹ ਇਕ ਲੰਬੀ ਦਾਸਤਾਂ ਹੈ। ਬਾਬਾ ਜੀ ਬਾਰੇ ਸੁਣਿਆ ਸੀ ਪਰ ਸੰਗਤ ਕਦੇ ਨਹੀਂ ਸੀ ਹੋਈ।

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

***ਪੰਨਾ – 135***

ਦੇ ਅਨੁਸਾਰ ਗੁਰੂ ਘਰ ਤੋਂ ਦੂਰ ਹੋ ਕੇ ਕਈ ਤਰ੍ਹਾਂ ਦੇ ਦੁਖਾਂ ਨੇ ਆ ਘੇਰਿਆ। ਪਰੇਸ਼ਾਨੀਆਂ 'ਚ ਗੁੰਮ ਸੀ, ਕੋਈ ਰਸਤਾ ਨਜ਼ਰ ਨਹੀਂ ਸੀ ਆਉਂਦਾ – ਜ਼ਿੰਦਗੀ ਸੰਵਾਰਨ ਦਾ। ਇਕ ਵਾਰੀ ਮੇਰੀ ਬੇਟੀ ਆਪਣੇ ਘਰੋਂ 'ਆਤਮ ਮਾਰਗ' ਲੈ ਆਈ। ਐਵੇਂ ਬੈਠਿਆਂ ਬੈਠਿਆਂ ਖੋਲ੍ਹ ਕੇ ਪੜ੍ਹਨ ਲੱਗ ਪਈ। ਇਕ ਲੇਖ ਪੜ੍ਹਿਆ, ਦੂਜਾ, ਫੇਰ ਤੀਜਾ ਤੇ ਪੜ੍ਹਦੀ ਹੀ ਚਲੀ ਗਈ। ਦਿਲ ਦਿਮਾਗ ਦੇ ਬੰਦ ਦਰਵਾਜ਼ੇ ਇਕ ਇਕ ਕਰਕੇ ਖੁਲ੍ਹਣੇ ਸ਼ੁਰੂ ਹੋ ਗਏ। ਜਿਸਨੂੰ ਭੁੱਲੀ ਬੈਠੀ ਸੀ ਉਹ ਯਾਦ ਆਉਣ ਲਗ ਪਿਆ। ਜਦ ਤਕ ਸਾਰੀ ਮੈਗਜ਼ੀਨ ਪੜ੍ਹੀ, ਅੰਦਰ ਖਿੱਚਾਂ ਪੈਣ ਲਗ ਪਈਆਂ। ਕਿਥੇ ਹਾਂ ਪਤਾ ਨਹੀਂ ਸੀ। ਬੱਸ ਗੁਰੂ ਨਾਨਕ, ਗੁਰੂ ਨਾਨਕ ਹੀ ਯਾਦ ਰਹਿ ਗਿਆ। ਉਸਨੂੰ ਕਿਵੇਂ ਮਿਲਾਂ, ਉਸ ਨੂੰ ਕਿਵੇਂ ਪਿਆਰ ਕਰਾਂ? ਕੁਝ ਪਤਾ ਨਹੀਂ ਸੀ। ਮੇਰੀ ਇਸ ਹਾਲਤ ਨੂੰ ਦੇਖਦਿਆਂ ਮੇਰੇ ਬੀਜੀ ਨੇ (ਜਿਨ੍ਹਾਂ ਨੂੰ ਬਾਬਾ ਜੀ ਦੀ ਭੈਣ ਹੋਣ ਦਾ ਮਾਣ ਪ੍ਰਾਪਤ ਹੈ) ਬਾਬਾ ਜੀ ਦੀਆਂ ਲਿਖੀਆਂ ਸਾਰੀਆਂ ਪੁਸਤਕਾਂ ਮੈਨੂੰ ਲਿਆ ਦਿਤੀਆਂ। ਬੱਸ ਫਿਰ ਕੀ ਸੀ, ਪੜ੍ਹਨਾ ਸ਼ੁਰੂ ਕਰ ਦਿਤਾ। ਪੜ੍ਹੋਂਦੀ ਗਈ ਤੇ ਉਨ੍ਹਾਂ ਦੇ ਹੋਰ ਕਰੀਬ ਹੁੰਦੀ ਗਈ। ਬਾਬਾ ਜੀ ਦੀ ਸੰਗਤ ਵੀ ਕਰਨ ਲਗ ਪਈ। ਮੈਂ ਪੜ੍ਹੀ ਲਿਖੀ ਵੀ ਮੂਰਖ ਲੱਗਣ ਲੱਗ ਪਈ। ਮੇਰੇ ਮੂਰਖ ਮਨ ਦਾ ਇਲਾਜ ਬਾਬਾ ਜੀ ਦੇ ਹਰ ਦੀਵਾਨ 'ਚ ਹੋਣ ਲਗ ਪਿਆ। ਮੇਰੇ ਹਰ ਸਵਾਲ ਦਾ ਜਵਾਬ ਮਿਲਣ ਲੱਗ ਪਿਆ – ਦੀਵਾਨਾਂ 'ਚੋਂ ਜਾਂ ਕਿਤਾਬਾਂ 'ਚੋਂ। ਪਰ ਅਜੇ ਵੀ ਪਰੇਸ਼ਾਨੀ ਸੀ ਕਿ ਗੁਰੂ ਨਾਨਕ ਦੇ ਕਿਸ ਸਰੂਪ ਨੂੰ ਪਿਆਰ ਕਰਾਂ? ਇਹੋ ਸਵਾਲ ਲੈ ਕੇ ਅੱਜ ਜਦੋਂ ਦੀਵਾਨ ਵਿਚ ਗਈ ਤਾਂ ਪਿਆਰੇ ਬਾਬਾ ਜੀ ਨੇ ਮੇਰੀ ਬਿਰਥਾ ਸੁਣ ਲਈ ਤੇ ਪੂਰਾ ਦੀਵਾਨ ਹੀ ਮੇਰੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਮੇਰੀ ਪਰੇਸ਼ਾਨੀ ਨੂੰ ਦੂਰ ਕਰਨ ਲਾਇਆ ਜਿਸ ਵਿਚ ਉਨ੍ਹਾਂ ਨੇ ਸਾਫ ਤੌਰ ਤੇ ਕਿਹਾ ਕਿ ਆਪਣੇ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਤੇ ਪ੍ਰਮੇਸ਼੍ਵਰ ਵਿਚ ਕੋਈ ਫਰਕ ਨਹੀਂ ਹੈ –

***ਹਰਿ ਹਰਿ ਜਨ ਦੁਈ ਏਕ ਹੈ,***
***ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ,***
***ਜਲ ਹੀ ਬਿਖੈ ਸਮਾਹਿ॥***

***ਬਚਿਤ੍ਰ ਨਾਟਕ***

ਬਾਬਾ ਜੀ ਦੇ ਬਚਨ ਫੁਹਾਰਾਂ ਬਣ ਬਣ ਕੇ ਹਿਰਦੇ ਨੂੰ ਸ਼ਾਂਤ ਕਰਦੇ ਰਹੇ। ਪਿਆਰੇ ਬਾਬਾ ਜੀ ਨੇ ਮੇਰਾ ਜੀਵਨ ਹੀ ਬਦਲ ਦਿਤਾ। ਮੈਨੂੰ ਸੰਗਤ ਦਾ ਹਰ ਪ੍ਰੇਮੀ ਆਪਣੇ ਨਾਲੋਂ ਕਿਤੇ ਅੱਗੇ ਵਧਿਆ ਹੋਇਆ ਦਿਸਣ ਲਗ ਪਿਆ। ਬਾਬਾ ਜੀ ਨੂੰ ਮਨ ਵਿਚ ਵਸਾਇਆ ਤੇ ਇਕ ਖਾਮੋਸ਼ ਪਿਆਰ ਨੇ ਜਨਮ ਲਿਆ। ਐਸਾ ਪਿਆਰ ਜੋ ਕਦੇ ਕਿਸੇ ਨਾਲ ਨਹੀਂ ਸੀ ਹੋਇਆ। ਇਕ ਅਨੋਖਾ ਅਨੰਦ ਸੀ ਉਸ ਖਾਮੋਸ਼ੀ ਵਿਚ ਵੀ। ਅਜੇ ਤਕ ਬਾਬਾ ਜੀ ਨਾਲ ਕੋਈ ਬਚਨ ਨਹੀਂ ਸਨ ਹੋਏ, ਬੱਸ ਉਨ੍ਹਾਂ ਦੀ ਇਕ ਨਜ਼ਰ ਨੂੰ ਹੀ ਪਾ, ਕਵਿਤਾ ਦੇ ਬੋਲ ਨਿਕਲਣ ਲਗ ਜਾਂਦੇ। ਵਰਕੇ ਲਿਖਦੀ ਰਹੀ ਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰੇ ਗਏ ਹਰ ਇਕ ਬਚਨ ਨੂੰ ਕਲਮਬੱਧ ਕਰਦੀ ਰਹੀ। ਪਿਛਲੇ ਸਮਾਗਮ ਵਿਚ 29 ਅਕਤੂਬਰ 2001 ਦੇ ਦੀਵਾਨ ਵਿਚ ਜਦੋਂ ਬਾਬਾ ਜੀ ਨੇ ਇਹ ਗੱਲ ਕਹੀ ਕਿ 'ਮੈਂ ਆਰ ਵੀ ਹਾਂ, ਪਾਰ ਵੀ ਹਾਂ।' ਆਰ ਤੁਹਾਡੇ ਨਾਲ ਹਾਂ। 17 ਸਾਲ ਦੀ ਉਮਰ ਵਿਚ ਆਪਣਾ ਆਪਾ ਇਕ ਵਪਾਰੀ ਨੂੰ ਵੇਚ ਬੈਠਿਆ। 25 ਸਾਲ ਉਸ ਦੀ ਯਾਦ ਵਿਚ ਲੰਘ ਚੁੱਕੇ ਹਨ। ਧਿਆਨ ਆਉਂਦਾ ਹੈ। ਉਹ ਤਾਂ ਪਿਆਰ ਦਾ ਸੋਮਾ ਹੈ ਉਸ ਵਿਚ ਉਦਾਸੀ ਵੀ ਹੁੰਦੀ ਹੈ।

***ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***

***ਸ਼ਬਦ ਹਜ਼ਾਰੇ***

ਸੌਦਾ ਹੋ ਚੁੱਕਿਆ, ਪਰਲੇ ਕੰਡੇ ਤੇ ਖੜ੍ਹਾ ਹੈ, ਜਿਸ ਦਿਨ ਇਸ਼ਾਰਾ ਕੀਤਾ, ਮੈਂ ਮਜਬੂਰ ਹੋ ਜਾਵਾਂਗਾ ਜਾਣ ਲਈ। ਪਾਰ ਵਿਚ ਮੇਰਾ ਪਿਆਰਾ ਬੈਠਾ ਹੈ, ਆਰ ਵਿਚ ਤੁਸੀਂ ਹੋਂ ........।

ਤਾਂ ਦਿਲ ਨੂੰ ਬੜੀ ਤਕਲੀਫ ਹੋਈ, ਆਪ ਮੁਹਾਰੇ ਇਹ ਲਾਈਨਾਂ ਲਿਖੀਆਂ ਗਈਆਂ –

***ਏ ਮੇਰੇ ਪਿਆਰੇ ਕਲਜੁਗ ਨੂੰ ਤਾਰਨ ਵਾਲੇ***
***ਚੋਲਾ ਬਦਲ ਬਦਲ ਕੇ ਰਤਵਾੜੇ ਪਧਾਰਨ ਵਾਲੇ***
***ਸੁੰਨਸਾਨ ਜਿਹੀ ਜਗ੍ਹਾ ਤੇ ਸੱਚਖੰਡ ਵਸਾਵਣ ਵਾਲੇ***
***ਬਾਬਾ ਜੀ ਦੇ ਸਰੂਪ ਵਿਚ ਦੁਨੀਆਂ ਨੂੰ ਤਾਰਨ ਵਾਲੇ***
***ਛੱਡ ਜਾਣ ਦੀਆਂ ਗੱਲਾਂ ਨਾ ਕਰ ਮੇਰੇ ਪਿਆਰੇ***
***ਹਰ ਅੱਖ ਭਿੱਜ ਗਈ ਹੈ ਨਾ ਕਰ ਸਾਨੂੰ ਕਿਨਾਰੇ***
***ਉਹ ਆਰ ਹੈ ਅਸੀਂ ਪਾਰ ਹਾਂ***
***ਤੇ ਤੂੰ ਪਿਤਾ ਵਿਚਕਾਰ ਹੈਂ***
***ਤੈਨੂੰ ਉਹਦੇ ਮਿਲਣ ਦੀ ਹੈ ਜੁਸਤਜੂ***
***ਸਾਨੂੰ ਤੈਨੂੰ ਮਿਲਣ ਦੀ ਹੈ ਆਰਜੂ***
***ਤੂੰ 25 ਸਾਲਾਂ ਦੇ ਵਿਛੋੜੇ ਸਹੇ***
***ਅਸੀਂ ਜਨਮਾਂ ਜਨਮਾਂ ਦੇ ਵਿਛੋੜੇ ਸਹੇ***
***ਤੂੰ ਮਾਰ ਉਡਾਰੀ ਜਾਣਾ ਚਾਹੇਂ***
***ਅਸੀਂ ਕੱਜ ਕੱਜ ਤੈਨੂੰ ਰੱਖਣਾ ਚਾਹੇਂ***
***ਤੈਨੂੰ ਉਸ ਨਾਲ ਜੇ ਪਿਆਰ ਹੈ***
***ਤਾਂ ਸਾਡੇ ਨਾਲ ਵੀ ਇਕਰਾਰ ਹੈ***
***ਤੂੰ ਹਰ ਪਲ ਉਸ ਦੀ ਯਾਦ ਕਰੇਂ***
***ਅਸੀਂ ਹਰ ਪਲ ਤੈਨੂੰ ਪਿਆਰ ਕਰੇਂ***
***ਤੂੰ ਉਹ ਹੀ ਹੈਂ ਉਹ ਤੂੰ ਹੀ ਹੈਂ***
***ਤੈਨੂੰ ਤੇਰੀ ਸੰਗਤ ਮਿੰਨਤਾਂ ਕਰੇ***
***ਛੱਡ ਜਾਵੀਂ ਨਾ ਬਖਸ਼ੰਦ***
***ਮੇਰੇ ਪਿਆਰੇ, ਸਭਨਾਂ ਦੇ ਹਰਮਨ ਪਿਆਰੇ।***

ਪਰ ਭਾਣੇ ਅੱਗੇ ਕਿਹਦਾ ਜ਼ੋਰ ਚਲਦਾ ਹੈ। ਜਾ ਮਿਲੇ ਆਪਣੇ ਪਿਆਰੇ ਨੂੰ। ਅੱਛਾ ਬਾਬਾ ਜੀ 'ਜੋ ਤੁਧ ਭਾਵੈ ਸਾਈ ਭਲੀਕਾਰ'

ਬਾਬਾ ਜੀ ਨੇ ਕਈ ਵਾਰੀ ਕ੍ਰਿਪਾ ਕੀਤੀ ਬਚਨਾਂ ਦੀ। ਮਿਹਰਾਂ ਦੇ ਘਰ ਆ ਕੇ ਬੇਨਤੀ ਪ੍ਰਵਾਨ ਕਰਦਿਆਂ ਉਨ੍ਹਾਂ ਨੇ ਅਨਮੋਲ ਜਾਪ ਦੀ ਦਾਤ ਬਖਸ਼ੀ। ਉਹ ਇਕ ਸੁਭਾਗ ਘੜੀ ਸੀ ਜੋ ਕਦੀ ਨਹੀਂ ਭੁੱਲ ਸਕਦੀ। ਬਾਬਾ ਜੀ ਖੁਦ ਇਕ ਪਿਆਰ ਦਾ ਸੋਮਾ ਹਨ। ਇਹ ਤਾਂ ਉਹ ਹਨ ਜਿਸ ਦੇ ਚਰਨਾਂ ਵਿਚ ਰਿੱਧੀਆਂ ਸਿੱਧੀਆਂ, ਸਾਰੇ ਦੇਵੀ ਦੇਵਤਿਆਂ ਦਾ ਵਾਸਾ ਹੈ, ਹਰ ਕੋਈ ਹਿਤਮਸਤਕ ਹੈ ਉਨ੍ਹਾਂ ਦੇ ਚਰਨਾਂ ਤੇ। ਸਿਜਦਾ ਕਰਦੇ ਹਨ ਉਨ੍ਹਾਂ ਨੂੰ। ਜੋ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਹਨ। ਐਸੇ ਪਿਆਰੇ ਅਤੇ ਮਹਾਨ ਬਾਬਾ ਜੀ ਦਾ ਮਿਲਣਾ ਸਾਡੇ ਸਾਰਿਆਂ ਲਈ ਇਕ ਅਦਭੁੱਤ ਅਲੌਕਿਕ ਅਨੰਦ ਨਹੀਂ ਤਾਂ ਹੋਰ ਕੀ ਹੈ। ਜੀ ਕਰਦਾ ਹੈ ਲਿਖਦੀ ਹੀ ਜਾਵਾਂ। ਉਨ੍ਹਾਂ ਦੀਆਂ ਗੱਲਾਂ ਕਹਿਣੀਆਂ, ਸੁਣਨੀਆਂ, ਪੜ੍ਹਨੀਆਂ ਤੇ ਲਿਖਣੀਆਂ ਹੀ ਉਨ੍ਹਾਂ ਅੱਗੇ ਸਮਰਪਨ ਹੈ। ਐ ਅਰਸ਼ਾਂ ਦੇ ਪਾਤਸ਼ਾਹ! ਤੈਨੂੰ ਮੇਰਾ ਸ਼ਤ ਸ਼ਤ ਨਮਸਕਾਰ।

***ਰਵਿੰਦਰ ਕੌਰ***

# ਅੱਖੀਂ ਡਿਠੇ ਬਾਬਾ ਜੀ ਦੇ ਕਰਿਸ਼ਮੇ

ਬਾਬਾ ਜੀ ਦੇ ਪ੍ਰੇਮੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਪਿਆਰੇ ਬਾਬਾ ਜੀ ਨੂੰ ਹਰ ਪ੍ਰੇਮੀ ਦੇ ਦਿਲ ਦੀ ਗਲ ਪਤਾ ਲੱਗ ਜਾਂਦੀ ਸੀ। ਮੈਂ ਬਾਬਾ ਜੀ ਨਾਲ ਪੂਰੇ 22 ਸਾਲ ਸੇਵਾ ਕਰਦਿਆਂ ਤੇ ਹੁਕਮ ਮੰਨਦਿਆਂ ਬਤੀਤ ਕੀਤੇ ਹਨ ਅਤੇ ਜੋ ਜੋ ਕੌਤਕ ਇਹਨਾਂ ਅੱਖਾਂ ਨੇ ਦੇਖੇ ਉਹ ਇਕ ਇਕ ਕਰਕੇ ਮੈਂ ਆਤਮ ਮਾਰਗ ਪੜ੍ਹਣ ਵਾਲਿਆਂ ਨਾਲ ਸਾਂਝੇ ਕਰ ਰਹੀ ਹਾਂ।

ਕੋਈ ਪੰਦਰਾਂ ਸਾਲ ਪੁਰਾਣੀ ਗੱਲ ਹੈ ਕਿ ਮੇਰੀ ਬੜੀ ਪਿਆਰੀ ਸਹੇਲੀ ਜਨਰਲ ਕੇ.ਕੇ. ਸੂਦਨ ਦੀ ਪਤਨੀ ਬੀਬੀ ਸੰਤੋਖ ਚੰਡੀਗੜ੍ਹ ਵਿਚ ਆਈ ਹੋਈ ਸੀ। ਜਦੋਂ ਮੈਨੂੰ ਮਿਲੀ ਤਾਂ ਮੈਂ ਆਪਣੇ ਸੰਤ ਮਹਾਰਾਜ ਦੀਆਂ ਹੀ ਗੱਲਾਂ ਕਰਦੀ ਰਹਿੰਦੀ ਸੀ, ਦੁਨੀਆਂ ਦੇ ਹੋਰ ਸਾਰੇ ਵਿਸ਼ੇ ਮੇਰੇ ਵਾਸਤੇ ਖਤਮ ਹੋ ਚੁਕੇ ਸਨ। ਸੰਤ ਮਹਾਰਾਜ ਨੇ ਮੈਨੂੰ ਫੋਨ ਕੀਤਾ ਕਿ ਉਹ ਸਾਡੇ ਗ੍ਰਹਿ ਵਿਖੇ ਆ ਰਹੇ ਹਨ, ਉਹਨਾਂ ਨੇ ਮੈਨੂੰ ਨਾਲ ਲੈ ਕੇ ਕਿਸੇ ਕੰਮ ਜਾਣਾ ਸੀ। ਮੈਂ ਜਲਦੀ ਹੀ ਬੀਬੀ ਸੰਤੋਖ ਨੂੰ ਫੋਨ ਕੀਤਾ ਕਿ ਸੰਤ ਮਹਾਰਾਜ ਸਾਡੇ ਗ੍ਰਹਿ ਵਿਖੇ ਆ ਰਹੇ

ਹਨ ਤੇ ਤੁਸੀਂ ਵੀ ਜਲਦੀ ਹੀ ਆ ਜਾਉ ਕਿਉਂਕਿ ਤੁਸੀਂ ਬਹੁਤ ਦਿਨਾਂ ਤੋਂ ਸੰਤ ਮਹਾਰਾਜ ਦੇ ਦਰਸ਼ਨ ਕਰਨਾ ਚਾਹੁੰਦੇ ਸੀ। ਸੋ ਬੀਬੀ ਸਾਡੇ ਘਰ ਆ ਗਈ। ਸੰਤ ਮਹਾਰਾਜ ਬਚਨ ਬਿਲਾਸ ਕਰ ਰਹੇ ਸਨ ਕਿ ਅਚਾਨਕ ਬੀਬੀ ਜ਼ੋਰ ਦੀ ਬੋਲ ਉਠੀ ਕਿ ਦਵਿੰਦਰ! ਇਹ ਤਾਂ ਮੇਰੇ ਸ਼ਿਰੜੀ ਵਾਲੇ ਵਡੇ ਸਾਈਂ ਬਾਬਾ ਜੀ ਹਨ, ਮੈਂ ਉਹਨਾਂ ਨੂੰ ਹੀ ਦੇਖ ਰਹੀ ਹਾਂ। ਤੇ ਫਟਾ ਫਟ ਸੰਤ ਮਹਾਰਾਜ ਦੇ ਚਰਨ ਫੜ ਲਏ, ਕਹਿਣ ਲੱਗੀ, ਮੈਨੂੰ ਚਰਨ ਫੜਨ ਤੋਂ ਰੋਕਣਾ ਨਾ ਕਿਉਂਕਿ ਤੁਹਾਡੇ ਵਿਚ ਤਾਂ ਮੇਰੇ ਵੱਡੇ ਸਾਈਂ ਬਾਬਾ ਜੀ ਨਜ਼ਰ ਆ ਰਹੇ ਹਨ। ਇਹੋ ਨਿਸ਼ਾਨੀ ਹੈ ਮਹਾਂਪੁਰਸ਼ਾਂ ਦੀ ਜੋ ਬ੍ਰਹਮ ਵਿਚ ਅਭੇਦ ਅਵਸਥਾ ਨਾਲ ਵਿਚਰਦੇ ਹਨ।

ਅਗਲੀ ਘਟਨਾ ਦੱਸਣ ਜਾ ਰਹੀ ਹਾਂ, 1993 ਵਿਚ ਮੇਰੇ ਪਤੀ ਕਰਨਲ ਹਰਨਾਮ ਸਿੰਘ ਕਾਫੀ ਬਿਮਾਰ ਹੋ ਗਏ। ਜਦੋਂ ਮਿਲਟਰੀ ਹਸਪਤਾਲ ਲੈ ਗਏ ਤਾਂ ਕਾਫੀ ਗੰਭੀਰ ਹਾਲਤ ਵਿਚ ਸਨ। ਉਹਨਾਂ ਨੂੰ ਆਈ.ਸੀ.ਯੂ. (I.C.U) ਵਾਰਡ ਵਿਚ ਲੈ ਗਏ ਜਿਥੇ ਕਿ ਕਾਫੀ ਗੰਭੀਰ ਹਾਲਤ ਸਮਝੀ ਜਾਂਦੀ ਹੈ। ਦੋ ਚਾਰ ਦਿਨ ਜਦੋਂ ਇਸ ਤਰ੍ਹਾਂ ਲੰਘ ਗਏ, ਮੇਰੀ ਬੇਟੀ ਦਿੱਲੀ ਤੋਂ ਆਪਣੇ ਪਿਤਾ ਨੂੰ ਦੇਖਣ ਆਈ, ਤੇ ਸ਼ਾਮ ਨੂੰ ਦਇਆਲੂ ਬੀਜੀ ਤੇ ਸੰਤ ਮਹਾਰਾਜ ਨੂੰ ਮਿਲਣ ਗਈ। ਜਦੋਂ ਆਪਣੇ ਡੈਡੀ ਦਾ ਹਾਲ ਦਸਿਆ ਤਾਂ ਬੀਜੀ ਕਾਫੀ ਫਿਕਰ ਵਿਚ ਪੈ ਗਏ ਤੇ ਸੰਤ ਮਹਾਰਾਜ ਨੂੰ ਕਹਿਣ ਲੱਗੇ ਕਿ ਜੇਕਰ ਕਰਨਲ ਸਾਹਿਬ ਨੂੰ ਕੁਝ ਹੋ ਗਿਆ ਤਾਂ ਦਵਿੰਦਰ ਵਿਚਾਰੀ ਕੀ ਕਰੇਗੀ? ਬੀਜੀ ਵਿਚ ਇਤਨੀ ਜ਼ਿਆਦਾ ਦਇਆ ਹੈ ਜੋ ਕਿ ਵਰਣਨ ਨਹੀਂ ਕੀਤੀ ਜਾ ਸਕਦੀ। ਬੀਜੀ ਸੰਤ ਮਹਾਰਾਜ ਦੇ ਪਿਛੇ ਲਗੇ ਰਹੇ। ਅਖੀਰ ਤੇ ਸੰਤ ਮਹਾਰਾਜ ਨੇ ਆਪਣਾ ਇਕ ਕੁੜਤਾ ਪਜਾਮਾ ਦਿੱਤਾ ਤੇ ਮੇਰੀ ਬੇਟੀ (ਬਿੰਦੂ) ਨੂੰ ਕਿਹਾ ਕਿ ਜਾ ਕੇ ਆਪਣੇ ਡੈਡੀ ਨੂੰ ਇਹ ਕੁੜਤਾ ਪਜਾਮਾ ਪਵਾ ਦਿਓ। ਬੇਟੀ ਉਹ ਕੁੜਤਾ ਪਜਾਮਾ ਹੌਸਪੀਟਲ ਲੈ ਆਈ ਤੇ ਕਰਨਲ ਸਾਹਿਬ ਨੂੰ ਪਾਉਣ ਵਾਸਤੇ ਕਿਹਾ। ਇਹਨਾਂ ਨੇ ਆਪਣੇ ਸਰ੍ਹਾਣੇ ਰਖ ਲਿਆ ਕਿ ਮਹਾਂਪੁਰਸ਼ਾਂ ਦੇ ਪਵਿਤਰ ਵਸਤ੍ਰ ਮੈਂ ਕਿਸ ਤਰ੍ਹਾਂ ਪਾ ਲਵਾਂ, ਬੇਅਦਬੀ ਹੋ ਜਾਏਗੀ। ਅਗਲੇ ਦਿਨ ਸਾਡੀ ਬੇਟੀ ਫੇਰ ਬੀਜੀ ਤੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਲਈ ਗਈ। ਬੀਜੀ ਨੇ ਪੁਛਿਆ ਕਿ ਤੇਰੇ ਡੈਡੀ ਨੇ ਕੁੜਤਾ ਪਜਾਮਾ ਪਾਇਆ ਹੈ ਜਾਂ ਨਹੀਂ? ਉਸਨੇ ਉਤਰ ਦਿਤਾ, ਬੀਜੀ ਸਰ੍ਹਾਣੇ ਰਖਿਆ ਹੋਇਆ ਹੈ। ਬੀਜੀ ਨੇ ਬਚਨ ਕੀਤਾ ਕਿ ਜਾ ਕੇ ਛੇਤੀ ਡੈਡੀ ਨੂੰ ਪਵਾ ਦੇ। ਉਸਨੇ ਆ ਕੇ ਬੀਜੀ ਦਾ ਹੁਕਮ ਸੁਣਾਇਆ। ਅਖੀਰ ਕਰਨਲ ਸਾਹਿਬ ਨੇ ਕੁੜਤਾ ਪਜਾਮਾ ਪਾ ਹੀ ਲਿਆ। ਪਾਣ ਦੀ ਦੇਰ ਸੀ ਕਿ ਇਹਨਾਂ ਨੂੰ ਜੋ ਨਮੂਨਿਆ ਹੋ ਗਿਆ ਸੀ ਉਸ ਵਿਚ ਮੋੜਾ ਪੈਣਾ ਸ਼ੁਰੂ ਹੋ ਗਿਆ। ਜਦੋਂ ਇਹ ਠੀਕ ਹੋ ਕੇ ਘਰ ਆ ਗਏ ਤਾਂ ਸੰਤ ਮਹਾਰਾਜ ਦਾ ਸ਼ੁਕਰਾਨਾ ਕੀਤਾ ਕਿ ਆਪ ਨੇ ਮੈਨੂੰ ਨਵਾਂ ਜੀਵਨ ਬਖਸ਼ਿਆ ਹੈ। ਤਾਂ ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਭਾਈ ਤੂੰ ਬੜੀ ਦੂਰ ਚਲਾ ਗਿਆ ਸੀ, ਤੈਨੂੰ ਬੜੀ ਦੂਰੋਂ ਵਾਪਸ ਲਿਆਉਣਾ ਪਿਆ।

ਸੋ ਆਪਣੇ ਸੰਤ ਮਹਾਰਾਜ ਦੇ ਕਿਹੜੇ ਕਿਹੜੇ ਪਰਉਪਕਾਰ ਤੇ ਕ੍ਰਿਸ਼ਮੇ ਲਿਖਾਂ ਜਿਹੜੇ ਆਪਣੇ ਨਾਲ ਵਰਤੇ ਹਨ।

ਪਿਛਲੇ ਸਾਲ 2001 ਦੀ ਹੀ ਗੱਲ ਹੈ। ਰਤਵਾੜਾ ਸਾਹਿਬ ਤੋਂ ਜਦੋਂ ਮੈਂ ਵਾਪਸ ਆ ਰਹੀ ਸੀ ਤੇ ਟ੍ਰਿਬੀਊਨ ਚੌਂਕ ਦੇ ਪਰਲੇ ਪਾਸੇ ਮੇਰੀ ਕਾਰ ਆਰਾਮ ਨਾਲ ਵੰਨ ਵੇਅ (one way) ਦੇ ਟ੍ਰੈਫਿਕ ਅਨੁਸਾਰ ਆ ਰਹੀ ਸੀ। ਅਗਸਤ ਦਾ ਮਹੀਨਾ ਸੀ। ਪਿਛੋਂ ਇਕ ਕਾਰ ਬਹੁਤ ਸਪੀਡ ਨਾਲ ਆ ਰਹੀ ਸੀ, ਉਹ ਮੇਰੀ ਕਾਰ ਦੇ ਵਿਚ ਆ ਵੱਜੀ। ਮੇਰੀ ਕਾਰ ਨੂੰ ਇਤਨੀ ਜੋਰ ਦੀ ਧੱਕਾ ਲੱਗਾ ਕਿ ਇਸਨੇ ਅਗਲੀ ਜਾਂਦੀ ਕਾਰ ਨੂੰ ਮਾਰਿਆ, ਇਕ ਮਿੰਟ ਲਈ ਤਾਂ ਮੈਨੂੰ ਪਤਾ ਹੀ ਨਹੀਂ ਲੱਗਾ ਕਿ ਕੀ ਹੋ ਗਿਆ। ਕਾਰ ਧੜ ਧੜ ਕਰਦੀ ਅਗੇ ਜਾ ਕੇ ਰੁਕ ਗਈ। ਮੈਂ ਆਪਣਾ ਦਰਵਾਜਾ ਖੋਲ੍ਹਿਆ ਤਾਂ ਬਾਹਰ ਆ ਗਈ। ਪਿਛੋਂ ਕਾਰ ਦਾ ਕਾਫੀ ਨੁਕਸਾਨ ਹੋ ਗਿਆ ਸੀ। ਪੁਲਿਸ ਵਾਲੇ ਵੀ ਆ ਗਏ, ਇਨਸ਼ੋਰੈਂਸ ਵਾਲੇ ਵੀ ਆ ਗਏ। ਜਦੋਂ ਮੈਂ ਸੜਕ ਤੇ ਖੜ੍ਹੀ ਸੀ ਤਾਂ ਕੀ ਦੇਖਿਆ ਕਿ ਸੰਤ ਮਹਾਰਾਜ ਆਪਣੀ ਕਾਰ ਵਿਚ ਤੇ ਦੋ ਤਿੰਨ ਹੋਰ ਜੀਪਾਂ ਜਿਹਨਾਂ ਵਿਚ ਸਿੰਘ ਬੈਠੇ ਸਨ, ਸਭ ਉਥੇ ਪਹੁੰਚ ਗਏ। ਮਹਾਂਪੁਰਸ਼ਾਂ ਨੇ ਸਿੰਘਾਂ ਨੂੰ ਕਿਹਾ, ਜਾ ਕੇ ਦੇਖੋ, ਉਹ ਤਾਂ ਬੀਬੀ ਦਵਿੰਦਰ ਕੌਰ ਸੜਕ ਤੇ ਖੜ੍ਹੀ ਲਗਦੀ ਹੈ। ਸਿੰਘ ਮੇਰੇ ਕੋਲ ਪਹੁੰਚੇ ਤਾਂ ਮੈਂ ਹੈਰਾਨ ਹੋ ਗਈ ਕਿ ਸੰਤ ਮਹਾਰਾਜ ਮੇਰੇ ਕੋਲ ਪਹੁੰਚ ਗਏ ਹਨ। ਐਕਸੀਡੈਂਟ ਨਾਮ ਹੀ ਐਸਾ ਹੈ ਕਿ ਬੰਦਾ ਘਬਰਾ ਜਾਂਦਾ ਹੈ। ਮੈਂ ਛੇਤੀ ਹੀ ਜਾ ਕੇ ਸੰਤ ਮਹਾਰਾਜ ਦੇ ਚਰਨਾਂ ਵਿਚ ਸੀਸ ਨਿਵਾਇਆ ਅਤੇ ਉਹਨਾਂ ਨੇ ਮੇਰੇ ਸਿਰ ਤੇ ਹੱਥ ਰਖਕੇ ਦਿਲਾਸਾ ਦਿੱਤਾ। ਸਿੰਘਾਂ ਨੇ ਮੈਨੂੰ ਦਸਿਆ ਕਿ ਸੰਤ ਮਹਾਰਾਜ ਤਾਂ ਰਤਵਾੜਾ ਸਾਹਿਬ ਜਾ ਰਹੇ ਸਨ ਕਿਉਂਕਿ ਬੀਜੀ ਉਥੇ ਸੰਤ ਮਹਾਰਾਜ ਦੀ ਇੰਤਜਾਰ ਕਰ ਰਹੇ ਸਨ। ਅਚਾਨਕ ਕੁਲਬੀਰ ਸਿੰਘ ਨੂੰ ਕਿਹਾ ਕਿ ਰਤਵਾੜਾ ਸਾਹਿਬ ਨਹੀਂ ਜਾਣਾ, ਕਾਰ ਮੋੜ ਤੋਂ ਇਸ ਪਾਸੇ ਲੈ ਚਲੋ ਅਤੇ ਉਥੇ ਪਹੁੰਚ ਗਏ ਜਿਥੇ ਮੇਰੀ ਗੱਡੀ ਦਾ ਐਕਸੀਡੈਂਟ ਹੋਇਆ ਸੀ। ਸੋ ਆਪ ਸਭ ਅੰਦਾਜ਼ਾ ਲਗਾ ਸਕਦੇ ਹੋ ਕਿ ਸੰਤ ਮਹਾਰਾਜ ਪੂਰਨ ਸ਼ਕਤੀਆਂ ਦੇ ਮਾਲਕ ਹਨ। ਘੱਟ ਘੱਟ ਦੇ ਜਾਨਣਹਾਰ ਹਨ। ਭਾਵੇਂ ਉਹ ਸਰੀਰਕ ਤੌਰ ਤੇ ਵਿਛੋੜਾ ਦੇ ਗਏ ਹਨ, ਪਰ ਉਹ ਪਰੀਪੂਰਨਤਾ ਵਿਚ ਲੀਨ ਹਨ ਤੇ ਸਾਨੂੰ ਸਭ ਨੂੰ ਦੇਖ ਰਹੇ ਹਨ ਕਿ ਅਸੀਂ ਕੀ ਕਰ ਰਹੇ ਹਾਂ। ਕੀ ਸਾਡੀ ਵਫਾਦਾਰੀ ਵਿਚ, ਭਰੋਸੇ ਵਿਚ ਕੋਈ ਬਦਲਾਅ ਤਾਂ ਨਹੀਂ ਆਇਆ?

ਐਸੇ ਮਹਾਂਪੁਰਸ਼ ਇਸ ਧਰਤੀ ਤੇ ਕਦੀ ਕਦੀ ਹੀ ਆਇਆ ਕਰਦੇ ਹਨ ਜਿਹਨਾਂ ਨੂੰ ਅਗਮ ਨਿਗਮ ਦੀ ਸੋਝੀ ਹੋਇਆ ਕਰਦੀ ਹੈ।

***ਦਵਿੰਦਰ ਕੌਰ***

# ਪਿਆਰੇ ਦੇ ਸਰੂਪ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਨਿੱਘੀ ਯਾਦ ਵਿਚ

ਮਹਾਂਪੁਰਸ਼ਾਂ ਦੇ ਪਿਆਰ ਸਤਿਕਾਰ ਅਤੇ ਨਿੱਘੀ ਯਾਦ ਵਿਚ ਅਕਤੂਬਰ 2001 ਤੋਂ ਸੰਗਤਾਂ ਵਲੋਂ ਥਾਂ ਪਰ ਥਾਂ ਸ੍ਰੀ ਅਖੰਡਪਾਠ ਰੱਖੇ ਜਾ ਰਹੇ ਹਨ, ਅਖੰਡਪਾਠਾਂ ਦੀ ਸਮਾਪਤੀ ਉਪਰੰਤ ਦੀਵਾਨ ਸਜਾਏ ਜਾਂਦੇ ਹਨ ਅਤੇ ਬਾਬਾ ਜੀ ਵਲੋਂ ਵਰੋਸਾਏ ਅਤੇ ਸਥਾਪਤ ਕੀਤੇ ਮਿਸ਼ਨ ਦੇ ਮੁਖੀ ਭਾਈ ਸਾਹਿਬ ਲਖਬੀਰ ਸਿੰਘ ਜੀ ਆਪਣੇ ਜੱਥੇ ਸਮੇਤ ਹਰ ਦੀਵਾਨ ਤੇ ਪੁੱਜਦੇ ਹਨ ਅਤੇ ਮਨੋਹਰ ਕੀਰਤਨ ਰਾਹੀਂ ਅਤੇ ਬਾਬਾ ਜੀ ਦੇ ਪਿਆਰ ਭਰੇ ਬਚਨਾਂ ਰਾਹੀਂ ਸੰਗਤਾਂ ਨੂੰ ਨਿਰੰਤਰ ਗੁਰੂ ਘਰ ਨਾਲ ਜੋੜਦੇ ਆ ਰਹੇ ਹਨ। ਬਾਬਾ ਜੀ ਪਿਆਰ ਦੀ ਮੂਰਤ ਸਨ, ਉਨ੍ਹਾਂ ਨੇ ਸਮੂੰਹ ਸੰਗਤ ਨੂੰ ਬੇਅੰਤ ਪਿਆਰ ਦਿਤਾ ਅਤੇ ਸੰਗਤਾਂ ਨੇ ਵੀ ਉਨ੍ਹਾਂ ਨੂੰ ਅਥਾਹ ਪਿਆਰ ਕੀਤਾ। ਇਨ੍ਹਾਂ ਦੀਵਾਨਾਂ ਵਿਚ ਪੁੱਜਦੀਆਂ ਬੇਅੰਤ ਸੰਗਤਾਂ ਦੀ ਵੱਡੀ ਹਾਜ਼ਰੀ ਇਸ ਤੱਥ ਦਾ ਪ੍ਰਤੱਖ ਪ੍ਰਮਾਣ ਹੈ। ਅਸੀਂ ਇਨ੍ਹਾਂ ਦੀਵਾਨਾਂ ਦਾ ਕੁਝ ਵੇਰਵਾ ਫਰਵਰੀ ਅਤੇ ਮਾਰਚ 2002 ਅੰਕ ਵਿਚ ਪਹਿਲਾਂ ਦੇ ਚੁੱਕੇ ਹਾਂ। ਇਸ ਤੋਂ ਅਗਲੇ ਦੀਵਾਨਾਂ ਦਾ ਜ਼ਿਕਰ ਇਸ ਲੇਖ ਵਿਚ ਪਰਾਪਤ ਹੈ। ਇਨ੍ਹਾਂ ਦਾ ਪੂਰਾ ਵਿਸਥਾਰ ਲਿਖਣਾ ਸੰਭਵ ਨਹੀਂ। ਇਸ ਲਈ ਇਥੇ ਕੇਵਲ ਨਾਵਾਂ ਅਤੇ ਥਾਵਾਂ ਦਾ ਹੀ ਸੰਖੇਪ ਜ਼ਿਕਰ ਕੀਤਾ ਜਾ ਰਿਹਾ ਹੈ।

ਮਹਾਂਪੁਰਸ਼ਾਂ ਦੇ ਪਿਆਰ ਵਿਚ ਬਾਹਰਲੇ ਦੀਵਾਨਾਂ ਦੀ ਲੜੀ ਵੀ ਮਤਵਾਤਰ ਜਾਰੀ ਹੈ। 31 ਜੁਲਾਈ 2002 ਤਕ ਮਹਾਂਪੁਰਸ਼ਾਂ ਦੇ ਪਿਆਰ ਵਿਚ ਲੱਗੇ ਦੀਵਾਨਾਂ ਦਾ ਵੇਰਵਾ ਸਤੰਬਰ 2002 ਦੇ ਮੈਗਜ਼ੀਨ ਵਿਚ ਪ੍ਰਕਾਸ਼ਤ ਹੋ ਚੁੱਕਿਆ ਹੈ। ਏਥੇ ਕੇਵਲ ਅਗਸਤ ਮਹੀਨੇ ਦੇ ਦੀਵਾਨਾਂ ਦਾ ਹੀ ਜ਼ਿਕਰ ਕੀਤਾ ਜਾ ਰਿਹਾ ਹੈ –

5 ਤੋਂ 10 ਅਗਸਤ ਤਕ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਵਿਚ ਛੇ ਦਿਨ ਦੇ ਭਰਪੂਰ ਦੀਵਾਨ ਅਨਾਜਮੰਡੀ ਬਟਾਲਾ ਵਿਖੇ ਸਜੇ। ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੇ ਦੂਰ ਦੂਰ ਤੋਂ ਆਈਆਂ ਸੰਗਤਾਂ ਨੂੰ ਮਨੋਹਰ ਕੀਰਤਨ ਅਤੇ ਵਡਮੁੱਲੇ ਬਚਨਾਂ ਨਾਲ ਨਿਹਾਲ ਕੀਤਾ। ਮਹਾਂਪੁਰਸ਼ਾਂ ਦੀ ਚਲਾਈ ਪਰਪਾਟੀ ਅਨੁਸਾਰ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਤ ਕੀਤਾ ਗਿਆ ਅਤੇ 235 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਮਤ ਮਾਰਗ ਲਈ ਵੀ ਭਰਵਾਂ ਹੁੰਗਾਰਾ ਮਿਲਿਆ। 700 ਮੈਂਬਰਾਂ ਨੇ ਮੈਗਜ਼ੀਨ ਦੀ ਰਿਨਿਊਲ ਜਮ੍ਹਾਂ ਕਰਵਾਈ। ਇਹ ਬਹੁਤ ਹੀ ਵੱਡਾ ਤੇ ਸ਼ਾਨਦਾਰੀ, ਕਾਮਯਾਬੀ ਵਾਲਾ ਸਮਾਗਮ ਸੀ।

(ਇਥੋਂ ਕੱਟ ਕੇ ਭੇਜੋ ਜੀ)

## Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................

2. ਨਾਮ/ Name..........................................................................

3. ਪਿਤਾ ਦਾ ਨਾਮ/Father's Name............................................

4. ਪੂਰਾ ਪਤਾ/Full address........................................................

.........................................................

.........................................................

PINCODE........................Telephone...............

ਮੈਂ ....................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ..............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ...................................

12, 13, 14 ਅਗਸਤ 2002 ਨੂੰ ਪਿਆਰੇ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਤਿੰਨ ਦਿਨ ਦੇ ਭਰਪੂਰ ਦੀਵਾਨ ਖਡੂਰ ਸਾਹਿਬ ਵਿਖੇ ਲੱਗੇ। ਭਾਈ ਸਾਹਿਬ ਜੀ ਨੇ ਮਹਾਂਪੁਰਸ਼ਾਂ ਦੇ ਪ੍ਰਵਚਨ ਦ੍ਰਿੜ ਕਰਵਾਏ ਅਤੇ ਸੰਗਤਾਂ ਨੂੰ ਗੁਰੂ ਆਸ਼ੇ ਨਾਲ ਜੋੜਿਆ। ਆਤਮ ਮਾਰਗ ਦਾ ਸਟਾਲ ਬਹੁਤ ਕਾਮਯਾਬ ਰਿਹਾ। ਆਖਰੀ ਦਿਨ ਅੰਮ੍ਰਿਤਪਾਨ ਦੀ ਦਾਤ ਪ੍ਰਾਪਤ ਕਰਕੇ ਬਹੁਤ ਸਾਰੇ ਪ੍ਰੇਮੀਆਂ ਨੇ ਗੁਰੂ ਦਾ ਪਿਆਰ ਅਤੇ ਬਖਸ਼ਿਸ਼ ਪ੍ਰਾਪਤ ਕੀਤੀ।

17 ਅਗਸਤ ਨੂੰ ਬਿਸਾਲਪੁਰ ਵਿਖੇ ਧਾਰਮਿਕ ਦੀਵਾਨ ਸਜੇ। 19 ਅਗਸਤ ਨੂੰ ਸੀਤਲ ਸਟੋਰ, ਮੋਹਾਲੀ ਵਾਲਿਆਂ ਨੇ ਗੁਰੂ ਮਹਾਰਾਜ ਦੀਆਂ ਬਖਸ਼ਿਸ਼ਾਂ ਲੈਣ ਲਈ ਕੀਰਤਨ ਅਤੇ ਲੰਗਰ ਦਾ ਪ੍ਰਬੰਧ ਕੀਤਾ। ਸਤਿਕਾਰਯੋਗ ਬੀਜੀ ਨੇ ਵੀ ਦਰਸ਼ਨ ਦੇਣੇ ਸਨ ਪਰ ਕਿਸੇ ਵਿਸ਼ੇਸ਼ ਕਾਰਨ ਆ ਨਹੀਂ ਸਕੇ। ਸਤਿਕਾਰਯੋਗ ਭਾਈ ਸਾਹਿਬ ਨੇ ਮਨੋਹਰ ਕੀਰਤਨ ਕੀਤਾ। ਪ੍ਰੋ. ਗੁਰਦੇਵ ਸਿੰਘ ਅਤੇ ਡਾ. ਜਗਜੀਤ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਮਹਾਂਪੁਰਾਂ ਦੇ ਪਰਉਪਕਾਰਾਂ ਦਾ ਜ਼ਿਕਰ ਕੀਤਾ ਅਤੇ ਸ. ਸੀਤਲ ਸਿੰਘ ਦੇ ਪਰਿਵਾਰ ਪ੍ਰਤੀ ਮਹਾਂਪੁਰਸ਼ਾਂ ਦੇ ਪਿਆਰ ਦੀਆਂ ਕਈ ਘਟਨਾਵਾਂ ਦੱਸੀਆਂ।

20 ਅਗਸਤ ਨੂੰ ਬਰਦਾਰ ਹਰੀਪੁਰ (ਹਿਮਾਚਲ ਪ੍ਰਦੇਸ) ਵਿਖੇ ਪਹਿਲੀ ਵਾਰ ਐਸਾ ਧਾਰਮਿਕ ਦੀਵਾਨ ਸਜਾਇਆ ਗਿਆ ਜਿਸ ਵਿਚ ਦੂਰ ਨੇੜੇ ਦੀ ਸੰਗਤ ਹਾਜ਼ਰ ਹੋਈ ਅਤੇ ਬਹੁਤ ਅਨੰਦ ਮਾਣਿਆ। ਇਸ ਪਛੜੇ ਇਲਾਕੇ ਦੀ ਜ਼ਿੰਦਗੀ ਵਿਚ ਐਸਾ ਪਹਿਲਾ ਦੀਵਾਨ ਸੀ ਜਿਸ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਸਾਰੇ ਇਲਾਕਾ ਵਾਸੀ ਸ਼ਾਮਲ ਹੋਏ।

23 ਅਗਸਤ ਨੂੰ ਸਲੇਮਪੁਰ ਇਕ ਦਿਨ ਦਾ ਦੀਵਾਨ ਸਜਿਆ। 26 ਤੋਂ 30 ਅਗਸਤ ਤਕ ਚਮਕੌਰ ਸਾਹਿਬ ਵਿਖੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਵਿਚ ਪੰਜ ਦਿਨ ਦੇ ਭਾਰੀ ਦੀਵਾਨ ਸਜੇ ਜਿਸ ਵਿਚ ਸੰਗਤਾਂ ਨੇ ਦੂਰ ਦੁਰਾਡੇ ਤੋਂ ਆ ਕੇ ਸ਼ਮੂਲੀਅਤ ਕੀਤੀ, ਹਰਿ ਜਸ ਸਰਵਣ ਕੀਤਾ ਅਤੇ ਵੱਡੀ ਗਿਣਤੀ ਵਿਚ ਆਤਮ ਮਾਰਗ ਦੇ ਮੈਂਬਰ ਬਣੇ।

27 ਅਗਸਤ ਤੋਂ 30 ਅਗਸਤ ਤਕ ਚਮਕੌਰ ਸਾਹਿਬ ਦੇ ਨਾਲ ਨਾਲ ਹੀ ਰਾਤ ਦੇ ਦੀਵਾਨ ਮੁਰਿੰਡਾ ਵਿਖੇ ਆਯੋਜਤ ਹੋਏ। ਦੂਰ ਦੂਰ ਤੋਂ ਨਗਰਾਂ ਦੇ ਪ੍ਰੇਮੀ ਇਨ੍ਹਾਂ ਦੀਵਾਨਾਂ ਵਿਚ ਸ਼ਾਮਲ ਹੋਏ। ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣੇ ਅਤੇ ਕਾਫੀ ਗਿਣਤੀ ਵਿਚ ਆਤਮ ਮਾਰਗ ਦੇ ਮੈਂਬਰ ਬਣੇ।

3 ਅਤੇ 4 ਸਤੰਬਰ 2002 ਨੂੰ ਦੋ ਦਿਨ ਦੇ ਵੱਡੇ ਦੀਵਾਨ ਸੰਤ ਨਿਸਚਲ ਸਿੰਘ ਜੀ ਦੇ ਆਸ਼ਰਮ ਸੰਤਪੁਰਾ ਯਮਨਾਨਗਰ ਵਿਖੇ ਲੱਗੇ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਤਰ ਹੋਈਆਂ ਅਤੇ ਬੜੇ ਪਿਆਰ ਤੇ ਉਤਸ਼ਾਰ ਨਾਲ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਤੋਂ ਪ੍ਰਵਚਨ ਅਤੇ ਕੀਰਤਨ ਸਰਵਣ ਕੀਤਾ। ਸੰਗਤਾਂ ਦੀ ਸਹੂਲਤ ਲਈ ਆਤਮ ਮਾਰਗ ਦੇ ਸਟਾਲ ਲੱਗੇ ਜਿਥੋਂ ਸੰਗਤਾਂ ਨੇ ਨਵੀਂ ਮੈਂਬਰਸ਼ਿਪ, ਰਿਨਿਊਲ, ਪੁਸਤਕਾਂ ਤੇ ਕੈਸਟਾਂ ਪ੍ਰਾਪਤ ਕੀਤੀਆਂ। ਆਖਰੀ ਦਿਨ ਅੰਮ੍ਰਿਤ ਸੰਚਾਰ ਵੀ ਹੋਇਆ।

ਦੀਵਾਨਾਂ ਦੀ ਅਗਲੀ ਕਿਸ਼ਤ ਨਵੰਬਰ 2002 ਦੇ ਇਸ਼ੂ ਵਿਚ ਛਾਪੀ ਜਾਵੇਗੀ ਜੀ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ –**

**01888–255002**

**01888–255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ (ਸਕੂਲ) ਦੇ ਫੋਨ ਨੰਬਰ –** 01888–255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਔਫ਼ ਟੈਕਨਾਲੌਜੀ –** 01888–255005, 255006. 255007

# ਸਿਹਤ ਵਿਗਿਆਨ

## ਵਰਖਾ ਰੁੱਤ ਦੇ ਰੋਗ – ਪੇਟ ਦੇ ਕੀੜੇ

धर्मार्थ काम मोक्षाणामारोग्यं मूलकारणम्।

**तदादिदेंश देशेम्यो धन्यो धन्वन्तरिर्हरि;॥**

ਸਰਬ ਰੋਗਾਂ ਦੇ ਹਰਨ ਵਾਲੇ ਹਰਿ ਅਵਤਾਰ ਧਨਵੰਤਰੀ ਨੇ ਸਾਰੀ ਮਨੁਖਤਾ ਨੂੰ ਕਿਹਾ ਹੈ ਕਿ ਧਰਮ, ਅਰਥ, ਕਾਮ, ਮੋਕਸ਼, ਇਹਨਾਂ ਚਾਰਾਂ ਦੀ ਸਿੱਧੀ ਤਦੇ ਹੋ ਸਕਦੀ ਹੈ ਜੇਕਰ ਤੁਹਾਡਾ ਸਰੀਰ ਰੋਗ ਰਹਿਤ ਹੈ। ਮਨੁਖੀ ਸਰੀਰ ਪਰਮਾਤਮਾ ਦਾ ਰਚਿਆ ਇਕ ਮੰਦਰ ਹੈ ਤੇ ਮਨੁਖ ਦਾ ਫਰਜ ਹੈ ਕਿ ਇਸ ਦੀ ਦੇਖ ਭਾਲ ਮੰਦਰ ਦੀ ਤਰ੍ਹਾਂ ਹੀ ਕਰੇ। ਵਰਖਾ ਦੀ ਰੁਤ ਆਉਂਦਿਆਂ ਹੀ ਬਹੁਤ ਸਾਰੇ ਸਰੀਰਕ ਰੋਗਾਂ ਦੇ ਕਾਰਨ ਵੀ ਆਰੰਭ ਹੋ ਜਾਂਦੇ ਹਨ। ਪੇਟ ਦੇ ਕੀੜੇ (ਕਿਰਮੀ) ਇਹਨਾਂ ਵਿਚ ਇਕ ਮੁਖ ਰੋਗ ਹੈ ਜਿਹੜਾ ਵਡੇਰੀ ਉਮਰ ਦੇ ਮਨੁਖਾਂ ਤੋਂ ਲੈ ਕੇ ਛੋਟੇ ਬੱਚਿਆਂ ਤਕ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਬੱਚੇ ਤਾਂ ਖਾਸ ਕਰਕੇ ਇਹਨਾਂ ਦੇ ਹਮਲੇ ਦਾ ਨਿਸ਼ਾਨਾ ਹੁੰਦੇ ਹਨ। ਇਹ ਰੋਗ ਉਹਨਾਂ ਇਲਾਕਿਆਂ, ਬਸਤੀਆਂ ਤੇ ਘਰਾਂ ਵਿਚ ਜ਼ਿਆਦਾ ਫੈਲਦਾ ਹੈ ਜਿਥੇ ਸਫਾਈ ਦੀ ਕਮੀ ਰਹਿੰਦੀ ਹੈ। ਪੇਟ ਦੇ ਕੀੜੇ (ਕਿਰਮੀ) ਇਕ ਪ੍ਰਕਾਰ ਦੇ ਪਰਜੀਵੀ ਹਨ ਜਿਹੜੇ ਦੂਜੇ ਜੀਵਾਂ ਤੇ ਨਿਰਭਰ ਕਰਦੇ ਹਨ ਤੇ ਇਹ ਪੇਟ ਦੀਆਂ ਅੰਤੜੀਆਂ ਤੋਂ ਪੌਸ਼ਕ ਤੱਤ ਤੇ ਖੂਨ ਨੂੰ ਆਪਣੀ ਖੁਰਾਕ ਬਣਾਉਂਦੇ ਹਨ। ਮੁਖ ਤੌਰ ਤੇ ਤਿੰਨ ਤਰ੍ਹਾਂ ਦੇ ਕੀੜੇ ਦੇਖਣ ਵਿਚ ਆਏ ਹਨ। ਗੋਲ ਕੀੜੇ (round worm) ਜਿਹਨਾਂ ਨੂੰ ਪੰਜਾਬੀ ਵਿਚ ਮਲ੍ਹਪ ਜਾਂ ਜੂਨ੍ਹਾਂ ਕਿਹਾ ਜਾਂਦਾ ਹੈ। ਅੰਕੁਸ਼ ਕਿਰਮੀ (hook worm) ਤੇ ਤੀਜੇ ਚਲੂਣੇ (thread worm/pin worm)

1. ਗੋਲ ਕੀੜੇ ਜਾਂ ਕੇਚੂਏ, ਜਾਂ ਜੂਨ੍ਹਾਂ (ਮਲ੍ਹਪ) – ਇਹ ਸਭ ਤੋਂ ਵਧ ਦੇਖੇ ਜਾਂਦੇ ਹਨ ਤੇ ਮਨੁੱਖਾਂ, ਪਸ਼ੂਆਂ ਦੋਹਾਂ ਵਿਚ ਹੀ ਇਹਨਾਂ ਦਾ ਵਾਸ ਹੋ ਸਕਦਾ ਹੈ। ਇਹਨਾਂ ਦੀ ਲੰਬਾਈ 6 ਇੰਚ ਤੋਂ ਲੈ ਕੇ ਡੇਢ ਫੁਟ ਤਕ ਹੁੰਦੀ ਹੈ ਤੇ ਇਹਨਾਂ ਦੇ ਪੇਟ ਵਿਚ ਗੁਛੇ ਬਣ ਜਾਂਦੇ ਹਨ। ਇਕ ਮਾਦਾ ਰੋਜ ਦੇ ਹਜ਼ਾਰਾਂ ਹੀ ਅੰਡੇ ਦੇ ਦਿੰਦੀ ਹੈ। ਇਹ ਫੈਲਦੇ ਹੋਏ ਫੇਫੜੇ, ਹਿਰਦੇ ਤੇ ਮਿਹਦੇ (lever) ਤਕ ਪਹੁੰਚ ਜਾਂਦੇ ਹਨ ਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ।

ਲੱਛਣ – ਆਤੜੀਆਂ ਵਿਚ ਹੋਣ ਕਰਕੇ ਭੁਖ ਦੀ ਕਮੀ ਹੋ ਸਕਦੀ ਹੈ ਪਰ ਕਦੇ ਕਦੇ ਭੁਖ ਬਹੁਤ ਲਗਣੀ, ਪੇਟ ਦਰਦ, ਉਲਟੀਆਂ ਤੇ ਬੱਚਿਆਂ ਦੇ ਨੀਂਦ ਵਿਚ ਦੰਦ ਪੀਸਣੇ ਆਦਿ ਇਸ ਦੀਆਂ ਅਲਾਮਤਾਂ ਹਨ। ਕਈ ਵਾਰੀ ਇਕ ਅੱਧ ਮਲ੍ਹਪ ਮਲ ਰਾਹੀਂ ਬਾਹਰ ਵੀ ਆ ਜਾਂਦਾ ਹੈ।

2. ਅੰਕੁਸ਼ ਕਿਰਮੀ (hook warm) ਇਹਨਾਂ ਦੇ ਮੂੰਹ ਦੀ ਬਨਾਵਟ ਕਰਕੇ ਹੀ ਇਹਨਾਂ ਨੂੰ ਹੁਕ ਵਾਰਮ (hook worm) ਕਿਹਾ ਜਾਂਦਾ ਹੈ ਤੇ ਇਹ ਅੰਤੜੀਆਂ ਦੇ ਅੰਦਰ ਚਿਪਟੇ ਰਹਿੰਦੇ ਹਨ ਤੇ ਖੂਨ ਚੂਸਦੇ ਰਹਿੰਦੇ ਹਨ। ਗੰਦੀਆਂ ਜਗ੍ਹਾਂ ਵਿਚ ਨੰਗੇ ਪੈਰਾਂ ਰਾਹੀਂ ਚਮੜੀ ਵਿਚ ਪ੍ਰਵੇਸ਼ ਕਰਕੇ ਖੂਨ ਰਾਹੀਂ ਅੰਤੜੀਆਂ ਵਿਚ ਪਹੁੰਚ ਜਾਂਦੇ ਹਨ ਤੇ ਖੂਨ ਇਹਨਾਂ ਦੀ ਮੁਖ ਖੁਰਾਕ ਹੈ। ਇਹਨਾਂ ਨਾਲ ਮਨੁਖ ਕਮਜ਼ੋਰ ਹੁੰਦਾ ਜਾਂਦਾ ਹੈ।

ਲੱਛਣ – ਸਰੀਰ ਵਿਚ ਖੂਨ ਦੀ ਕਮੀ ਹੋ ਜਾਣੀ, ਕਈ ਵਾਰੀ ਪੈਰਾਂ ਤੇ ਸੋਜ ਵੀ ਆ ਜਾਂਦੀ ਹੈ। ਦਮੇ ਤੇ ਦਿਲ ਦੇ ਰੋਗਾਂ ਵਰਗੇ ਲੱਛਣ ਵੀ ਹੋ ਜਾਂਦੇ ਹਨ।

ਧਾਗਾ ਕਿਰਮੀ (thread worm, pin worm) ਪੰਜਾਬ ਵਿਚ ਇਹਨਾਂ ਨੂੰ ਚਲੂਣੇ ਜਾਂ ਚੂਨੇ ਜਾਂ ਮਾਊਂ ਆਦਿ ਦੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਇਹ ਛੋਟੇ ਬੱਚਿਆਂ ਵਿਚ ਬਹੁਤੇ, ਪਰ ਵਡੇਰੀ ਉਮਰ ਦੇ ਮਨੁਖਾਂ ਨੂੰ ਭੀ ਹੋ ਜਾਂਦੇ ਹਨ।

ਲੱਛਣ – ਇਹਨਾਂ ਕਿਰਮੀਆਂ ਕਾਰਨ ਬੱਚੇ ਦੇ ਗੁਦਾ ਦਵਾਰ ਤੇ ਰਾਤ ਵੇਲੇ ਤੇਜ ਖਾਰਸ਼ ਖੁਜਲੀ ਹੋ ਜਾਂਦੀ ਹੈ। ਇਹ ਕਿਰਮੀ ਗੁਦਾ ਦਵਾਰ ਦੇ ਨੇੜੇ ਹੀ ਆਪਣਾ ਵਾਸ ਰਖਦੇ ਹਨ ਤੇ ਮਾਦਾ ਇਥੇ ਹੀ ਅੰਡੇ ਦਿੰਦੀ ਹੈ। ਨੀਂਦ ਵਿਚ ਬੱਚਾ ਦੰਦ ਭੀ ਪੀਸਦਾ ਹੈ, ਨੱਕ ਵੀ ਨੋਚਦਾ ਹੈ। ਭੁਖ ਦੀ ਕਮੀ ਹੋ ਜਾਂਦੀ ਹੈ। ਇਹ ਪਰਿਵਾਰ ਦੇ ਦੂਜੇ ਮੈਂਬਰਾਂ ਵਿਚ ਵੀ ਪਹੁੰਚ ਜਾਂਦੇ ਹਨ।

ਬਚਾਉ – ਇਹ ਰੋਗ ਬਰਸਾਤ ਵਿਚ ਜ਼ਿਆਦਾ ਫੈਲਦਾ ਹੈ ਤੇ ਗੰਦਗੀ ਤੇ ਦੂਸ਼ਤ ਜਲ ਇਸ ਦਾ ਖਾਸ ਕਾਰਨ ਹਨ। ਹੇਠ ਲਿਖੇ ਬਚਾਉ ਜ਼ਰੂਰੀ ਹਨ।

(ੳ) ਖਾਣ ਵਾਲੀਆਂ ਚੀਜ਼ਾਂ ਨੂੰ ਢੱਕ ਕੇ ਰੱਖੋ।

(ਅ) ਭੋਜਨ ਕਰਨ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਫ ਕਰੋ। ਬੱਚਿਆਂ ਦੇ ਹੱਥ ਤਾਂ ਸਾਬਣ ਨਾਲ ਸਾਫ ਕਰਾਉ ਤੇ ਉਂਗਲੀਆਂ ਦੇ ਨਹੁੰ (ਨਾਖੁਨ) ਕੱਟ ਕੇ ਰਖੋ।

(ੲ) ਬਰਸਾਤ ਵਿਚ ਕਚੀਆਂ ਸਬਜ਼ੀਆਂ ਦਾ ਤੇ ਫਲਾਂ ਦਾ ਇਸਤੇਮਾਲ ਚੰਗੀ ਤਰ੍ਹਾਂ ਉਬਲੇ ਪਾਣੀ ਨਾਲ ਸਾਫ ਕਰਕੇ  ਕਰੋ।

(ਸ) ਮਲ ਮੂਤਰ ਖੁਲ੍ਹੀਆਂ ਜਗ੍ਹਾ ਵਿਚ ਨਾ ਕਰੋ। ਮਲ ਮੂਤਰ ਤੋਂ ਬਾਅਦ ਬੱਚਿਆਂ ਦੇ ਹੱਥ ਸਾਬੁਣ ਨਾਲ ਸਾਫ ਕਰਾਉ।

(ਹ) ਪੀਣ ਵਾਲੇ ਪਾਣੀ ਦਾ ਖਾਸ ਧਿਆਨ ਰਖੋ ਤੇ ਜੇ ਸ਼ੱਕ ਹੋਵੇ ਤਾਂ ਉਬਾਲ ਕੇ ਠੰਡਾ ਕਰਕੇ ਪੀਓ।

(ਕ) ਮਾਸਾਹਾਰੀ ਖਾਸ ਖਿਆਲ ਰੱਖਣ ਤੇ ਬਰਸਾਤ ਦੇ ਮੌਸਮ ਵਿਚ ਮਾਸ ਦਾ ਇਸਤੇਮਾਲ ਇਸ ਬਿਮਾਰੀ ਦਾ ਖਾਸ ਕਾਰਨ ਬਣਦਾ ਹੈ।

**ਇਲਾਜ –**

1. ਅਖਰੋਟ ਦੀ ਛਿਲ (ਜਿਸ ਨੂੰ ਦੰਦਾਸਾ ਵੀ ਕਹਿੰਦੇ ਹਨ) ਦਾ ਕਾੜ੍ਹਾ ਪੀਣ ਨਾਲ ਕੀੜੇ ਮਰ ਜਾਂਦੇ ਹਨ।

2. ਖੱਟੀ ਲੱਸੀ ਵਿਚ ਕਾਲੀ ਮਿਰਚ ਤੇ ਨਮਕ ਮਿਲਾ ਕੇ ਇਸਤੇਮਾਲ ਕਰਦੇ ਰਹਿਣ ਨਾਲ ਇਹਨਾਂ ਕਿਰਮੀਆਂ ਤੋਂ ਬਚਿਆ ਜਾ ਸਕਦਾ ਹੈ।

3. ਅਜਵਾਇਣ ਦਾ ਚੂਰਨ 4 ਗ੍ਰਾਮ, ਖੱਟੀ ਲੱਸੀ ਵਿਚ ਪਾ ਕੇ ਪੀਂਦੇ ਰਹਿਣ ਨਾਲ ਕੀੜੇ ਮਰ ਕੇ ਬਾਹਰ ਨਿਕਲ ਜਾਂਦੇ ਹਨ।

4. ਬਾਬੜਿੰਗ ਨੂੰ ਪੀਸ ਕੇ ਡੇਢ ਚਮਚ ਸਵੇਰ ਤੇ ਸ਼ਾਮ ਸ਼ਹਿਦ ਨਾਲ ਖਾਣ ਨਾਲ 3 ਦਿਨਾਂ ਵਿਚ ਕੀੜੇ ਖਤਮ ਹੋ ਜਾਂਦੇ ਹਨ।

5. ਨਿੰਮ ਦੀਆਂ ਗੁਠਲੀਆਂ ਪੀਸ ਕੇ ਰਸ ਕੱਢ ਲਵੋ ਤੇ ਇਸ ਨੂੰ ਰੂਈ ਵਿਚ ਭਿਉਂ ਕੇ ਛੋਟੇ ਬੱਚੇ ਦੀ ਗੁਦਾ ਵਿਚ ਰੱਖਣ ਨਾਲ ਚਲੂਣੇ ਨਸ਼ਟ ਹੋ ਜਾਂਦੇ ਹਨ।

ਅੰਗਰੇਜ਼ੀ ਦਵਾਈਆਂ ਵਿਚ Tab. Wormin, Tab. Mebex, Tab. Nemopan, Tab. Noworm ਆਦਿ ਬਹੁਤ ਕਾਰਗਰ ਹਨ। ਪਰ ਇਹਨਾਂ ਵਿਚ ਧਿਆਨ ਰੱਖਣ ਵਾਲੀ ਗਲ ਇਹ ਹੈ ਕਿ ਰਾਤੀ ਲੈਣ ਤੋਂ ਬਾਅਦ ਸਵੇਰੇ ਮਲ ਜ਼ਰੂਰ ਆ ਜਾਣਾ ਚਾਹੀਦਾ ਹੈ, ਨਹੀਂ ਤਾਂ ਕਈ ਵਾਰ ਮਲ ਨਾ ਆਉਣ ਤੇ ਇਹ ਗੁਰਦਿਆਂ ਰਾਹੀਂ ਨਿਕਲਦੀਆਂ ਹਨ ਤੇ ਜਹਿਰੀਲੀਆਂ ਹੋਣ ਕਰਕੇ ਗੁਰਦੇ ਨੂੰ ਨੁਕਸਾਨ ਦੇ ਸਕਦੀਆਂ ਹਨ। ਅੰਗਰੇਜ਼ੀ ਦਵਾਈਆਂ ਦਾ ਇਸਤੇਮਾਲ ਚੰਗੇ ਡਾਕਟਰ ਦੀ ਸਲਾਹ ਲੈ ਕੇ ਕਰੋ ਜੀ।

## ਮਹਾਂਪੁਰਸ਼ਾਂ ਦੀ ਮਿੱਠੀ ਯਾਦ ਵਿਚ

30, 31 ਅਕਤੂਬਰ ਅਤੇ 1, 2 ਨਵੰਬਰ 2002 ਦਿਨ ਬੁੱਧਵਾਰ, ਵੀਰਵਾਰ, ਸ਼ੁਕਰਵਾਰ, ਸ਼ਨਿੱਚਰਵਾਰ ਨੂੰ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ।

ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਪ੍ਰੇਮੀ ਮਹਾਂਪੁਰਸ਼ਾਂ ਦੇ ਪਿਆਰ ਵਿਚ ਹਾਜ਼ਰੀਆਂ ਭਰਨਗੇ। ਪ੍ਰਦੇਸ ਤੋਂ ਆਉਣ ਵਾਲੇ ਪ੍ਰੇਮੀ ਪਹਿਲਾਂ ਸੂਚਨਾ ਭੇਜਣ ਦੀ ਖੇਚਲ ਕਰਨ।

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਊਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

## ਅਕਤੂਬਰ 2002 ਵਿਚ ਆ ਰਹੇ ਗੁਰਪੁਰਬ

| | |
|---|---|
| ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ | 2 ਅਕਤੂਬਰ |
| ਅਵਤਾਰ ਸ੍ਰੀ ਗੁਰੂ ਰਾਮਦਾਸ ਜੀ | 23 ਅਕਤੂਬਰ |
| ਗੁਰਿਆਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 30 ਅਕਤੂਬਰ |
| ਜੋਤੀ ਜੋਤ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 30 ਅਕਤੂਬਰ |

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 6, 13 20, 27, ਅਕਤੂਬਰ।

**ਸੰਗਰਾਂਦ –** 17 ਅਕਤੂਬਰ , ਦਿਨ ਵੀਰਵਾਰ।

**ਪੂਰਨਮਾਸ਼ੀ –** 21 ਅਕਤੂਬਰ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

ਐਕਸ਼ਨ ਭਰਪੂਰ ਜੀਵਨ ਝਲਕੀਆਂ

**ਸੰਤ ਮਹਾਰਾਜ ਪੰਜ ਪਿਆਰਿਆਂ ਨਾਲ ਜਲੂਸ ਦੀ ਸ਼ਕਲ ਵਿਚ ਨੀਂਹ ਰੱਖਣ ਵਾਲੇ ਸਥਾਨ ਤੇ ਜਾ ਕੇ ਗੁਰਦਵਾਰਾ ਈਸ਼ਰ ਪ੍ਰਕਾਸ਼ ਦਾ ਸ਼ਿਲਾ ਨਿਆਸ ਇਨ੍ਹਾਂ ਦੇ ਕਰ ਕੰਵਲਾਂ ਰਾਹੀਂ ਕਰਵਾ ਰਹੇ ਹਨ।**

ਸੰਤ ਮਹਾਰਾਜ ਪੰਜ ਪਿਆਰਿਆਂ ਨਾਲ ਜਲੂਸ ਦੀ ਸ਼ਕਲ ਵਿਚ ਨੀਂਹ ਰੱਖਣ ਵਾਲੇ ਸਥਾਨ ਤੇ ਜਾ ਕੇ ਗੁਰਦਵਾਰਾ ਈਸ਼ਰ ਪ੍ਰਕਾਸ਼ ਦਾ ਸ਼ਿਲਾ ਨਿਆਸ ਇਨ੍ਹਾਂ ਦੇ ਕਰ ਕੰਵਲਾਂ ਰਾਹੀਂ ਕਰਵਾ ਰਹੇ ਹਨ।

**ਸੰਤ ਮਹਾਰਾਜ, ਰਤਵਾੜਾ ਵਿਖੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦਾ ਉਦਘਾਟਨ ਅਤੇ ਦਾਉਦਪੁਰ ਵਿਖੇ ਖਾਲਸਾ ਸਕੂਲ ਵਿਚ ਸੰਤ ਹੀਰਾ ਸਿੰਘ ਬਲਾਕ ਦਾ ਨੀਂਹ ਪੱਥਰ ਬੀਜੀ (ਮਾਤਾ ਰਣਜੀਤ ਕੌਰ ਜੀ) ਪਾਸੋਂ ਕਰਵਾ ਰਹੇ ਹਨ।**

ਸੰਤ ਮਹਾਰਾਜ, ਰਤਵਾੜਾ ਵਿਖੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦਾ ਉਦਘਾਟਨ ਅਤੇ ਦਾਉਦਪੁਰ ਵਿਖੇ ਖਾਲਸਾ ਸਕੂਲ ਵਿਚ ਸੰਤ ਹੀਰਾ ਸਿੰਘ ਬਲਾਕ ਦਾ ਨੀਂਹ ਪੱਥਰ ਬੀਜੀ (ਮਾਤਾ ਰਣਜੀਤ ਕੌਰ ਜੀ) ਪਾਸੋਂ ਕਰਵਾ ਰਹੇ ਹਨ।

**ਸੰਤ ਮਹਾਰਾਜ ਪੰਜ ਪਿਆਰਿਆਂ ਨਾਲ ਜਲੂਸ ਦੀ ਸ਼ਕਲ ਵਿਚ ਨੀਂਹ ਰੱਖਣ ਵਾਲੇ ਸਥਾਨ ਤੇ ਜਾ ਕੇ ਗੁਰਦਵਾਰਾ ਈਸ਼ਰ ਪ੍ਰਕਾਸ਼ ਦਾ ਸ਼ਿਲਾ ਨਿਆਸ ਇਨ੍ਹਾਂ ਦੇ ਕਰ ਕੰਵਲਾਂ ਰਾਹੀਂ ਕਰਵਾ ਰਹੇ ਹਨ।**

**ਸੰਤ ਮਹਾਰਾਜ, ਰਤਵਾੜਾ ਵਿਖੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦਾ ਉਦਘਾਟਨ ਅਤੇ ਦਾਊਦਪੁਰ ਵਿਖੇ ਖਾਲਸਾ ਸਕੂਲ ਵਿਚ ਸੰਤ ਹੀਰਾ ਸਿੰਘ ਬਲਾਕ ਦਾ ਨੀਂਹ ਪੱਥਰ ਬੀਜੀ (ਮਾਤਾ ਰਣਜੀਤ ਕੌਰ ਜੀ) ਪਾਸੋਂ ਕਰਵਾ ਰਹੇ ਹਨ।**

**ਸੰਤ ਮਹਾਰਾਜ ਜੀ ਦਾ ਭੈਣੀ ਸਾਹਿਬ ਪਹੁੰਚਣ ਤੇ ਨਾਮਧਾਰੀ ਸੰਗਤ ਵਲੋਂ ਸਵਾਗਤ**

ਸਨੀਵੇਲ ਟੈਂਪਲ ਯੂ.ਐਸ.ਏ ਵਿਖੇ ਮੰਦਰ ਦੇ ਪੁਜਾਰੀ ਜੀ ਵੱਲੋਂ ਸੰਤ ਮਹਾਰਾਜ ਜੀ ਦਾ ਆਦਰ ਸਤਿਕਾਰ

ਸੰਤ ਮਹਾਰਾਜ ਜੀ, ਡਾ. ਸਵਾਮੀ ਵੇਦ ਭਾਰਤੀ ਜੀ ਨਾਲ ਡੂੰਘੇ ਰੂਹਾਨੀ ਵਿਚਾਰ ਕਰਦੇ ਹੋਏ।

**ਉਪਰ** : ਗੁਜਰਾਤ ਭੁਚਾਲ ਪੀੜਤਾਂ ਦੀ ਰਾਹਤ ਸਮੱਗਰੀ ਦੇ ਟਰੱਕ ਤੋਰਨ ਤੋਂ ਪਹਿਲਾਂ ਸੰਗਤ ਨਾਲ ਅਰਦਾਸ ਵਿਚ ਸ਼ਾਮਲ ਸੰਤ ਮਹਾਰਾਜ ਜੀ।

**ਨੀਚੇ** : ਸੰਤ ਮਹਾਰਾਜ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਕਾਰਸੇਵਾ ਕਰਵਾਉਂਦੇ ਹੋਏ ਦਿਖਾਈ ਦੇ ਰਹੇ ਹਨ।

**ਐਕਸ਼ਨ ਭਰਪੂਰ ਜੀਵਨ ਝਲਕੀਆਂ**